
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 21
September 5, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਏਸ਼ੀਆਈ ਖੇਡਾਂ 2018 ਵਿਚ ਚੀਨ ਦੀ ਜੇਤੂ ਸਰਦਾਰੀ ਬਰਕਰਾਰ, ਭਾਰਤ ਰਿਹਾ 8ਵੇਂ ਨੰਬਰ ’ਤੇ **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 10 ‘ਤੇ)**

# ਭਾਰਤ ਤੇ ਅਮਰੀਕਾ ਦੇ ਸਬੰਧ ਨਵੀਂ ਦਿਸ਼ਾ ਪਕੜਨਗੇ

**ਨਵੀਂ ਦਿੱਲੀ (ਬਿਊਰੋ)–** ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਅਤੇ ਰੱਖਿਆ ਮੰਤਰੀ ਜੇਮਜ਼ ਮੈਟਿਜ਼ ਇੱਥੇ ਵੀਰਵਾਰ ਨੂੰ 2+2 ਵਾਰਤਾ ਦੀ ਸ਼ੁਰੂਆਤ ਦੌਰਾਨ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਦੇ ਨਾਲ ਦੁਵੱਲੀ ਗੱਲਬਾਤ ਕਰਨਗੇ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਵਫ਼ਦਾਂ ਵਿੱਚ ਵੀ ਗੱਲਬਾਤ ਹੋਵੇਗੀ ਅਤੇ ਦੁਪਹਿਰ ਦਾ ਖਾਣਾ ਵੀ ਇੱਕੱਠੇ ਖਾਣਗੇ। ਇਸ ਗੱਲਬਾਤ ਤੋਂ ਪਹਿਲਾਂ ਭਾਰਤ ਦੇ ਉੱਚ ਪੱਧਰੀ ਸਰੋਤਾਂ ਨੇ ਸਪਸ਼ਟ ਕੀਤਾ ਹੈ ਕਿ ਭਾਰਤ ਦੀ ਅਮਰੀਕਾ ਨਾਲ ਗੱਲਬਾਤ ਦਾ ਕਿਸੇ ਵੀ ਤਰ੍ਹਾਂ ਦਾ ਅਸਰ ਭਾਰਤ ਦੇ ਰੂਸ ਅਤੇ ਚੀਨ ਨਾਲ ਖੁੱਲ੍ਹੇ ਅਤੇ ਪਾਰਦਰਸ਼ੀ ਸਬੰਧਾਂ ਉੱਤੇ ਨਹੀਂ ਪਵੇਗਾ।



ਇਸ ਸਾਲ ਰਾਸ਼ਟਰਪਤੀ ਡੋਨਲਡ ਟਰੰਪ ਦੀ ਭਾਰਤ ਫੇਰੀ ਤੋਂ ਬਾਅਦ ਇਹ ਦੋਵਾਂ ਦੇਸ਼ਾਂ ਵਿਚਕਾਰ ਅਤਿ ਉੱਚ ਪੱਧਰੀ ਗੱਲਬਾਤ ਹੈ। ਦੋਵਾਂ ਦੇਸ਼ਾਂ ਦੇ ਮੰਤਰੀ ਆਪਸੀ ਗੱਲਬਾਤ ਅਤੇ ਸਾਂਝਾ ਬਿਆਨ ਜਾਰੀ ਕਰਨ ਦੇ ਨਾਲ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮਿਲਣਗੇ। ਵਫ਼ਦ ਪੱਧਰ ਦੀ ਗੱਲਬਾਤ ਵਿੱਚ ਦੋਵਾਂ ਧਿਰਾਂ ਦੇ ਚਾਰ ਚਾਰ ਮੰਤਰੀ ਹੋਰ ਸ਼ਾਮਲ ਹੋਣਗੇ ਅਤੇ ਇਸ ਤਰ੍ਹਾਂ ਵਫ਼ਦਾਂ ਵਿੱਚ ਛੇ ਛੇ ਆਗੂ ਸ਼ਾਮਲ ਹੋਣਗੇ। ਅਮਰੀਕਾ ਦੀ ਤਰਫੋਂ ਗੱਲਬਾਤ ਵਿੱਚ ਅਮਰੀਕਾ ਦੇ ਜੁਆਇੰਟ ਚੀਫਜ਼ ਆਫ ਸਟਾਫ ਜੋਜ਼ੇਫ ਡਨਫੋਰਡ ਵੀ ਸ਼ਾਮਲ ਹੋਣਗੇ। ਉਹ ਭਾਰਤ ਪੁੱਜਣ ਤੋਂ ਪਹਿਲਾਂ ਬੁੱਧਵਾਰ ਨੂੰ ਪਾਕਿਸਤਾਨ ਹੋ ਕੇ ਆਉਣਗੇ।

**(ਬਾਕੀ ਸਫਾ 10 ‘ਤੇ)**



ਗਾਖਲ ਪਰਿਵਾਰ ਕਰੇਗਾ ਪਿਤਾ ਨਸੀਬ ਸਿੰਘ ਗਾਖਲ ਦੀ ਯਾਦ ’ਚ ਬੈਸਟ ਜਾਫੀ ਤੇ ਬੈਸਟ ਧਾਵੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 ‘ਤੇ)**

# ਬੇਅਦਬੀ ਰੋਕਣ ਲਈ ਸੋਧੇ ਕਾਨੂੰਨ ਖ਼ਿਲਾਫ਼ ਉੱਠਣ ਲੱਗੀਆਂ ਸੁਰਾਂ

**ਚੰਡੀਗੜ੍ਹ (ਬਿਊਰੋ)–** ਪੰਜਾਬ ਸਰਕਾਰ ਵੱਲੋਂ ਧਾਰਮਿਕ ਬੇਅਦਬੀ ਦੀਆਂ ਵਧਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਪਿਛਲੇ ਹਫ਼ਤੇ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਸੋਧ ਕੀਤੇ ਕਾਨੂੰਨ ਖ਼ਿਲਾਫ਼ ਸੁਰਾਂ ਉੱਠਣ ਲੱਗੀਆਂ ਹਨ। 25 ਸਾਬਕਾ ਅਫ਼ਸਰਸ਼ਾਹਾਂ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਸੋਧੇ ਹੋਏ ਕਾਨੂੰਨ ਦੀ ਰਾਜ ਦੇ ਘੱਟਗਿਣਤੀਆਂ ਖ਼ਿਲਾਫ਼ ਸੰਭਾਵੀ ਦੁਰਵਰਤੋਂ ਹੋਣ ਦੀ ਦਿੱਤੀ ’ਚਿਤਾਵਨੀ’ ਤੋਂ ਇਕ ਦਿਨ ਮਗਰੋਂ ਪੰਜਾਬ ਨਾਲ ਸਬੰਧਤ ਜੱਜਾਂ, ਸਿਆਸਤਦਾਨਾਂ ਤੇ ਵਕੀਲਾਂ ਨੇ ਇਕ ਖੁੱਲ੍ਹੀ ਚਿੱਠੀ ਰਾਹੀਂ ਸੋਧੇ ਹੋਏ ਕਾਨੂੰਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸੋਧਿਆ ਕਾਨੂੰਨ ਮੁੱਖ ਧਾਰਾ ਵਾਲੇ ਧਰਮਾਂ ਨੂੰ ਵਧੇਰੇ ਤਾਕਤਵਾਰ ਬਣਾਉਣ ਵੱਲ ਕੇਂਦਰਤ ਹੈ ਤੇ ਬਹੁਗਿਣਤੀਆਂ ਦਾ ਪੱਖ ਪੂਰੇਗਾ।



ਉੱਘੇ ਕਾਨੂੰਨਦਾਨ ਜਸਟਿਸ (ਸੇਵਾ ਮੁਕਤ) ਏ.ਐਸ.ਬੈਂਸ ਨੇ ਕਿਹਾ ਕਿ ਇਹ ਲੋਕਾਂ ਦੇ ਮੁੱਢਲੇ ਮਨੁੱਖੀ ਹੱਕਾਂ ਦੇ ਖ਼ਿਲਾਫ਼ ਹੈ। ਕੀ ਸਰਕਾਰਾਂ ਨੂੰ ਹੁਣ ’ਧਰਮ ਦੇ ਠੇਕੇਦਾਰ’ ਬਣਦਿਆਂ ਧਾਰਮਿਕ ਘੱਟਗਿਣਤੀਆਂ ਦੇ ਹੱਕ ਖੋਹ ਲੈਣੇ ਚਾਹੀਦੇ ਹਨ? ਭਾਰਤ ਦਾ ਸੰਵਿਧਾਨ ਇਸ ਗੱਲ ਦੀ ਜ਼ਾਮਨੀ ਭਰਦਾ ਹੈ ਕਿ ਕਿਸੇ ਨੂੰ ਵੀ ਉਹਦੀ ਜ਼ਿੰਦਗੀ ਤੇ ਆਜ਼ਾਦੀ ਤੋਂ ਵਿਰਵੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ, “ਅਜਿਹੇ ਪ੍ਰਬੰਧ, ਜਿਸ ਵਿੱਚ ਪੁਲਿਸ ਸਿਆਸਤਦਾਨਾਂ ਦੇ ਦਬਾਅ

**(ਬਾਕੀ ਸਫਾ 4 ‘ਤੇ)**


SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
Joe Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
Don't wait until it's too late. Come give your car a break at Brake Time
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਇਮਰਾਨ ਦੀ ਪਾਰਟੀ ਦੇ ਸੰਸਥਾਪਕ ਮੈਂਬਰ ਇਕ ਆਰਿਫ਼ ਅਲੀ ਪਾਕਿਸਤਾਨ ਦੇ ਨਵੇਂ ਰਾਸ਼ਟਰਪਤੀ ਬਣੇ

**ਇਸਲਾਮਾਬਾਦ–** ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇਕ ਡਾ. ਆਰਿਫ਼ ਅਲਵੀ ਨੂੰ ਅੱਜ ਪਾਕਿਸਤਾਨ ਦਾ ਨਵਾਂ ਰਾਸ਼ਟਰਪਤੀ ਚੁਣਿਆ ਗਿਆ ਹੈ। ਇਹ ਜਾਣਕਾਰੀ ਮੀਡੀਆ ਰਿਪੋਰਟਾਂ ਤੋਂ ਮਿਲੀ। ਅਲਵੀ ਨੇ ਤਿਕੋਣੀ ਟੱਕਰ ਵਿੱਚ ਪਾਕਿਸਤਾਨ ਪੀਪਲਜ਼ ਪਾਰਟੀ ਦੇ ਉਮੀਦਵਾਰ ਐਤਜ਼ਾਜ਼ ਅਹਿਸਾਨ ਅਤੇ ਪਾਕਿਸਤਾਨ ਮੁਸਲਿਮ ਲੀਗ-ਐਨ ਦੇ ਉਮੀਦਵਾਰ ਮੌਲਾਣਾ ਫ਼ਜ਼ਲ ਉਰ ਰਹਿਮਾਨ ਨੂੰ ਪਛਾੜ ਕੇ ਦੇਸ਼ ਦੇ 13ਵੇਂ ਰਾਸ਼ਟਰਪਤੀ ਦੇ ਅਹੁਦੇ ’ਤੇ ਕਬਜ਼ਾ ਕੀਤਾ। ਕੌਮੀ ਅਸੈਂਬਲੀ ਅਤੇ ਸੈਨੇਟ ਵਿੱਚ ਪੋਲ ਹੋਈਆਂ 430 ਵੋਟਾਂ ਵਿੱਚੋਂ ਅਲਵੀ ਨੂੰ 212 ਵੋਟਾਂ, ਰਹਿਮਾਨ ਨੂੰ 131 ਅਤੇ ਅਹਿਸਾਨ ਨੂੰ 81 ਵੋਟਾਂ ਮਿਲੀਆਂ। ਇਨ੍ਹਾਂ ’ਚੋਂ ਛੇ ਵੋਟਾਂ ਰੱਦ ਹੋਈਆਂ। ਡਾਨ ਨਿਊਜ਼ ਨੇ ਇਹ ਜਾਣਕਾਰੀ ਦਿੱਤੀ। ਅਲਵੀ ਨੂੰ ਬਲੋਚਿਸਤਾਨ ਦੇ ਨਵੇਂ ਬਣੇ ਕਾਨੂੰਨਸਾਜ਼ਾਂ ਤੋਂ 60 ’ਚੋਂ 45 ਵੋਟਾਂ ਮਿਲੀਆਂ। ਪੀਪੀਪੀ ਦੇ ਦਬਦਬੇ ਵਾਲੀ ਸਿੰਧ ਅਸੈਂਬਲੀ ’ਚੋਂ ਅਹਿਸਾਨ ਨੂੰ 100 ਵੋਟਾਂ ਅਤੇ ਅਲਵੀ



ਨੂੰ 56 ਵੋਟਾਂ ਮਿਲੀਆਂ ਜਦੋਂ ਕਿ ਰਹਿਮਾਨ ਨੂੰ ਸਿਰਫ਼ ਇਕ ਵੋਟ ਹੀ ਮਿਲੀ। ਇਸੇ ਤਰ੍ਹਾਂ ਖ਼ੈਬਰ ਪਖ਼ਤੂਨਖ਼ਵਾ ਅਸੈਂਬਲੀ ਤੋਂ ਅਲਵੀ ਨੂੰ ਕੁੱਲ 109 ਵੋਟਾਂ ’ਚੋਂ 78 ਵੋਟਾਂ ਪ੍ਰਾਪਤ ਹੋਈਆਂ ਜਦੋਂ ਕਿ ਰਹਿਮਾਨ ਅਤੇ ਅਹਿਸਾਨ ਕ੍ਰਮਵਾਰ 26 ਅਤੇ ਪੰਜ ਵੋਟਾਂ ਲੈਣ ਵਿੱਚ ਕਾਮਯਾਬ ਰਹੇ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਮਮਨੂਨ ਹੁਸੈਨ ਦਾ ਕਾਰਜਕਾਲ 8 ਸਤੰਬਰ ਨੂੰ ਸਮਾਪਤ ਹੋਇਆ ਸੀ। ਇਥੇ ਦੱਸਣਯੋਗ ਹੈ ਕਿ ਪੇਸ਼ੇ ਵਜੋਂ ਦੰਦਾਂ ਦੇ ਡਾਕਟਰ 69 ਸਾਲਾ ਅਲਵੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਸੰਸਥਾਪਕ ਮੈਂਬਰਾਂ ’ਚੋਂ ਇਕ ਹਨ। ਉਹ 2006 ਤੋਂ 2013 ਤਕ ਪਾਰਟੀ ਦੇ ਜਨਰਲ ਸਕੱਤਰ ਦੇ ਅਹੁਦੇ ’ਤੇ ਰਹੇ। ਉਨ੍ਹਾਂ ਕੌਮੀ ਅਸੈਂਬਲੀ ਦੀਆਂ 25 ਜੁਲਾਈ ਨੂੰ ਹੋਈਆਂ ਚੋਣਾਂ ਵਿੱਚ ਕਰਾਚੀ ਤੋਂ ਜਿੱਤ ਪ੍ਰਾਪਤ ਕੀਤੀ ਸੀ। ਉਨ੍ਹਾਂ ਨੂੰ 2013 ਦੀਆਂ ਆਮ ਚੋਣਾਂ ਵਿਚ ਕੌਮੀ ਅਸੈਂਬਲੀ ਦਾ ਮੈਂਬਰ ਵੀ ਚੁਣਿਆ ਗਿਆ ਸੀ।

# ਇੰਡੀਆ ਕਬਾਬ ਪੈਲਸ ਫਰਿਜ਼ਨੋ ਵੱਲੋਂ ਕਰਵਾਇਆ ਬੱਬੂ ਮਾਨ ਦਾ ਸ਼ੋਅ ਅਮਿੱਟ ਪੈੜਾ ਛੱਡ ਗਿਆ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਸਥਾਨਿਕ ਇੰਡੀਆ ਕਬਾਬ ਰੈਸਟੋਰੈਂਟ ਦੇ ਪ੍ਰਬੰਧਕ ਵੀਰਾਂ ਵੱਲੋਂ ਲੰਘੇ ਐਤਵਾਰ ਫਰਿਜ਼ਨੋ ਦੇ ਟਾਵਰ ਥੇਇਟਰ ਵਿੱਚ ਬੱਬੂ ਮਾਨ ਲਾਈਵ ਸ਼ੋਅ “ਵਣਜਾਰਾ” ਕਰਵਾਇਆਂ ਗਿਆ। ਖਚਾਖਚ ਭਰੇ ਹੋਏ ਹਾਲ ਵਿੱਚ ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾਂ ਅੰਦਾਜ਼ ਵਿੱਚ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਪਿੱਛੋਂ ਰਵਿੰਦਰ ਬਿੱਲੇ ਨੇ ਧਾਰਮਿਕ ਗੀਤ ਨਾਲ ਹਾਜ਼ਰੀ ਭਰੀ। ਉਪਰੰਤ ਹਰਦਿੱਲ ਅਜ਼ੀਜ਼ ਕਲਾਕਾਰ ਬੱਬੂ ਮਾਨ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਝੜੀ ਲਾਈ ਕਿ ਦਰਸ਼ਕਾਂ ਦੇ ਪੱਬ ਢੋਲ ਦੇ ਡੱਗੇ ਤੇ ਥਿਰਕਣੋਂ ਰਹਿ ਨਾਂ ਸਕੇ ਤੇ ਨੱਚ ਨੱਚ ਅੰਬਰੀ ਧੂੜ੍ਹ ਚੜ੍ਹਾ ਦਿੱਤੀ।




ਛੋਟੇ ਬੱਚੇ ਨੇ ਉੱਚਾ ਦਰ ਬਾਬੇ ਨਾਨਕ ਦਾ ਗਾਕੇ ਜਾਣੀ ਮੇਲਾ ਹੀ ਲੁੱਟ ਲਿਆ। ਸੋਲਡ ਆਉਟ ਸ਼ੋਅ ਹੋਣ ਕਰਕੇ ਪ੍ਰਮੋਟਰ ਵੀ ਖ਼ੁਸ਼ੀ ਵਿੱਚ ਖੀਵੇ ਨਜ਼ਰ ਆਏ। ਇਸ ਸ਼ੋਅ ਦੇ ਕੈਲੇਫੋਰਨੀਆਂ ਪ੍ਰਮੋਟਰ ਐਰਨ ਇੰਟਰਟੇਂਨਮੈਂਟ ਦੇ ਮਿੱਕੀ ਸਰਾਂ ਨੇ ਸਮੂਹ ਦਰਸ਼ਕਾਂ ਦਾ ਇਹਨਾਂ ਸ਼ੋਆਂ ਨੂੰ ਕਾਮਯਾਬ ਕਰਨ ਲਈ ਸ਼ੁਕਰੀਆ ਅਦਾ ਕੀਤਾ ਤੇ ਹੁਣ ਤੱਕ ਦੇ ਕੈਲੇਫੋਰਨੀਆਂ ’ਚ ਹੋਏ ਸ਼ੋਆਂ ਤੇ ਤਸੱਲੀ ਪ੍ਰਗਟਾਈ। ਤਕਰੀਬਨ ਤਿੰਨ ਘੰਟੇ ਚੱਲੇ ਸ਼ੋਅ ਦੌਰਾਨ ਦਰਸ਼ਕਾਂ ਨੇ ਬੱਬੂ ਦੀ ਗਾਇਕੀ ਦਾ ਖ਼ੂਬ ਅਨੰਦ ਮਾਣਿਆਂ, ਅਖੀਰ ਅਮਿੱਟ ਪੈੜਾਂ ਛੱਡਦਾ ਇਹ ਸ਼ੋਅ ਯਾਦਗਾਰੀ ਹੋ ਨਿਬੜਿਆ। ਇੰਡੀਆ ਕਬਾਬ ਪੈਲਸ ਰੈਸਟੋਰੈਂਟ ਦੀ ਪੂਰੀ ਟੀਮ ਇਸ ਸ਼ੋਅ ਲਈ ਵਧਾਈ ਦੀ ਪਾਤਰ ਹੈ।

# ਖਹਿਰਾ ਨੂੰ ਕੱਢਣ ਸਬੰਧੀ ਫ਼ੈਸਲਾ ਅਨੁਸ਼ਾਸਨ ਕਮੇਟੀ ਕਰੇਗੀ: ਭਗਵੰਤ ਮਾਨ

**ਜਗਰਾਉਂ–** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸੰਸਦ ਮੈਂਬਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਸੁਖਪਾਲ ਸਿੰਘ ਖਹਿਰਾ ਦੀਆਂ ਬਾਗ਼ੀ ਸੁਰਾਂ ਤੇ ਗਤੀਵਿਧੀਆਂ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢਣ ਸਬੰਧੀ ਫ਼ੈਸਲਾ ਪਾਰਟੀ ਦੀ ਅਨੁਸ਼ਾਸਨ ਕਮੇਟੀ ਲਵੇਗੀ।

ਇੱਥੇ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਦੇ ਘਰ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਕਿਸੇ ਵੀ ਪਾਰਟੀ ਦੇ ਚੰਗੇ ਭਵਿੱਖ ਲਈ ਪਾਰਟੀ ਅੰਦਰ ਅਨੁਸ਼ਾਸਨ ਜ਼ਰੂਰੀ ਹੁੰਦਾ ਹੈ ਅਤੇ ਕੋਈ ਵੀ ਪਾਰਟੀ ਅਨੁਸ਼ਾਸਨ ਭੰਗ ਕੀਤੇ ਜਾਣ ਨੂੰ ਬਰਦਾਸ਼ਤ ਨਹੀਂ ਕਰਦੀ ਹੈ। ਉਨ੍ਹਾਂ ਖ਼ੁਲਾਸਾ ਕੀਤਾ ਕਿ ਖਹਿਰਾ ਸਮੇਤ ਬਾਗ਼ੀ ਧੜੇ ਨਾਲ ਸਬੰਧੀ ਵਿਧਾਇਕਾਂ ਨਾਲ ਗੱਲਬਾਤ ਜਾਰੀ ਹੈ, ਜਿਸ ਦੇ ਹਾਂ-ਪੱਖੀ ਨਤੀਜੇ ਲਈ ਉਹ ਤੇ ਪਾਰਟੀ ਆਸਵੰਦ ਹਨ। ਹਲਕਾ ਦਾਖਾ ਤੋਂ ਵਿਧਾਇਕ ਤੇ ਵਕੀਲ ਐੱਸ.ਐੱਚ. ਫੂਲਕਾ ਵੱਲੋਂ ਅਸਤੀਫ਼ਾ ਦੇਣ ਸਬੰਧੀ ਕੀਤੇ ਐਲਾਨ ਬਾਰੇ ਸੰਸਦ ਮੈਂਬਰ ਨੇ ਕਿਹਾ ਕਿ ਇਹ ਉਨ੍ਹਾਂ (ਫੂਲਕਾ) ਦਾ ਨਿੱਜੀ ਤੇ ਭਾਵਨਾਤਮਕ ਫ਼ੈਸਲਾ ਹੈ। ਉਨ੍ਹਾਂ ਕਿਹਾ ਕਿ ’ਆਪ’ ਨਾਲ ਸਬੰਧਤ ਸਾਰੇ ਵਿਧਾਇਕ ਜਲਦੀ ਹੀ ਸ੍ਰੀ ਫੂਲਕਾ ਨੂੰ ਮਿਲ ਕੇ ਇਹ ਫ਼ੈਸਲਾ ਬਦਲਣ ਲਈ ਗੱਲ ਕਰਨਗੇ। ਸਰਕਾਰ ’ਤੇ ਦਬਾਅ ਬਣਾਉਣ ਅਤੇ ਆਪਣੀ ਮੰਗ ਮੰਨਵਾਉਣ ਦੇ ਹੋਰ ਵੀ ਕਈ ਤਰੀਕੇ ਹੁੰਦੇ ਹਨ। ਸਮੁੱਚੀ ਪਾਰਟੀ ਸ੍ਰੀ ਫੂਲਕਾ ਦੇ ਨਾਲ ਖੜ੍ਹੀ ਹੈ। ਸ੍ਰੀ ਮਾਨ ਨੇ ਮੁੱਖ ਮੰਤਰੀ ਕੈਪਟਨ



ਅਮਰਿੰਦਰ ਸਿੰਘ ਤੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ’ਤੇ ਕਾਂਗਰਸੀ ਮੰਤਰੀਆਂ ਦੀ ਵਿਧਾਨ ਸਭਾ ਵਿੱਚ ਰਿਪੋਰਟ ’ਤੇ ਬਹਿਸ ਸਮੇਂ ਕੀਤੀ ਮੰਗ ਅਨੁਸਾਰ ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਆਖਿਆ ਕਿ ਇਸ ਨਾਲ ਇੱਕ ਤਾਂ ਕੈਪਟਨ ਤੋਂ ਬਾਦਲਾਂ ਨਾਲ ਮਿਲੇ ਹੋਣ ਦਾ ਦਾਗ਼ ਧੋਤਾ ਜਾਵੇਗਾ ਤੇ ਦੂਜਾ ਪੰਜਾਬੀ ਉਨ੍ਹਾਂ ਨੂੰ ਹੋਰ ਪਿਆਰ ਦੇਣਗੇ। ਇਹ ਕਾਰਵਾਈ ਕਰਦੇ ਸਮੇਂ ਨਾ ਤਾਂ ਅਕ-ਾਲੀਆਂ ਨਾਲ ਕੋਈ ਲਿਹਾਜ਼ ਹੋਵੇ ਤੇ ਨਾ ਹੀ ਪੁਲੀਸ ਅਧਿਕਾਰੀਆਂ ਨਾਲ ਕਿਉਂਕਿ ਪੁਲਿਸ ਕਦੇ ਵੀ ਅਣਪਛਾਤੀ ਨਹੀਂ ਹੁੰਦੀ। ਆਗਾਮੀ ਲੋਕ ਸਭਾ ਚੋਣਾਂ ਮੌਕੇ ਕਾਂਗਰਸ ਨਾਲ ਸਮਝੌਤੇ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਅਜਿਹਾ ਸੰਭਵ ਨਹੀਂ।

ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ ਉਨ੍ਹਾਂ ਨੇ ’ਆਪ’ ਵੱਲੋਂ ਆਪਣੇ ਚੋਣ ਨਿਸ਼ਾਨ ’ਤੇ ਲੜਨ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ’ਆਪ’ ਇਨ੍ਹਾਂ ਚੋਣਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਕਰੇਗੀ ਕਿਉਂਕਿ ਬੇਅਦਬੀ ਦੀਆਂ ਘਟਨਾਵਾਂ ਕਰਕੇ ਅਕਾਲੀਆਂ ਦਾ ਪਿੰਡਾਂ ਵਿੱਚ ਵੜਨਾ ਵੀ ਔਖਾ ਹੋ ਗਿਆ ਹੈ ਅਤੇ ਕਾਰਵਾਈ ਨਾ ਕਰਨ ਕਰਕੇ ਕਾਂਗਰਸੀਆਂ ਨੂੰ ਵੀ ਲੋਕ ਘੇਰ ਕੇ ਸਵਾਲ ਕਰਨਗੇ। ਪੰਚਾਇਤ ਚੋਣਾਂ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਚੰਗੇ ਅਕਸ ਵਾਲੇ ਈਮਾਨਦਾਰ ਤੇ ਨਸ਼ਾ ਨਾ ਵੰਡਣ ਵਾਲੇ ਉਮੀਦਵਾਰ ਜਿਤਾਉਣ ਦੀ ਅਪੀਲ ਕੀਤੀ।



# 'ਹਰ ਭਾਰਤੀ ਦੂਤਾਵਾਸ ਵਿੱਚ ਮਨਾਇਆ ਜਾਵੇਗਾ ਪ੍ਰਕਾਸ਼ ਪੁਰਬ'

**ਨਵੀਂ ਦਿੱਲੀ–** ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਇੱਥੋਂ ਦੇ ਪਰਵਾਸੀ ਭਾਰਤੀ ਕੇਂਦਰ ਵਿੱਚ ਵਿਸ਼ੇਸ਼ ਕੀਰਤਨ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਵਿਸ਼ਵ ਪੰਜਾਬੀ ਸੰਸਥਾ ਦੇ ਕੌਮਾਂਤਰੀ ਆਗੂ ਪਦਮਸ੍ਰੀ ਵਿਕਰਮਜੀਤ ਸਿੰਘ ਸਾਹਨੀ ਤੇ ਹੋਰ ਸ਼ਖ਼ਸੀਅਤਾਂ ਵੱਲੋਂ ਵਿਦੇਸ਼ ਮੰਤਰੀ ਦਾ ਗੁਰੂ ਨਾਨਕ ਦੇਵ ਦੀ ਤਸਵੀਰ ਤੇ ਸ੍ਰੀ ਸਾਹਿਬ ਭੇਟ ਕਰਕੇ ਸਨਮਾਨ ਕੀਤਾ ਗਿਆ।



ਇਸ ਦੌਰਾਨ ਸੰਬੋਧਨ ਕਰਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਪਹਿਲੀ ਪਾਤਸ਼ਾਹੀ ਦਾ ਇਹ ਦਿਵਸ ਕੌਮਾਂਤਰੀ ਪੱਧਰ 'ਤੇ ਹਰੇਕ ਭਾਰਤੀ ਦੂਤਾਵਾਸ ਵਿੱਚ ਮਨਾਇਆ ਜਾਵੇਗਾ ਅਤੇ ਸਿੱਖ ਧਰਮ ਦੇ ਸਾਂਝੀਵਾਲਤਾ, ਔਰਤ ਨੂੰ ਬਰਾਬਰੀ ਦਾ ਹੱਕ, ਰੱਬ ਇੱਕ ਹੈ, ਸ਼ਾਂਤੀ ਤੇ ਭਾਈਚਾਰੇ ਦਾ ਸੁਨੇਹਾ ਦੇਣ ਵਰਗੇ ਸਿਧਾਂਤਾਂ ਨੂੰ ਵਿਸ਼ਵ ਪੱਧਰ 'ਤੇ ਪਸਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਗੋਸ਼ਟੀਆਂ, ਸੈਮੀਨਾਰ ਤੇ ਹੋਰ ਪ੍ਰੋਗਰਾਮ ਵਿਦੇਸ਼ ਮੰਤਰਾਲੇ ਅਤੇ ਆਈ ਸੀ ਸੀ ਆਰ ਵੱਲੋਂ ਕੀਤੇ ਜਾਣਗੇ।

# ਕਾਂਗਰਸੀ ਆਗੂ ਲਾਲ ਸਿੰਘ ਦਾ ਫਰਿਜ਼ਨੋ ਵਿਖੇ ਸੁਆਗਤ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਕਾਂਗਰਸ ਪਾਰਟੀ ਦੇ ਆਗੂ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਆਪਣੀ ਨਿੱਜੀ ਫੇਰੀ ਦੌਰਾਨ ਫਰਿਜ਼ਨੋ ਵਿੱਖੇ ਜਸਦੀਪ ਸਿੰਘ ਵੜੈਚ ਦੇ ਗ੍ਰਹਿ ਵਿਖੇ ਪਹੁੰਚੇ ਜਿੱਥੇ ਉਹਨਾਂ



ਦੇ ਸੁਆਗਤ ਲਈ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਸੁਆਗਤ ਕਰਨ ਵਾਲੇ ਸੱਜਣਾਂ ਵਿੱਚ ਸੁਖਬੀਰ ਸਿੰਘ ਵੜੈਚ, ਸਰਪੰਚ ਭਰਪੂਰ ਸਿੰਘ, ਰਾਜਵੀਰ ਰੰਧਾਵਾ, ਮਨਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਸੰਧੂ (ਸੈਕ-ਟਰੀ ਸਿਲਮਾ ਗੁਰੂ-ਘਰ), ਚਰਨ ਸਿੰਘ ਗਿੱਲ, ਕੰਵਰਵੀਰ ਸਿੰਘ ਔਲਖ, ਪਾਲ ਮਾਹਲ, ਪਾਲ ਸਹੋਤਾ, ਗੁਰਦੀਪ ਨਿੱਝਕ, ਪ੍ਰੈਂਸੀਪਲ ਪ੍ਰੀਤਮ ਸਿੰਘ ਨਾਹਲ ਆਦਿ ਮਜੂਦ ਸਿੰਘ। ਇੱਥੇ ਜਿਕਰਯੋਗ ਹੈ ਕਿ ਲਾਲ ਸਿੰਘ ਹਲਕਾ ਸਨੌਰ ਤੋਂ ਛੇ ਵਾਰ ਵਧਾਇਕ ਚੁਣੇ ਗਏ ਹਨ ਅਤੇ ਚਾਰ ਵਾਰ ਪੰਜਾਬ ਸਰਕਾਰ ਵਿੱਚ ਮੰਤਰੀ ਵੀ ਰਹਿ ਚੁੱਕੇ ਨੇ ਅਤੇ ਉਹ ਪੰਜਾਬ ਦੀ ਸਿਆਸਤ ਵਿੱਚ ਪਿਛਲੇ ਪੰਜਾਹ ਸਾਲ ਤੋਂ ਸਰਗਰਮ ਨੇ।

# 60 ਕਰੋੜ ਭਾਰਤੀਆਂ ਵਿੱਚ ਪੋਸ਼ਕ ਤੱਤਾਂ ਦੀ ਕਮੀ

**ਨਿਊਯਾਰਕ–** ਇਕ ਅਧਿਐਨ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਇਨਸਾਨੀ ਗਤੀਵਿਧੀਆਂ ਕਾਰਨ ਕਾਰਬਨ ਡਾਇਆਕਸਾਈਡ (ਸੀਓ2) ਦੇ ਪੱਧਰ ਵਧਣ ਕਰਕੇ ਕਣਕ ਤੇ ਚੌਲਾਂ ਜਿਹੇ ਅਨਾਜ ਦੀਆਂ ਫ਼ਸਲਾਂ ਵਿੱਚ ਪੋਸ਼ਕ ਤੱਤਾਂ ਦੀ ਕਮੀ ਆ ਗਈ ਹੈ ਜਿਸ ਕਾਰਨ ਭਾਰਤ ਵਿੱਚ ਕਰੀਬ 60 ਕਰੋੜ ਲੋਕ ਜ਼ਿੰਕ ਤੇ ਪ੍ਰੋਟੀਨ ਦੀ ਕਮੀ ਦਾ ਸ਼ਿਕਾਰ ਬਣ ਸਕਦੇ ਹਨ। ਹਾਵਰਡ ਯੂਨੀਵਰਸਿਟੀ ਦੇ ਖੋਜੀਆਂ ਦੀ ਅਗਵਾਈ ਹੇਠ ਹੋਏ ਇਸ ਅਧਿਐਨ ਵਿੱਚ ਪੇਸ਼ੀਨਗੋਈ ਕੀਤੀ ਗਈ ਹੈ ਕਿ ਸੀਓ2 ਖਤਰਨਾਕ ਪੱਧਰ 'ਤੇ ਪਹੁੰਚ ਜਾਣ ਕਾਰਨ ਅੰਦਾਜ਼ਨ 5 ਕਰੋੜ ਭਾਰਤੀ ਜ਼ਿੰਕ ਦੀ ਕਮੀ, 3.8 ਕਰੋੜ ਪ੍ਰੋਟੀਨ ਅਤੇ 50.2 ਕਰੋੜ ਔਰਤਾਂ ਤੇ ਬੱਚੇ ਆਇਰਨ ਦੀ ਕਮੀ ਕਾਰਨ ਵੱਖ ਵੱਖ ਰੋਗਾਂ ਦਾ ਸ਼ਿਕਾਰ ਬਣ ਸਕਦੇ ਹਨ।

ਆਲਮੀ ਤੌਰ 'ਤੇ 2050 ਤੱਕ ਜਦੋਂ ਵਾਤਾਵਰਨ ਵਿੱਚ ਸੀਓ2 ਦਾ ਪੱਧਰ ਕਰੀਬ 550 ਪੀਪੀਐਮ 'ਤੇ ਪਹੁੰਚੇਗਾ ਤਾਂ 17.5 ਕਰੋੜ ਲੋਕ ਜ਼ਿੰਕ ਅਤੇ 12.2 ਕਰੋੜ ਲੋਕ ਪ੍ਰੋਟੀਨ ਦੀ ਕਮੀ ਦਾ ਸ਼ਿਕਾਰ ਬਣਨਗੇ। 'ਨੇਚਰ ਕਲਾਈਮੇਟ ਚੇਂਜ' ਪੱਤ੍ਰਿਕਾ ਵਿੱਚ ਛਪੇ ਇਸ ਅਧਿਐਨ ਵਿੱਚ ਦਰਸਾਇਆ ਗਿਆ ਹੈ ਕਿ ਇਕ ਇਕ ਅਰਬ ਔਰਤਾਂ ਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਦੀ ਖਾਧ ਖ਼ੁਰਾਕ ਵਿੱਚ ਆਇਰਨ ਦੀ ਮਾਤਰਾ ਚਾਰ ਫ਼ੀਸਦੀ ਤੱਕ ਘੱਟ ਜਾਵੇਗੀ ਜਿਸ ਨਾਲ ਉਨ੍ਹਾਂ ਅੰਦਰ ਖ਼ੂਨ ਦੀ ਕਮੀ ਤੇ ਹੋਰ ਰੋਗਾਂ ਦਾ ਖ਼ਤਰਾ ਵਧ ਜਾਵੇਗਾ।


ਖੋਜ ਦਲ ਦੇ ਮੋਹਰੀ ਅਤੇ ਹਾਵਰਡ ਟੀਐਚ ਚੈਨ ਸਕੂਲ ਆਫ ਪਬਲਿਕ ਹੈਲਥ ਦੇ ਖੋਜੀ ਸਾਇੰਸਦਾਨ ਸੈਮ ਮਾਇਰਜ਼ ਨੇ ਕਿਹਾ '' ਸਾਡੀ ਖੋਜ ਤੋਂ ਸਪਸ਼ਟ ਹੁੰਦਾ ਹੈ ਕਿ ਸਾਡੇ ਨਿੱਤ ਦੇ ਫ਼ੈਸਲਿਆਂ- ਮਸਲਨ ਅਸੀਂ ਘਰਾਂ ਵਿੱਚ ਖਾਣਾ ਕਿਵੇਂ ਖਾਂਦੇ ਹਾਂ, ਕਿੰਨਾ ਖਾਂਦੇ ਹਾਂ, ਸਾਡਾ ਤੋਰਾ ਫੇਰਾ ਕਿਹੋ ਜਿਹਾ ਹੈ, ਅਸੀਂ ਕਿਹੋ ਜਿਹੀਆਂ ਵਸਤਾਂ ਖਰੀਦਦੇ ਹਾਂ— ਆਦਿ ਸਾਡੀ ਆਪਣੀ ਖਾਧ ਖ਼ੁਰਾਕ ਦੇ ਪੋਸ਼ਕ ਤੱਤਾਂ 'ਤੇ ਹੀ ਨਹੀਂ ਸਗੋਂ ਆਬਾਦੀ ਦੇ ਬਹੁਤ ਵੱਡੇ ਹਿੱਸੇ ਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸਿਹਤ 'ਤੇ ਅਸਰ ਪਾਉਂਦੇ ਹਨ। ਇਸ ਵੇਲੇ ਦੁਨੀਆ ਭਰ ਵਿੱਚ ਦੋ ਅਰਬ ਤੋਂ ਵੱਧ ਲੋਕੀਂ ਇਕ ਜਾਂ ਇਕ ਤੋਂ ਵੱਧ ਪੋਸ਼ਕ ਤੱਤਾਂ ਦੀ ਕਮੀ ਦਾ ਸ਼ਿਕਾਰ ਹਨ। ਆਮ ਤੌਰ 'ਤੇ ਇਨਸਾਨ ਆਪਣੇ ਮੁੱਖ ਪੋਸ਼ਕ ਤੱਤਾਂ ਦਾ ਵੱਡਾ ਹਿੱਸਾ ਪੌਦਿਆਂ ਤੋਂ ਲੈਂਦੇ ਹਨ— ਖ਼ੁਰਾਕੀ ਪ੍ਰੋਟੀਨ ਦਾ 63 ਫ਼ੀਸਦ ਹਿੱਸਾ ਸ਼ਾਕਾਹਾਰੀ ਸਰੋਤਾਂ ਤੋਂ ਆਉਂਦਾ ਹੈ ਤੇ 81 ਫੀਸਦ ਆਇਰਨ ਤੇ 68 ਫ਼ੀਸਦ ਜ਼ਿੰਕ ਵੀ ਇਨ੍ਹਾਂ ਹੀ ਸਰੋਤਾਂ ਤੋਂ ਮਿਲਦਾ ਹੈ। ਇਸ ਖੋਜ ਟੀਮ ਨੇ 151 ਦੇਸ਼ਾਂ ਵਿੱਚ 225 ਤੋਂ ਵੱਧ ਖਾਧ ਖ਼ੁਰਾਕਾਂ ਦਾ ਵਿਸ਼ਲੇਸ਼ਣ ਕੀਤਾ ਹੈ।

# ਮਰਦਮਸ਼ੁਮਾਰੀ 2021: ਪਹਿਲੀ ਵਾਰ ਪੱਛੜੀਆਂ ਸ਼੍ਰੇਣੀਆਂ ਬਾਰੇ ਅੰਕੜੇ ਇਕੱਠੇ ਕੀਤੇ ਜਾਣਗੇ

**ਨਵੀਂ ਦਿੱਲੀ–** ਮਰਦਮਸ਼ੁਮਾਰੀ 2021 ਵਿੱਚ ਪਹਿਲੀ ਵਾਰ ਆਜ਼ਾਦ ਭਾਰਤ ਵਿੱਚ ਹੋਰ ਪੱਛੜੀਆਂ ਸ਼੍ਰੇਣੀਆਂ (ਓਬੀਸੀ) ਬਾਰੇ ਅੰਕੜੇ ਜੁਟਾਏ ਜਾਣਗੇ। ਇਸ ਮੁਹਿੰਮ ਨੂੰ 2019 ਦੀਆਂ ਆਮ ਚੋਣਾਂ ਦੇ ਮੱਦੇਨਜ਼ਰ ਅਹਿਮ ਮੰਨਿਆ ਜਾ ਰਿਹਾ ਹੈ।ਇਸ ਤੋਂ ਪਹਿਲਾਂ ਵੀਪੀ ਸਿੰਘ ਸਰਕਾਰ ਨੇ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਉੱਤੇ ਹੋਰ ਪਛੜੀਆਂ ਸ਼੍ਰੇਣੀਆਂ ਲਈ 27 ਫੀਸਦੀ ਕੋਟਾ ਲਾਗੂ ਕੀਤਾ ਸੀ। ਇਹ ਦੇਸ਼ ਵਿੱਚ 1931 ਵਿੱਚ ਜਾਤ ਸਬੰਧੀ ਇਕੱਤਰ ਕੀਤੇ ਅੰਕੜਿਆਂ ਦੇ ਉੱਤੇ ਆਧਾਰਤ ਸੀ। ਓਬੀਸੀ ਬਾਰੇ ਅੰਕੜੇ ਇਕੱਤਰ ਕਰਨ ਬਾਰੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਿੱਚ 2021 ਦੀ ਮਰਦਮਸ਼ੁਮਾਰੀ ਬਾਰੇ ਹੋਈ ਮੀਟਿੰਗ ਵਿੱਚ ਲਏ ਫੈਸਲੇ ਤੋਂ ਪਤਾ ਲੱਗਿਆ ਹੈ। ਗ੍ਰਹਿ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਦੇਸ਼ ਵਿੱਚ ਪਹਿਲੀ ਵਾਰ ਓਬੀਸੀ ਬਾਰੇ ਅੰਕੜੇ ਜੁਟਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ ਨੇ ਸਾਲ 2006 ਵਿੱਚ ਆਪਣੀ ਸਰਵੇ ਰਿਪੋਰਟ ਵਿੱਚ ਦੱਸਿਆ ਸੀ ਕਿ ਦੇਸ਼ ਦੀ ਕੁੱਲ ਵਸੋਂ ਦਾ 41 ਫੀਸਦੀ ਓਬੀਸੀ ਹਨ। ਪਿਛਲੇ ਲੰਬੇ ਸਮੇਂ ਤੋਂ ਦੇਸ਼ ਵਿੱਚ ਬਹੁਤ ਸਾਰੀਆਂ ਜਥੇਬੰਦੀਆਂ ਹੋਰ ਪਛੜੀਆਂ ਸ਼੍ਰੇਣੀਆਂ ਬਾਰੇ ਅੰਕੜੇ ਜੁਟਾਉਣ ਦੀ ਮੰਗ ਕਰਦੀਆਂ ਰਹੀਆਂ ਹਨ ਤੇ ਹੁਣ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ 2019 ਦੀਆਂ ਆਮ ਚੋਣਾਂ ਦੇ ਮੱਦੇਨਜ਼ਰ ਇਹ ਪਹਿਲਕਦਮੀ ਕੀਤੀ ਹੈ। ਗ੍ਰਹਿ ਵਿਭਾਗ ਦੇ ਬੁਲਾਰੇ ਨੇ ਦੱਸਿਆ ਹੈ ਕਿ 2021 ਦੀ ਮਰਦਮਸ਼ੁਮਾਰੀ ਤਿੰਨ ਸਾਲ ਵਿੱਚ ਪੂਰੀ ਕੀਤੀ ਜਾਵੇਗੀ।2011 ਵਿੱਚ ਕੌਮੀ ਪ੍ਰਗਤੀਸ਼ੀਲ ਸਰਕਾਰ (ਯੂਪੀਏ) ਨੇ ਸਮਾਜਿਕ ਆਰਥਿਕ ਅਤੇ ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਈ ਸੀ।

# ਇੱਕ ਦਹਾਕੇ 'ਚ ਸਮੁੰਦਰ 'ਚ ਡੁੱਬ ਜਾਵੇਗਾ ਅੱਧਾ ਬੈਂਕਾਕ

**ਬੈਂਕਾਕ–** ਬੈਂਕਾਕ ਸਮੁੰਦਰ ਪੱਧਰ ਤੋਂ ਮਹਿਜ ਡੇਢ ਮੀਟਰ ਭਾਵ ਪੰਜ ਫੁੱਟ ਦੀ ਉਚਾਈ 'ਤੇ ਸਥਿਤ ਹੈ। ਬੈਂਕਾਕ ਜਲਵਾਯੂ ਪਰਿਵਰਤਨ 'ਤੇ ਗੱਲਬਾਤ ਦੀ ਮੇਜ਼ਬਾਨੀ ਲਈ ਤਿਆਰ ਖ਼ੁਦ ਪਰਿਵਰਤਨ ਸੰਕਟ ਤੋਂ ਬਚਣ ਲਈ ਜੂਝ ਰਿਹਾ ਹੈ। ਵਰਣਨਯੋਗ ਹੈ ਕਿ ਮੌਸਮ ਨਾਲ ਜੁੜੀ ਇਕ ਗੰਭੀਰ ਚਿਤਾਵਨੀ ਵਿਚ ਕਿਹਾ ਗਿਆ ਹੈ ਕਿ ਇਹ ਸ਼ਹਿਰ ਕੇਵਲ ਇਕ ਦਹਾਕੇ ਵਿਚ ਪਾਣੀ 'ਚ ਡੁੱਬ ਜਾਵੇਗਾ। ਥਾਈਲੈਂਡ ਦੀ ਰਾਜਧਾਨੀ ਵਿਚ ਸੰਯੁਕਤ ਰਾਸ਼ਟਰ ਦੇ ਅਗਲੇ ਜਲਵਾਯੂ ਸੰਮੇਲਨ ਦੀ ਤਿਆਰੀ ਲਈ ਬੈਠਕਾਂ ਦਾ ਦੌਰ ਸ਼ੁਰੂ ਹੋਣ ਜਾ ਰਿਹਾ ਹੈ । ਤਾਪਮਾਨ ਵਧਣ, ਮੌਸਮ 'ਚ ਆਉਣ ਵਾਲੇ ਸਮੇਂ ਵਿਚ ਹੋਰ ਬਦਤਰ ਬਦਲਾਅ ਹੋਣ ਦੀ ਗੱਲ ਕਹੀ ਜਾ ਰਹੀ ਹੈ। ਇਸ ਨਾਲ ਸਰਕਾਰਾਂ 'ਤੇ 2015 ਦੀ ਪੈਰਿਸ ਜਲਵਾਯੂ ਸੰਧੀ ਨੂੰ ਅਮਲੀ ਜਾਮਾ ਪਹਿਨਾਉਣ ਦਾ ਦਬਾਅ ਹੋਰ ਵਧ ਗਿਆ ਹੈ। ਇਸ ਸਮੇਂ ਵਿਚ ਦਲ ਦਲੀ ਜ਼ਮੀਨ 'ਤੇ ਵਸਿਆ ਬੈਂਕਾਕ ਸਮੁੰਦਰ ਪੱਧਰ ਤੋਂ ਮਹਿਜ ਡੇਢ ਮੀਟਰ ਭਾਵ ਪੰਜ ਫੁੱਟ ਦੀ ਉਚਾਈ 'ਤੇ



ਸਥਿਤ ਹੈ ਅਤੇ ਇਸੇ ਕਾਰਨ ਸਮੁੰਦਰ ਦਾ ਪਾਣੀ ਵਧਣ ਦੇ ਨਾਲ ਸ਼ਹਿਰ ਨੂੰ ਸਭ ਤੋਂ ਵੱਧ ਖ਼ਤਰਾ ਦੱਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਜਕਾਰਤਾ ਅਤੇ ਮਨੀਲਾ ਵਰਗੇ ਦੱਖਣੀ ਏਸ਼ਿਆਈ ਸ਼ਹਿਰਾਂ 'ਤੇ ਵੀ ਖ਼ਤਰੇ ਦੇ ਬੱਦਲ ਮੰਡਰਾ ਰਹੇ ਹਨ।

ਗ੍ਰੀਨਪੀਸ ਦੇ ਤਾਰਾ ਬੁਆਕਾਮਸਰੀ ਨੇ ਕਿਹਾ ਹੈ ਕਿ ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਿਕ ਭਾਰੀ ਮੀਂਹ, ਮੌਸਮ ਵਿਚ ਹੋ ਰਹੇ ਭਾਰੀ ਬਦਲਾਅ ਕਾਰਨ 2030 ਤੱਕ ਬੈਂਕਾਕ ਦਾ ਲਗਪਗ 40 ਫ਼ੀਸਦੀ ਹਿੱਸਾ ਡੁੱਬ ਜਾਵੇਗਾ। ਵਰਤਮਾਨ ਸਮੇਂ 'ਚ ਰਾਜਧਾਨੀ ਹਰ ਸਾਲ ਇਕ ਤੋਂ ਦੋ ਸੈਂਟੀਮੀਟਰ ਡੁੱਬ ਰਹੀ ਹੈ ਅਤੇ ਨੇੜਲੇ ਸਮੇਂ ਵਿਚ ਹੜ੍ਹਾਂ ਦਾ ਖ਼ਤਰਾ ਵਧ ਸਕਦਾ ਹੈ। ਥਾਈਲੈਂਡ ਦੀ ਖਾੜੀ ਦੇ ਨੇੜੇ ਦੇ ਸਮੁੰਦਰ ਚਾਰ ਮਿਲੀਮੀਟਰ ਹਰੇਕ ਸਾਲ ਉਪਰ ਉੱਠ ਰਹੇ ਹਨ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com


# 'ਮੋਰਚਾ ਗੁਰੂ ਕਾ ਬਾਗ' ਨੂੰ ਸਮਰਪਿਤ ਧਾਰਮਿਕ ਕਵੀ-ਦਰਬਾਰ ਸੈਨਹੋਜ਼ੇ ਵਿਖੇ ਸਜਾਇਆ

**ਸੈਨਹੋਜ਼ੇ (ਕੈਲੇਫੋਰਨੀਆ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਮੋਰਚਾ ਗੁਰੂ ਕਾ ਬਾਗ' ਤੇ ਧਾਰਮਿਕ ਕਵੀ-ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾਸੈਨਹੋਜ਼ੇ ਵਿਖੇ ਸਜਾਇਆ ਗਿਆ। ਇਸ ਮੌਕੇ ਪ੍ਰਵਾਨਾ ਵੱਲੋਂ ਇਤਿਹਾਸ ਤੇ ਰੌਸ਼ਨੀ ਪਾਈ ਕਿ ਮੋਰਚਾ ਗੁਰੂ ਕਾ ਬਾਗ ਦੇ ਦਰਦਨਾਕ ਹਿਰਦੇਵੇਦਕ ਸਾਕੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਬਹਾਦਰੀ ਅਤੇ ਅਣਖ ਤੇ ਲੋਕਾਂ ਨੂੰ ਮਾਣ ਹੈ।ਇਸ ਧਾਰਮਿਕ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ 'ਨੂਰਪੁਰੀ', ਤਰਸੇਮ ਸਿੰਘ 'ਸੁੰਮਨ', ਜਸਦੀਪ ਸਿੰਘ ਫਰੀਮਾਂਟ, ਤੇਜਿੰਦਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀ ਸ਼ਾਮਲ ਹੋਏ।




# ਬੇਅਦਬੀ ਰੋਕਣ ਲਈ ਸੋਧੇ ਕਾਨੂੰਨ ਖ਼ਿਲਾਫ਼ ਉੱਠਣ ਲੱਗੀਆਂ ਸੁਰਾਂ

(ਸਫਾ 4 ਦੀ ਬਾਕੀ)

ਵਿੱਚ ਰਹਿੰਦੀ ਹੈ, ਵਿੱਚ ਇਹੋ ਜਿਹਾ ਕਾਨੂੰਨ ਧਾਰਮਿਕ ਬਹੁਗਿਣਤੀਆਂ ਨੂੰ ਵਧੇਰੇ ਤਾਕਤਵਾਰ ਬਣਾਏਗਾ। ਪਹਿਲਾਂ ਕਿਸੇ ਵਿਅਕਤੀ ਨੂੰ ਕਾਨੂੰਨੀ ਪਚੜੇ ਵਿੱਚ ਉਲਝਾਉਣ ਲਈ ਹਥਿਆਰ ਦੀ ਲੋੜ ਪੈਂਦੀ ਸੀ, ਜਦੋਂਕਿ ਹੁਣ ਮਹਿਜ਼ ਧਾਰਮਿਕ ਗ੍ਰੰਥ ਦੀ ਲੋੜ ਰਹੇਗੀ।'' ਯਾਦ ਰਹੇ ਕਿ ਪੰਜਾਬ ਸਰਕਾਰ ਨੇ ਪਿਛਲੇ ਹਫ਼ਤੇ ਵਿਧਾਨ ਸਭਾ ਵਿੱਚ ਦੋ ਬਿਲਾਂ- ਦਿ ਇੰਡੀਅਨ ਪੀਨਲ ਕੋਡ (ਪੰਜਾਬ ਸੋਧ) ਬਿੱਲ 2018 ਅਤੇ ਦਿ ਕੋਡ ਆਫ਼ ਕ੍ਰਿਮੀਨਲ ਪ੍ਰੋਸੀਜ਼ਰ (ਪੰਜਾਬ ਸੋਧ) ਬਿੱਲ 2018 ਪਾਸ ਕੀਤੇ ਸਨ। ਸੌਖੇ ਸ਼ਬਦਾਂ ਵਿੱਚ ਕਹੀਏ ਤਾਂ ਗੁਰੂ ਗ੍ਰੰਥ ਸਾਹਿਬ, ਭਗਵਦ ਗੀਤਾ, ਕੁਰਾਨ ਤੇ ਬਾਈਬਲ ਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਕਿਸੇ ਤਰ੍ਹਾਂ ਨੁਕਸਾਨ ਜਾਂ ਬੇਅਦਬੀ ਕਰਨ 'ਤੇ ਉਮਰ ਕੈਦ ਦੀ ਸਜ਼ਾ ਦੀ ਹੋਵੇਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਦੇ ਇਸ ਫ਼ੈਸਲੇ ਦਾ ਬਚਾਅ ਕਰਦਿਆਂ ਕਿਹਾ ਸੀ ਕਿ ਸਖ਼ਤ ਸਜ਼ਾ ਦੇਣ ਨਾਲ ਅਜਿਹੀਆਂ ਘਟਨਾਵਾਂ 'ਤੇ ਰੋਕ ਲੱਗੇਗੀ। ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਵੀ ਸੋਧੇ ਕਾਨੂੰਨ ਦੀ ਦੁਰਵਰਤੋਂ ਦਾ ਖ਼ਦਸ਼ਾ ਜਤਾਇਆ ਹੈ। ਉਧਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ.ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਉਹ ਸਖ਼ਤ ਸਜ਼ਾ ਦੀ ਜਿੱਥੇ ਹਮਾਇਤ ਕਰਦੇ ਹਨ, ਉਥੇ ਉਨ੍ਹਾਂ ਸੋਧੇ ਹੋਏ ਕਾਨੂੰਨ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਹੋਰਨਾਂ ਧਾਰਮਿਕ ਪੁਸਤਕਾਂ ਨਾਲ ਮੇਲਣ 'ਤੇ ਇਤਰਾਜ਼ ਜਤਾਇਆ ਹੈ।

### ਫੂਲਕਾ ਦੀ ਚਿਤਾਵਨੀ

ਆਮ ਆਦਮੀ ਪਾਰਟੀ ਦੇ ਐਚ.ਐਸ. ਫੂਲਕਾ ਨੇ ਧਮਕੀ ਦਿੱਤੀ ਹੈ ਕਿ ਜੇ ਕੈਪਟਨ ਸਰਕਾਰ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੇ ਮਾਮਲਿਆਂ ਵਿੱਚ ਪੰਦਰਾਂ ਦਿਨਾਂ ਦੇ ਅੰਦਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪੰਜਾਬ ਪੁਲੀਸ ਦੇ ਸਾਬਕਾ ਮੁਖੀ ਸੁਮੇਧ ਸੈਣੀ ਅਤੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਨਾਮਜ਼ਦ ਨਾ ਕੀਤਾ ਤਾਂ ਉਹ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦੇਣਗੇ ਪਰ ਮੁੱਖ ਮੰਤਰੀ ਦਫਤਰ ਨੇ ਸੀਬੀਆਈ ਕੋਲੋਂ ਕੇਸ ਵਾਪਸ ਲੈਣ ਲਈ ਜਿਹੜੀ ਨੋਟੀਫਿਕੇਸ਼ਨ ਸੋਧ ਵਾਸਤੇ ਸੂਬੇ ਦੇ ਐਡਵੋਕੇਟ ਜਨਰਲ ਨੂੰ ਭੇਜੀ ਹੈ ਉਹ ਅਜੇ ਤੱਕ ਸਰਕਾਰ ਕੋਲ ਵਾਪਸ ਨਹੀਂ ਪਹੁੰਚੀ ਤੇ ਇਸ ਲਈ ਪੰਦਰਾਂ ਦਿਨਾਂ ਦੇ ਅੰਦਰ ਕਾਰਵਾਈ ਹੋਣੀ ਮੁਸ਼ਕਿਲ ਲੱਗਦੀ ਹੈ।

# ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੇ ਕਤਲ ਦੀ ਸਾਜ਼ਿਸ਼ ਹੋਈ ਬੇਨਕਾਬ

**ਨਵੀਂ ਦਿੱਲੀ –** ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਹੱਤਿਆ ਦੀ ਸਾਜਿਸ਼ ਦੇ ਇਲਜ਼ਾਮ 'ਚ ਜਿਨ੍ਹਾਂ ਲੋਕਾਂ ਦੀ ਗ੍ਰਿਫਤਾਰੀ ਕੀਤੀ ਗਈ ਹੈ, ਉਨ੍ਹਾਂ ਨੂੰ ਕਈ ਸਨਸਨੀਖੇਜ ਸਬੂਤ ਹੱਥ ਲੱਗੇ ਹਨ। ਮਹਾਰਾਸ਼ਟਰ ਪੁਲਿਸ ਦੇ ਐਡੀਸ਼ਨਲ ਡਾਇਰੈਕਟਰ ਜਨਰਲ (ਏਡੀਜੀ) ਪਰਮਬੀਰ ਸਿੰਘ ਨੇ ਦੱਸਿਆ ਕਿ ਛਾਪੇਮਾਰੀ ਦੌਰਾਨ ਕਈ ਅਜਿਹੇ ਸਬੂਤ ਮਿਲੇ ਹਨ ਜੋ ਗ੍ਰਿਫਤਾਰ ਦੋਸ਼ੀਆਂ ਅਤੇ ਮਾਓਵਾਦੀਆਂ ਦਾ ਸਾਜਿਸ਼ ਦਾ ਸੰਬੰਧ ਹੋਣਾ ਜਾਹਿਰ ਕਰ ਰਿਹਾ ਹੈ। ਇਸਦੀ ਪੁਸ਼ਟੀ ਹੋਣ ਤੋਂ ਬਾਅਦ ਹੀ ਪੁਲਿਸ ਨੇ ਇਹਨਾਂ ਲੋਕਾਂ ਖਿਲਾਫ ਕਾਰਵਾਈ ਕਰਨੀ ਸ਼ੁਰੂ ਕੀਤੀ ਹੈ।

ਮਹਾਰਾਸ਼ਟਰ ਪੁਲਿਸ ਦੇ ਮੁਤਾਬਕ ਦੋਸ਼ੀ ਰੋਣਾ ਵਿਲਸਨ ਦੇ ਕੰਪਿਊਟਰ ਤੋਂ ਇਸ ਪੂਰੇ ਮਾਮਲੇ 'ਚ ਕਈ ਅਹਿਮ ਸਬੂਤ ਹੱਥ ਲੱਗੇ ਹਨ। ਇਹ ਸਬੂਤ ਕੰਪਿਊਟਰ ਵਿੱਚ ਫਾਇਲਾਂ ਦੇ ਰੂਪ ਵਿੱਚ ਸੁਰੱਖਿਅਤ ਸਨ। ਦੱਸਿਆ ਗਿਆ ਹੈ ਕਿ ਇਹ ਪਾਸਵਰਡ ਪ੍ਰੋਟੈਕਟੈਡ ਫਾਇਲਸ ਸੀ। ਜਿਨ੍ਹਾਂ ਵਿੱਚ ਇੱਕ ਵੱਡੀ ਸਾਜਿਸ਼ ਲਈ ਕਈ ਆਧੁਨਿਕ ਹਥਿਆਰਾਂ ਦੀ ਲਿਸਟ ਸੀ। ਪੁਲਿਸ ਦੀਆਂ ਮੰਨੀਏ ਤਾਂ ਰੋਣਾ ਵਿਲਸਨ ਦੇ ਕੰਪਿਊਟਰ ਤੋਂ ਮਿਲੀ ਹਥਿਆਰਾਂ ਦੀ ਲਿਸਟ ਵਾਲੀ ਫਾਇਲ ਵਿੱਚ ਰੂਸੀ, ਚੀਨੀ ਅਤੇ ਅਮਰੀਕੀ ਗਰੇਨੇਡ ਲਾਂਚਰ ਦਾ ਜਿਕਰ ਹੈ।

**ਗਰੇਨੇਡ ਲਾਂਚਰ**

ਇਹ ਇੱਕ ਰਸ਼ਿਅਨ ਗਰੇਨੇਡ ਲਾਂਚਰ ਹੈ। ਜਿਸਦੀ ਮਾਰਕ ਸਮਰੱਥਾ 300 ਮੀਟਰ ਤੱਕ ਹੈ। ਇਸ ਵਿੱਚ ਤਿੰਨ ਰਾਉਂਡ ਦੀ ਮੈਗਜੀਨ ਕੈਪੇਸਿਟੀ ਹੈ। ਇਹ 5 ਕਿੱਲੋ ਭਾਰ ਦਾ ਹੁੰਦਾ ਹੈ ਅਤੇ ਇਸ ਤੋਂ ਮੈਨੁਅਲੀ ਰੀਲੋਡ ਕੀਤਾ ਜਾਂਦਾ ਹੈ।

**ਚਾਈਨੀਜ਼ ਗਰੇਨੇਡ ਲਾਂਚਰ**



ਇਹ ਚਾਈਨੀਜ਼ ਗਰੇਨੇਡ ਲਾਂਚਰ ਹੈ, ਜਿਸਦੀ ਮਾਰਕ ਸਮਰੱਥਾ 600 ਮੀਟਰ ਤੱਕ ਹੈ। ਇਹ ਇੱਕ ਆਟੋਮੈਟਿਕ ਹਥਿਆਰ ਹੈ । ਜਿਸਦੇ ਨਾਲ ਕਰੀਬ ਇੱਕ ਮਿੰਟ ਵਿੱਚ 500 ਰਾਉਂਡ ਤੱਕ ਫਾਇਰ ਕੀਤੇ ਜਾ ਸੱਕਦੇ ਹਨ।

**ਅਮਰੀਕੀ ਹਥਿਆਰ**

ਇਹ ਇੱਕ ਅਮਰੀਕੀ ਹਥਿਆਰ ਹੈ। ਡੇਢ ਕਿੱਲੋ ਵਜਨੀ ਇਸ ਹਥਿਆਰ ਦੀ ਮਾਰਕ ਸਮਰੱਥਾ 150 ਮੀਟਰ ਤੋਂ ਲੈ ਕੇ 300 ਮੀਟਰ ਤੱਕ ਹੈ। ਇਸਨੂੰ -4 ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਦੱਸ ਦੇਈਏ ਕਿ ਪੀਬੀ ਸਿੰਘ ਨੇ ਪ੍ਰੈਸ ਵਿੱਚ ਰੋਣਾ ਵਿਲਸਨ ਵੱਲੋਂ ਕਾਮਰੇਡ ਪ੍ਰਕਾਸ਼ ਨੂੰ ਲਿਖੀ ਗਈ ਚਿੱਠੀ ਦਾ ਕੁੱਝ ਹਿੱਸਾ ਵੀ ਪੜ੍ਹਿਆ। ਜਿਸ ਵਿੱਚ ਪ੍ਰਧਾਨਮੰਤਰੀ ਮੋਦੀ ਨੂੰ ਮਾਰਨ ਦੀ ਸਾਜਿਸ਼ ਦਾ ਸਾਫ਼-ਸਾਫ਼ ਜਿਕਰ ਸੀ।

ਇਸ ਵਿੱਚ ਲਿਖਿਆ ਹੈ, ਮੈਨੂੰ ਉਂਮੀਦ ਹੈ ਕਿ ਤੁਹਾਨੂੰ ਗਰੇਨੇਡ ਸਪਲਾਈ ਲਈ ਦਿੱਤੇ ਜਾਣ ਵਾਲੇ 8 ਕਰੋੜ ਰੁਪਏ ਦੀ ਜਾਣਕਾਰੀ ਮਿਲ ਗਈ ਹੈ। ਕਾਮਰੇਡ ਕਿਸ਼ਨ ਅਤੇ ਬਾਕੀ ਲੋਕਾਂ ਨੇ ਰਾਜੀਵ ਗਾਂਧੀ ਦੀ ਤਰਜ 'ਤੇ ਮੋਦੀ ਰਾਜ ਨੂੰ ਖਤਮ ਕਰਨ ਦਾ ਪ੍ਰਸਤਾਅ ਰੱਖਿਆ ਹੈ। ਏਡੀਜੀ ਨੇ ਦੱਸਿਆ ਕਿ ਇਸ ਪੱਤਰਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਇਹ ਕਰਮਚਾਰੀ ਮਾਓਵਾਦੀਆਂ ਦੇ ਨਾਲ ਸੰਪਰਕ ਵਿੱਚ ਸਨ ਅਤੇ ਕਾਨੂੰਨੀ ਰੂਪ ਨਾਲ ਚੁਣੀ ਹੋਈ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ 'ਚ ਜੁਟੇ ਸਨ । ਉਹਨਾਂ ਨੇ ਕਿਹਾ ਕਿ 31 ਦਸੰਬਰ , 2017 ਨੂੰ ਹੋਈ ਘਟਨਾ ਦੇ ਸੰਬੰਧ ਵਿੱਚ 8 ਜਨਵਰੀ, 2018 ਨੂੰ ਮਾਮਲਾ ਦਰਜ ਕੀਤਾ ਗਿਆ। ਜਾਂਚ ਤੋਂ ਇਹ ਖੁਲਾਸਾ ਹੋਇਆ ਕਿ ਮਾਓਵਾਦੀ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਸਾਜਿਸ਼ ਕਰ ਰਹੇ ਸਨ ਅਤੇ ਇਸ 'ਚ ਗ੍ਰਿਫਤਾਰ ਦੋਸ਼ੀ ਉਹਨਾਂ ਦੀ ਮਦਦ ਕਰ ਰਹੇ ਸੀ ।

## ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ

**ਯੂਬਾ ਸਿਟੀ–** ਪੰਜਾਬੀ ਸਾਹਿਤ ਸਭਾ ਯੂਬਾ ਸਿਟੀ/ ਸੈਕਰਾਮੈਂਟੋ ਦੀ ਮਾਸਿਕ ਇਕੱਤਰਤਾ ਬੀਤੇ ਐਤਵਾਰ ਨੂੰ ਆਬਰਨ ਬੁਲੇਵਰ ਮਾਉਂਨਟੇਨ ਮਾਈਕ ਪੀਜ਼ਾ ਤੇ ਸੈਕਰਾਮੈਂਟੋ ਵਿਖੇ ਹੋਈ। ਇਸ ਮੀਟਿੰਗ ਵਿਚ ਹਰਬੰਸ ਸਿੰਘ ਜਗਿਆਸੂ, ਰਾਠੇਸ਼ਵਰ ਸੂਰਾਪੁਰੀ







ਸਿਹਤ ਖਰਾਬ ਹੋਣ ਕਰਕੇ ਜੀਵਨ ਰੱਤੂ, ਪਰਮਿੰਦਰ ਰਾਏ ਖਾਨਖਾਨਾ, ਹਰਭਜਨ ਸਿੰਘ ਢੇਰੀ, ਜਰੂਰੀ ਕੰਮਾਂ ਕਾਰਨ ਕਰਕੇ ਨਾ ਆਉਣ ਦੀ ਵਜ੍ਹਾ ਸੁਨੇਹਿਆਂ ਰਾਹੀਂ ਪ੍ਰਧਾਨ ਜਸਵੰਤ ਸ਼ੀਮਾਰ ਨੂੰ ਜਾਣੂ ਕਰਵਾਇਆ।

ਇਸ ਮੀਟਿੰਗ ਵਿਚ ਜਿਹੜੇ ਸਾਹਿਤਕਾਰ ਹਾਜ਼ਰ ਸਨ, ਉਹਨਾਂ ਸਾਰਿਆਂ ਨੇ ਸਭ ਤੋਂ ਪਹਿਲਾਂ ਰਸਮੀ ਗੱਲਾਂਬਾਤਾਂ ਦੌਰਾਨ ਆਪਣੇ ਨਿੱਜੀ ਜੀਵਨ ਬਾਰੇ ਇਕ-ਦੂਜੇ ਨੂੰ ਜਾਣੂ ਕਰਵਾਇਆ ਅਤੇ ਪੰਜਾਬੀ ਸਾਹਿਤ ਸਭਾ ਨੂੰ ਹੋਰ ਕਿਵੇਂ ਪ੍ਰਫੁੱਲਿਤ ਕੀਤਾ ਜਾ ਸਕਦਾ ਹੈ, ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਖਾਸ ਤੌਰ ਤੇ ਬਿੱਕਰ ਕੰਮੇਆਣਾ ਨੇ ਆਪਣੇ ਸੰਘਰਸ਼ਮਈ ਵਿਦਿਆਰਥੀ ਜੀਵਨ ਬਾਰੇ ਤਜਰਬਾ ਸਾਰਿਆਂ ਨਾਲ ਸਾਂਝਾ ਕੀਤਾ।

ਇਸ ਪਿੱਛੋਂ ਕਵੀ ਦਰਬਾਰ ਵਿਚ ਜਿਹਨਾਂ ਕਵੀਆਂ ਨੇ ਕ੍ਰਮਵਾਰ ਹਿੱਸਾ ਲਿਆ, ਉਹਨਾਂ ਸਾਰੇ ਕਵੀਆਂ ਨੇ ਤਰੰਨਮ ਵਿਚ ਗਜ਼ਲ ਗੀਤ, ਗਜ਼ਲ ਗਾ ਕੇ ਹਾਜ਼ਰੀ ਲਗਵਾਈ। ਸਭ ਤੋਂ ਪਹਿਲਾਂ ਸਕੱਤਰ ਗੋਗੀ ਸੰਧੂ ਨੇ ਮਿਰਜ਼ਾ ਗਾਲਿਬ ਦੀ ਗਜ਼ਲ **ਮਨਜੀਤ ਸੇਖੋਂ** ਨੇ ਕਿਹਾ–

ਮੇਰੇ ਪਿਆਰ ਨੂੰ ਨਾ ਨਾਵਾਂ ਵਿਚ ਬੰਨ੍ਹ ਹਾਣੀਆ
ਗੱਲ ਗੌਰ ਨਾਲ ਸੁਣੀ, ਲਾ ਕੇ ਕੰਨ ਹਾਣੀਆ।

**ਜਸਵੰਤ ਜੱਸੀ ਸ਼ੀਮਾਰ** ਨੇ-

ਕੋਲ ਸੀ ਤਾਂ ਤੇਰਿਆਂ ਨਹੋਰਿਆਂ ਨੇ ਮਾਰਿਆ
ਦੂਰ ਜਾਣ ਪਿੱਛੋਂ ਤੇਰੇ ਝੋਰਿਆਂ ਨੇ ਮਾਰਿਆ।

ਫਕੀਰ ਸਿੰਘ ਮੱਲੀ ਨੇ

ਅੱਜ ਆਖਾਂ ਵਾਰਿਸ ਸ਼ਾਹ ਨੂੰ, ਕਿਤੇ ਕਬਰਾਂ ਵਿਚੋਂ ਬੋਲ।

ਬਿੱਕਰ ਕੰਮੇਆਣਾ ਨੇ ਗਜ਼ਲ, ਅਜੈਬ ਚੀਮਾ ਨੇ ਮੁਟਿਆਰ ਦੀ ਸਿਫਤ ਕਰਦਾ ਗੀਤ ਗਾ ਕੇ ਹਾਜ਼ਰੀ ਲਵਾਈ। ਗੁਰਪਾਲ ਖਹਿਰਾ ਨੇ ਕਵਿਤਾ ਦੇ ਨਾਲ ਆਪਣੇ ਯੂਰਪ ਦੇ ਟੂਰ ਬਾਰੇ ਤਜਰਬਾ ਸਾਂਝਾ ਕੀਤਾ।

ਇਸ ਪਿੱਛੋਂ ਅਗਲੀ ਮੀਟਿੰਗ ਦਾ ਵਾਅਦਾ ਕਰਕੇ ਮੀਟਿੰਗ ਦੀ ਸਮਾਪਤੀ ਕੀਤੀ ਗਈ।

## 2022 ਤਕ ਭਾਰਤੀਆਂ ਨੂੰ ਬ੍ਰਹਿਮੰਡ 'ਚ ਭੇਜਣ ਦਾ ਮਿਸ਼ਨ

**ਨਵੀਂ ਦਿੱਲੀ–** ਬ੍ਰਹਿਮੰਡ ਵਿੱਚ ਭਾਰਤ ਦੀ ਵਧਦੀ ਹੋਈ ਤਾਕਤ ਦੀ 2022 ਵਿੱਚ ਹੋਰ ਪੁਖ਼ਤਾ ਹੋਣ ਦੀ ਸੰਭਾਵਨਾ ਹੈ। ਨਰਿੰਦਰ ਮੋਦੀ ਨੇ 15 ਅਗਸਤ ਨੂੰ ਆਪਣੇ ਭਾਸ਼ਣ ਵਿੱਚ 2022 ਤਕ ਭਾਰਤੀਆਂ ਨੂੰ ਬ੍ਰਹਮੰਡ ਵਿੱਚ ਭੇਜਣ ਦੀ ਜੋ ਗੱਲ ਕਹੀ ਸੀ, ਉਸ 'ਤੇ ਕੰਮ ਸ਼ੁਰੂ ਹੋ ਗਿਆ ਹੈ। ਮੰਗਲਯਾਨ ਨੂੰ ਸਫਲਤਾਪੂਰਵਕ ਮੰਗਲ 'ਤੇ ਭੇਜਣ ਵਾਲੇ ਇਸਰੋ ਨੇ ਇਸ ਮਿਸ਼ਨ 'ਤੇ ਵੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ 2022 ਵਿੱਚ ਤਿੰਨ ਭਾਰਤੀ 7 ਦਿਨਾਂ ਲਈ ਬ੍ਰਹਮੰਡ ਵਿੱਚ ਜਾਣਗੇ। ਮਿਸ਼ਨ ਦੀ ਕੁੱਲ ਲਾਗਤ 10 ਹਜ਼ਾਰ ਕਰੋੜ ਰੁਪਏ ਦਾ ਆਸਪਾਸ ਹੋਣ ਦੀ ਸੰਭਾਵਨਾ ਹੈ। ਅਜੇ ਤਕ ਸਿਰਫ ਅਮਰੀਕਾ, ਰੂਸ ਤੇ ਚੀਨ ਹੀ ਸਫਲਤਾ ਪੂਰਵਕ ਆਪਣੇ ਲੋਕਾਂ ਨੂੰ ਬ੍ਰਹਮੰਡ ਵਿੱਚ ਭੇਜਣ ਵਿੱਚ ਕਾਮਯਾਬ ਹੋਏ ਹਨ। ਜੇ ਭਾਰਤ ਇਸ ਮਿਸ਼ਨ ਵਿੱਚ ਕਾਮਯਾਬ ਹੋਇਆ ਤਾਂ ਉਹ ਵੀ ਇਸ ਐਲਿਟ ਕਲੱਬ ਦਾ ਹਿੱਸਾ ਬਣ ਜਾਏਗਾ। ਇਨਸਾਨਾਂ ਨੂੰ ਬ੍ਰਹਮੰਡ ਭੇਜਣ ਤੋਂ ਪਹਿਲਾਂ ਭਾਰਤ ਮਨੁੱਖ ਰਹਿਤ 2 ਗਗਨ ਯਾਨ ਉੱਥੇ ਭੇਜੇਗਾ। ਯਾਦ ਰਹੇ ਕਿ ਇਸਤੋਂ ਪਹਿਲਾਂ ਵੀ ਭਾਰਤ ਦੇ ਰਾਕੇਸ਼ ਸ਼ਰਮਾ ਤੇ ਕਲਪਨਾ ਚਾਵਲਾ ਵਰਗੇ ਬ੍ਰਹਿਮੰਡ ਯਾਤਰੀ ਚੰਦ & ਰਸਤੋਂ ਤੇ ਆਪਣੇ



ਕਦਮ ਰੱਖ ਚੁੱਕੇ ਹਨ ਪਰ ਉਹ ਮਿਸ਼ਨ ਭਾਰਤ ਦਾ ਆਪਣਾ ਮਿਸ਼ਨ ਨਹੀਂ ਸੀ।

## ਤਿੰਨ ਕਰੋੜ ਤੋਂ ਵੱਧ ਪਰਵਾਸੀ ਭਾਰਤੀਆਂ ਨੂੰ ਪ੍ਰੌਕਸੀ ਵੋਟ ਦਾ ਅਧਿਕਾਰ

**ਨਵੀਂ ਦਿੱਲੀ –** ਭਾਰਤ ਦੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਵੱਲੋਂ ਫ਼ੌਜੀਆਂ ਦੀ ਤਰਜ਼ 'ਤੇ ਪਰਵਾਸੀ ਭਾਰਤੀਆਂ ਨੂੰ 'ਪ੍ਰੌਕਸੀ ਵੋਟ' ਦਾ ਹੱਕ ਦੇਣ ਬਾਰੇ ਬਿਲ ਨੂੰ ਲੋਕ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ ਹੈ। ਲੋਕ ਪ੍ਰਤੀਨਿਧਤਾ (ਸੋਧ) ਬਿਲ 2017 ਬਹਿਸ ਤੇ ਪਾਸ ਕਰਨ ਲਈ ਪੇਸ਼ ਕਰਦਿਆਂ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਨੇ ਕਿਹਾ ਕਿ ਇਸ ਵਿਵਸਥਾ ਨਾਲ ਪਰਵਾਸੀ ਭਾਰਤੀਆਂ (ਐਨਆਰਆਈਜ਼) ਨੂੰ ਚੋਣ ਪ੍ਰਕਿਰਿਆ ਦਾ ਹਿੱਸਾ ਬਣਨ ਵਿਚ ਮਦਦ ਮਿਲੇਗੀ। ਹੇਠਲੇ ਸਦਨ ਵਿਚ ਜ਼ੁਬਾਨੀ ਵੋਟ ਰਾਹੀਂ ਪਾਸ ਕੀਤੇ ਇਸ ਬਿਲ ਵਿਚ ਵੋਟ ਦਾ ਹੱਕ ਰੱਖਣ ਵਾਲੇ ਪਰਵਾਸੀ ਭਾਰਤੀ ਹੁਣ ਆਪਣੀ ਵੋਟ ਪਾਉਣ ਲਈ ਆਪਣੀ ਥਾਂ 'ਤੇ ਕੋਈ ਹੋਰ ਪ੍ਰੌਕਸੀ ਵੋਟਰ ਨਿਯੁਕਤ ਕਰ ਸਕਣਗੇ। ਫਿਲਹਾਲ, ਪਰਵਾਸੀ ਭਾਰਤੀਆਂ ਨੂੰ ਉਨ੍ਹਾਂ ਹਲਕਿਆਂ ਵਿਚ ਵੋਟ ਪਾਉਣ ਦਾ ਹੱਕ ਹੈ ਜਿੱਥੇ ਉਨ੍ਹਾਂ ਵੋਟ ਰਜਿਸਟਰਡ ਕਰਵਾਈ ਹੈ। ਬਿਲ ਵਿਚ ਪਰਵਾਸੀ ਭਾਰਤੀਆਂ ਨੂੰ ਪ੍ਰੌਕਸੀ ਵੋਟਿੰਗ ਦੀ ਆਪਸ਼ਨ ਦਿੱਤੀ ਗਈ ਹੈ ਜੋ ਹੁਣ ਤਕ ਸਿਰਫ਼ ਫ਼ੌਜੀਆਂ ਨੂੰ ਉਪਲਬਧ ਹੈ। ਪ੍ਰੌਕਸੀ ਵੋਟਿੰਗ ਬਾਰੇ ਮੈਂਬਰਾਂ ਦੇ ਖ਼ਦਸ਼ਿਆਂ ਦਾ ਜਵਾਬ ਦਿੰਦਿਆਂ ਮੰਤਰੀ ਨੇ ਕਿਹਾ, ਕਿ "ਸਾਨੂੰ ਐਨਆਰਆਈਜ਼ 'ਤੇ ਪ੍ਰੌਕਸੀਜ਼ ਬਾਰੇ ਭਰੋਸਾ ਕਰਨਾ ਚਾਹੀਦਾ ਹੈ।"





ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਅਨੁਮਾਨ ਮੁਤਾਬਕ ਲਗਪਗ 3.10 ਕਰੋੜ ਐਨਆਰਆਈ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਵਸਦੇ ਹਨ। ਪ੍ਰਸ਼ਾਦ ਨੇ ਕਿਹਾ ਕਿ ਦੇਸ਼ ਨੂੰ ਐਨਆਰਆਈਜ਼ ਦੀਆਂ ਪ੍ਰਾਪਤੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਦੁਨੀਆ ਭਰ ਵਿਚ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰੀਆਂ ਹਨ। ਮੰਤਰੀ ਨੇ ਕਿਹਾ ਕਿ ਨੇਮ ਤਿਆਰ ਕਰਨ ਵੇਲੇ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਕਿਸੇ ਵੱਲੋਂ ਪ੍ਰੌਕਸੀ ਵੋਟਿੰਗ ਸਿਸਟਮ ਦੀ ਦੁਰਵਰਤੋਂ ਨਾ ਕੀਤੀ ਜਾ ਸਕੇ। ਪ੍ਰੌਕਸੀ ਕੋਈ ਮਾੜਾ ਸ਼ਬਦ ਨਹੀਂ। ਇਹ ਕਾਨੂੰਨੀ ਤੇ ਪ੍ਰੀਭਾਸ਼ਤ ਸ਼ਬਦ ਹੈ। ਕੁਝ ਮੈਂਬਰਾਂ ਨੇ ਮੰਗ ਕੀਤੀ ਕਿ ਪਰਵਾਸੀ ਭਾਰਤੀਆਂ ਨੂੰ ਪੋਸਟਲ ਬੈਲਟ ਦੀ ਸੁਵਿਧਾ ਵੀ ਦਿੱਤੀ ਜਾ ਸਕਦੀ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਦੇਸ਼ ਦੁਆਬਾ

# ਏਸ਼ੀਆਈ ਖੇਡਾਂ ਵਿਚ ਭਾਰਤੀ ਪ੍ਰਦਰਸ਼ਨ

ਹਾਲ ਹੀ ਵਿਚ ਏਸ਼ੀਆਈ ਖੇਡਾਂ ਦੀ ਸਮਾਪਤੀ ਹੋਈ ਹੈ। ਇਹਨਾਂ ਖੇਡਾਂ ਵਿਚ ਭਾਰਤ ਦੀ ਕਾਰਗੁਜ਼ਾਰੀ ਨੇ ਜਿੱਥੇ ਸ਼ਾਨਦਾਰ ਪ੍ਰਦਰਸ਼ਨ ਨਾਲ ਇਕ ਵੱਡੀ ਆਸ ਜਗਾਈ ਹੈ, ਉਥੇ ਹੀ ਸਾਡੀ ਮਾਂ-ਖੇਡ ਕਹੀ ਜਾਂਦੀ ਕਬੱਡੀ ਵਿਚ ਹਾਰ ਕਾਰਨ ਨਿਰਾਸ਼ਾ ਹੋਈ ਹੈ। ਭਾਰਤ ਪਿਛਲੇ 7 ਸਾਲਾਂ ਤੋਂ ਏਸ਼ੀਆ ਦਾ ਕਬੱਡੀ ਵਿਚ ਚੈਂਪੀਅਨ ਰਿਹਾ ਹੈ ਪਰ ਇਸ ਵਾਰ ਦੀ ਹਾਰ ਕਾਰਨ ਅਜਿਹੇ ਤੌਖਲੇ ਪੈਦਾ ਹੋਣੇ ਸੁਭਾਵਿਕ ਹਨ ਕਿ ਕਬੱਡੀ ਵਿਚ ਵੀ ਕਿਤੇ ਸਾਨੂੰ ਹਾਕੀ ਵਾਂਗ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਵਾਰ ਭਾਰਤ ਨੇ ਹੁਣ ਤੱਕ ਦੇ ਸਭ ਤੋਂ ਵੱਧ 69 ਮੈਡਲ ਜਿੱਤੇ ਹਨ ਅਤੇ ਏਸ਼ੀਆ ਵਿਚ 8ਵਾਂ ਸਥਾਨ ਪ੍ਰਾਪਤ ਕੀਤਾ ਹੈ। ਬੇਸ਼ੱਕ ਚੀਨ ਇਸ ਵਾਰ ਵੀ ਸਭ ਤੋਂ ਜ਼ਿਆਦਾ ਮੈਡਲ ਜਿੱਤਣ ਵਾਲਾ ਮੁਲਕ ਰਿਹਾ ਹੈ ਪਰ ਪਿਛਲੇ ਸਮੇਂ ਦਰਮਿਆਨ ਖੇਡਾਂ ਵਿਚ ਸਾਡੇ ਪ੍ਰਦਰਸ਼ਨ ਨੂੰ ਦੇਖਦਿਆਂ ਆਸ ਦੀ ਕਿਰਨ ਜ਼ਰੂਰ ਪੈਦਾ ਹੁੰਦੀ ਹੈ। 18 ਅਗਸਤ ਤੋਂ ਇੰਡੋਨੇਸ਼ੀਆ ਦੇ ਜਕਾਰਤਾ ਵਿਚ 18ਵੀਆਂ ਏਸ਼ੀਅਨ ਖੇਡਾਂ ਆਰੰਭ ਹੋਈਆਂ ਸਨ। 16 ਦਿਨ ਤੱਕ ਚੱਲੀਆਂ ਇਹਨਾਂ ਖੇਡਾਂ ਵਿਚ 45 ਮੁਲਕਾਂ ਦੇ 11 ਹਜ਼ਾਰ ਦੇ ਕਰੀਬ ਖਿਡਾਰੀ ਸ਼ਾਮਲ ਹੋਏ, ਜਿਹਨਾਂ ਨੇ 34 ਵੱਖ-ਵੱਖ ਕਿਸਮ ਦੀਆਂ ਖੇਡਾਂ ਵਿਚ ਭਾਗ ਲਿਆ। ਭਾਰਤੀ ਖਿਡਾਰੀਆਂ ਨੇ 18 ਖੇਡਾਂ ਵਿਚ ਮੈਡਲ ਜਿੱਤਣ ਦੇ ਆਪਣੇ ਪੁਰਾਣੇ ਰਿਕਾਰਡ ਦੀ ਬਰਾਬਰੀ ਕੀਤੀ। 2006 ਵਿਚ ਵੀ ਭਾਰਤ ਨੇ ਇੰਨੀਆਂ ਹੀ ਖੇਡਾਂ 'ਵਚ ਮੈਡਲ ਜਿੱਤੇ ਸਨ। ਦੂਜੇ ਪਾਸੇ 21 ਖੇਡਾਂ ਵਿਚ 212 ਖਿਡਾਰੀ ਕੋਈ ਵੀ ਮੈਡਲ ਨਹੀਂ ਜਿੱਤ ਸਕੇ। ਭਾਰਤ ਦਾ ਐਥਲੈਟਿਕਸ ਵਿਚ ਪ੍ਰਦਰਸ਼ਨ ਬਹੁਤ ਵਧੀਆ ਰਿਹਾ ਹੈ। ਐਥਲੈਟਿਕਸ ਵਿਚ ਇਯ ਵਾਰ ਸਭ ਤੋਂ ਵੱਧ 7 ਗੋਲਡ ਮੈਡਲਾਂ ਦੇ ਨਾਲ 19 ਮੈਡਲ ਜਿੱਤੇ ਗਏ, ਜਿਹੜੇ ਕਿ ਪਿਛਲੇ ਸਾਲਾਂ ਦੇ ਮੁਕਾਬਲੇ 25 ਫੀਸਦੀ ਜ਼ਿਆਦਾ ਹਨ। ਏਸ਼ੀਅਨ ਖੇਡਾਂ ਵਿਚ ਪਹਿਲੀ ਵਾਰ ਸ਼ਾਮਲ ਬ੍ਰਿਜ (ਤਾਸ਼ ਦੀ ਇਕ ਖੇਡ) ਵਿਚ ਇਕ ਗੋਲਡ ਅਤੇ ਦੋ ਕਾਂਸੇ ਦੇ ਮੈਡਲ ਜਿੱਤੇ ਗਏ। ਔਰਤ ਬੈਡਮਿੰਟਨ ਵਿਚ ਪਹਿਲੀ ਵਾਰ ਪੀ. ਵੀ. ਸਿੰਧੂ ਨੂੰ ਚਾਂਦੀ ਅਤੇ ਸਾਇਨਾ ਨੇ-ਹਵਾਲ ਨੂੰ ਕਾਂਸੀ ਦਾ ਤਮਗਾ ਮਿਲਿਆ। ਵਿਨੇਸ਼ ਫੋਗਾਟ ਨੇ ਕੁਸ਼ਤੀ ਵਿਚ ਗੋਲਡ ਮੈਡਲ ਜਿੱਤ ਕੇ ਭਾਰਤ ਦਾ ਨਾਂ ਰੌਸ਼ਨ ਕੀਤਾ। ਭਾਵੇਂ ਪਿਛਲੀ ਵਾਰ ਦੀ ਚੈਂਪੀਅਨ ਭਾਰਤੀ ਪੁਰਸ਼ ਹਾਕੀ ਟੀਮ ਨੂੰ ਇਸ ਵਾਰ ਕਾਂਸੀ ਦੇ ਮੈਡਲ ਨਾਲ ਹੀ ਸਬਰ ਕਰਨਾ ਪਿਆ ਪਰ ਫਿਰ ਵੀ ਟੀਮ ਨੇ ਟੂਰਨਾਮੈਂਟ ਦੌਰਾਨ 80 ਗੋਲ ਕਰਨ ਦਾ ਪੁਰਾਣਾ ਰਿਕਾਰਡ ਵੀ ਤੋੜਿਆ। ਟੀਮ ਨੇ ਆਪਣੇ ਲੀਗ ਮੈਚ ਵਿਚ ਹਾਂਗਕਾਂਗ ਨੂੰ 26-0 ਨਾਲ ਹਰਾ ਕੇ ਇਤਿਹਾਸ ਸਿਰਜਿਆ। ਇਸ ਤੋਂ ਪਹਿਲਾਂ ਭਾਰਤ ਨੇ 1932 ਵਿਚ ਉਲੰਪਿਕ ਖੇਡਾਂ ਦਰਮਿਆਨ ਅਮਰੀਕਾ ਨੂੰ 24-0 ਨਾਲ ਹਰਾਇਆ ਸੀ।

ਕਬੱਡੀ ਤੋਂ ਇਲਾਵਾ ਹੋਰ ਵੀ ਕਈ ਖੇਡਾਂ ਵਿਚ ਭਾਰਤ ਦਾ ਪ੍ਰਦਰਸ਼ਨ ਇੰਨਾ ਚੰਗਾ ਨਹੀਂ ਰਿਹਾ। ਬਹੁਤ ਸਾਰੇ ਖਿਡਾਰੀ ਅਜਿਹੇ ਵੀ ਹਨ, ਜਿਹਨਾਂ ਨੇ ਮੁਸ਼ਕਿਲਾਂ ਦੇ ਬਾਵਜੂਦ ਮੁਲਕ ਲਈ ਖੇਡਣ ਦੇ ਜਜ਼ਬੇ ਨਾਲ ਹੀ ਮੈਡਲ ਹਾਸਲ ਕਰ ਲਏ। ਇਸ ਵਾਰ ਸਭ ਤੋਂ ਚੰਗੀ ਗੱਲ ਇਹ ਰਹੀ ਕਿ ਪੰਜਾਬ ਅਤੇ ਹਰਿਆਣਾ ਦੇ ਖਿਡਾਰੀਆਂ ਦਾ ਪ੍ਰਦਰਸ਼ਨ ਬਹੁਤ ਵਧੀਆ ਰਿਹਾ। ਸਾਰੇ ਖਿਡਾਰੀਆਂ ਅਤੇ ਖੇਡ ਪ੍ਰਸ਼ੰਸਕਾਂ ਨੂੰ ਸਾਡੇ ਵੱਲੋਂ ਮੁਬਾਰਕਾਂ ਅਤੇ ਅਸੀਂ ਆਸ ਕਰਦੇ ਹਾਂ ਕਿ ਭਾਰਤ ਦੇ ਖਿਡਾਰੀ ਨਿਰੰਤਰ ਅੱਗੇ ਵਧਦੇ ਰਹਿਣਗੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-79

## ਗੁਰਬਾਣੀ ਚਾਨਣ ਚ ਕਾਮਧੇਨ ਅਤੇ ਕਾਮਨਾ



ਅਵਤਾਰ ਸਿੰਘ ਮਿਸ਼ਨਰੀ
510-432-5827

ਭਾਈ ਕਾਨ ਸਿੰਘ ਨਾਭਾ ਅਨੁਸਾਰ ਪੁਰਾਣਾ ਵਿੱਚ ਕਾਮਧੇਨੁ, ਚਿੰਤਾਮਣਿ, ਕਲਿਪ ਬ੍ਰਿਛ ਅਤੇ ਪਾਰਿਜਾਤ ਕਲਪਿਤ ਸਵਰਗ ਦੇ ਕਲਪੇ ਰਤਨ ਹਨ। ਗੁਰਮਤਿ ਸਤਿਸੰਗ ਅਤੇ ਕਰਤਾਰ ਦੇ ਨਾਮ ਤੋਂ ਬਿਨਾ ਹੋਰ ਕਿਸੇ ਵਸਤੂ ਨੂੰ ਕਾਮਨਾ ਪੂਰਤ ਨਹੀ ਮੰਨਦੀ-ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣਗਾਮ॥(੨੬੪)

ਕਾਮਧੇਨੁ ਬਾਰੇ ਡਾ ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ ਕਿ ਮੰਨੀ ਗਈ ਕਾਮਨਾ ਪੂਰੀ ਕਰਨ ਵਾਲੀ ਗਾਂ। ਇਸ ਮਨੌਤ ਨੂੰ ਮੰਨਣ ਵਾਲੇ ਆਖਦੇ ਹਨ ਕਿ ਜਿਸ ਕੋਲ ਇਹ ਗਾਂ ਹੋਵੇ ਉਸ ਦੀਆਂ ਸਾਰੀਆਂ ਇਛਾ ਪੂਰਨ ਹੁੰਦੀਆਂ ਹਨ ਪਰ ਇਹ ਇੱਕ ਕਾਲਪਨਿਕ ਗਾਂ ਬਾਰੇ ਵੱਡੀ ਗੱਪ ਹੈ। ਸਿੱਖ ਫਲਸਫੇ ਅਨੁਸਾਰ ਕੇਵਲ ਰੱਬ ਹੀ ਕਾਮਧੇਨ ਅਤੇ ਉਹ ਹੀ ਸਾਡੀਆਂ ਸਾਰੀਆਂ ਖਾਹਿਸ਼ਾ ਪੂਰੀਆਂ ਕਰ ਸਕਦਾ ਹੈ ਨਾਂ ਕਿ ਕੋਈ ਅਖੌਤੀ ਗਾਂ ਜਾਂ ਕਲਿਪ ਬ੍ਰਿਛ ਆਦਿਕ।

ਜਰਾ ਸੋਚੋ ਗਾਂ ਇੱਕ ਪਾਲਤੂ ਪਛੂ ਹੈ। ਪੁਰਾਣੇ ਜਮਾਨੇ ਚ ਆਮ ਲੋਕ ਇਸਾ ਦਾ ਦੁੱਧ ਵਰਤਦੇ ਅਤੇ ਇਸ ਦੇ ਬੱਚੇ ਬੈਲਾਂ ਨਾਲ ਹਲ-ਵਾਹੀ ਤੇ ਗੱਡੀਆਂ ਰਾਹੀਆਂ ਢੋਆ-ਢੁਆਈ ਦਾ ਕੰਮ ਲੈਂਦੇ ਸਨ। ਇਹ ਤਾਂ ਆਪਣੇ ਮਾਲਕ ਦੇ ਆਸਰੇ ਰਹਿੰਦੀ ਸੀ ਅਤੇ ਹੈ। ਹਾਂ ਇਹ ਸਾਨੂੰ ਦੁੱਧ, ਘਿਓ, ਮੱਖਣ, ਲੱਸੀ, ਗੋਬਰ, ਬਛੜੇ, ਮੀਟ ਅਤੇ ਚਮੜਾ ਦਿੰਦੀ ਹੈ। ਦੇਖੋ ਸਿਤਮ ਦੀ ਗੱਲ ਕਿ ਬਾਕੀ ਸਾਰੀ ਦੁਨੀਆਂ ਗਾਂ ਨੂੰ ਇੱਕ ਪਾਲਤੂ ਪਛੂ ਪਰ ਕੇਵਲ ਕਟੜਵਾਦੀ ਹਿੰਦੂ ਇਸ ਨੂੰ ਮਾਂ ਮੰਨਦੇ ਤੇ ਕੁਝ ਇਸ ਦਾ ਮੂਤਰ ਵੀ ਪੀ ਜਾਂਦੇ ਹਨ।

ਕਾਮਨਾ-ਇਹ ਸੰਸਕ੍ਰਿਤ ਦਾ ਸ਼ਬਦ ਤੇ ਇਸ ਦੇ ਅਰਥ ਇਛਾ, ਚਾਹ, ਮੁਰਾਦ ਅਤੇ ਅਭਿਲਾਸ਼ਾ ਹਨ। ਬ੍ਰਾਹਮਣੀ ਮਤਿ ਅਨੁਸਾਰ ਕਾਮਨਾਵਾਂ ਪੂਰੀਆਂ ਕਰਨ ਲਈ ਪੁੰਨ ਦਾਨ, ਜਲਧਾਰੇ, ਆਪੋ ਆਪਣੇ ਦੇਵੀ ਦੇਵਤਿਆਂ ਦੀ ਪੂਜਾ, ਅੰਨੀ ਸ਼ਰਧਾ ਰੱਖਣੀ, ਕਠਨ ਤਪ ਕਰਨੇ, ਮੰਤ੍ਰ ਪੜ੍ਹਨੇ ਅਤੇ ਤੀਰਥ ਇਸ਼ਨਾਨ ਆਦਿ ਕਰਮ ਕਰਨੇ ਹਨ। ਗੁਰਮਤਿ ਇਸ ਨਾਲ ਸਹਿਮਤ ਨਹੀ ਸਗੋਂ ਦਰਸਾਂਦੀ ਹੈ ਕਿ-ਮਨ ਕਾਮਨਾ ਤੀਰਥ ਦੇਹ ਛੁਟੈ॥ ਗਰਬੁ ਗੁਮਾਨੁ ਨ ਮਨ ਤੇ ਹੁਟੈ॥ (੨੬੫) ਸਾਰੀਆਂ ਇਛਾਵਾਂ ਕਾਮਨਾਵਾਂ ਪੂਰੀਆਂ ਕਰਨ ਵਾਲਾ ਦਾਤਾਰ ਆਪ ਹੀ ਹੈ-ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥ ਸੋ ਐਸਾ ਹਰਿ ਧਿਆਈਐ ਮੇਰੈ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ (੬੬੯)

ਸੋ ਉਪ੍ਰੋਕਤ ਗੁਰਮਤਿ ਵਿਚਾਰਾਂ ਤੋਂ ਸਿੱਧ ਹੁੰਦਾ ਹੈ ਕਿ ਕੋਈ ਗਾਂ ਆਦਿਕ ਪਛੂ ਅਤੇ ਬਿਰਖ ਸਾਡੀਆਂ ਕਾਮਨਾ ਪੂਰੀਆਂ ਕਰਨ ਵਾਲੇ ਨਹੀ ਸਗੋਂ ਮਨੁੱਖ ਦਿਮਾਗ ਤੋਂ ਕੰਮ ਲੈ ਕੇ, ਇਨ੍ਹਾਂ ਵਸਤੂਆਂ ਤੋਂ ਆਪਣੀ ਮਰਜੀ, ਮੁਸ਼ੱਕਤ ਅਤੇ ਮਿਹਨਤ ਨਾਲ ਬਹੁਤ ਕੁਝ ਪ੍ਰਾਪਤ ਕਰ ਸਕਦਾ ਹੈ ਪਰ ਨਿਰਾ ਅੰਧਵਿਸ਼ਵਾਸ਼ੀ ਬਣ, ਇਨ੍ਹਾਂ ਦੀ ਫੋਕੀ ਪੂਜਾ ਕਰਨ ਨਾਲ ਨਹੀਂ। ਇਹ ਚਲਾਕ ਬ੍ਰਾਹਮਣ ਪੁਜਾਰੀ ਦੀਆਂ ਕਲਪਿਤ ਮਨੌਤਾਂ ਸਨ ਤੇ ਹਨ ਜਿੰਨਾਂ ਦੇ ਡਰ-ਡਰਾਵਿਆਂ ਅਤੇ ਪੂਜਾ ਨਾਲ ਕੁਝ ਮਿਲਣ ਦਾ ਲਾਲਚ ਦੇ ਉਹ ਆਮ ਜਨਤਾ ਨੂੰ ਪੂਜਾ ਪ੍ਰਤਿਸ਼ਟਾ ਅਤੇ ਭੇਟਾਵਾਂ ਦੇ ਨਾਂ ਤੇ ਲੁੱਟਦਾ ਸੀ। ਅੱਜ ਬਹੁਤੇ ਸਿੱਖ ਵੀ ਭੇਖੀ ਸਾਧਾਂ, ਸੰਤਾਂ, ਸੰਪਰਦਾਈਆਂ ਅਤੇ ਪੁਜਾਰੀਆਂ ਦੁਆਰਾ ਅਜਿਹੇ ਅੰਧਵਿਸ਼ਵਾਸ਼ਾ ਅਤੇ ਕਰਮਕਾਂਡਾਂ ਦੀ ਅੰਨ੍ਹੀ ਆਸਤਾ ਨਾਲ ਲੁੱਟੇ ਜਾ ਰਹੇ ਹਨ। ਗੁਰੂਆਂ-ਭਗਤਾਂ ਨੇ ਗੁਰਬਾਣੀ ਚ ਇਨ੍ਹਾਂ ਮਿਥਿਹਾਸਕ ਮਨੌਤਾਂ ਦੇ ਹਵਾਲੇ ਦੇ ਕੇ ਲੋਕਾਂ ਨੂੰ ਕਰਤੇ ਦੀ ਕੁ-ਦਰਤਿ ਬਾਰੇ ਜਥਾਰਥ ਗਿਆਨ ਦਿੱਤਾ ਹੈ ਨਾ ਕਿ ਕਲਪਿਤ ਗਾਵਾਂ, ਬ੍ਰਿਛਾ, ਅਖੌਤੀ ਦੇਵੀ ਦੇਵਤਿਆਂ ਅਤੇ ਪਾਖੰਡੀ ਸਾਧਾਂ ਤੋਂ ਕੋਈ ਕਾਮਨਾ ਕੀਤੀ ਹੈ।

# ਪਹਿਲੀ ਅਧਿਆਪਕਾਂ ਕ੍ਰਾਂਤੀ ਜੋਤ ਦਾਦੀ ਮਾਂ ਸਵਿੱਤਰੀ ਬਾਈ ਫੂਲੇ



ਅਮਨਦੀਪ ਸਿੱਧੂ
91-94-657-54037

ਅਧਿਆਪਕ ਉਸ ਨੂੰ ਆਖਦੇ ਹਨ ਜੋ ਵਿਦਿਆਰਥੀਆਂ ਦੀ ਜਾਣਕਾਰੀ, ਯੋਗਤਾ ਜਾਂ ਕਦਰਾਂ-ਕੀਮਤਾਂ ਗ੍ਰਹਿਣ ਕਰਵਾਉਣ ਵਿੱਚ ਮਦਦ ਕਰਦਾ ਹੈ। ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਅਧਿਆਪਕਾਂ ਨੂੰ ਵਿਸ਼ੇਸ਼ ਸਨਮਾਨ ਦੇਣ ਲਈ ਅਧਿਆਪਕ ਦਿਵਸ ਦਾ ਪ੍ਰਬੰਧ ਹੁੰਦਾ ਹੈ। ਕੁੱਝ ਦੇਸ਼ਾਂ ਵਿੱਚ ਉਸ ਦਿਨ ਦੀ ਛੁੱਟੀ ਹੁੰਦੀ ਹੈ ਜਦੋਂ ਕਿ ਕੁੱਝ ਦੇਸ਼ ਇਸ ਦਿਨ ਨੂੰ ਕੰਮ- ਕਾਜ ਕਰਦੇ ਹੋਏ ਮਨਾਉਂਦੇ ਹਨ। ਭਾਰਤੀ ਫਲਸਫੇ ਅਨੁਸਾਰ ਗੁਰੂ ਦਾ ਦਰਜਾ ਦਿੱਤਾ ਜਾਂਦਾ ਹੈ ਸੋ ਇਸ ਲਈ ਸਾਨੂੰ ਸਭ ਨੂੰ ਅਧਿਆਪਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਹੀ ਅਧਿਆਪਕ ਦਿਵਸ ਮਨਾਉਣ ਦੀ ਅਸਲ ਭਾਵਨਾ ਸਾਕਾਰ ਹੋ ਸਕਦੀ ਹੈ। ਕਿਉਂਕਿ ਅਧਿਆਪਕ ਸਮਾਜ ਦੇ ਸਭ ਤੋਂ ਵਧ ਰੋਸ਼ਨ ਦਿਮਾਗ ਹੁੰਦੇ ਹਨ। ਅਨਪੜ੍ਹਤਾ ਕਾਰਨ ਬਹੁਤ ਸਾਰੀ ਸਮਾਜਿਕ ਸ਼ਕਤੀ ਦਿਸ਼ਾਹੀਣ ਹੁੰਦੀ ਹੈ ਅਤੇ ਉਸ ਸ਼ਕਤੀ ਨੂੰ ਗਿਆਨ ਪ੍ਰਦਾਨ ਕਰਕੇ ਦਿਸ਼ਾਬੱਧ ਬਨਾਉਣਾ ਅਧਿਆਪਕ ਦਾ ਪ੍ਰਮੁੱਖ ਕਾਰਜ ਹੈ। ਭਟਕਦੇ ਮਨ ਨੂੰ ਸ਼ਾਂਤ ਕਰਨ ਦਾ ਇਕਮਾਤਰ ਉਪਾਅ ਗਿਆਨ ਹੈ ਜੋ ਕਿ ਅਧਿਆਪਕ ਵਲੋਂ ਪ੍ਰਾਪਤ ਹੁੰਦਾ ਹੈ।




ਭਾਰਤ/ਪੰਜਾਬ ਵਿੱਚ ਵੀ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ ਪਰ ਅਫਸੋਸ ਇਸ ਗੱਲ ਦਾ ਹੈ ਕਿ ਭਾਰਤ ਵਿੱਚ ਰਹਿੰਦੇ ਹਰ ਵਿਅਕਤੀ ਨੂੰ ਸੱਚ ਤੋਂ ਜਾਣੂ ਹੋ ਚਾਹੀਦਾ ਹੈ ਭਾਰਤ ਵਿੱਚ ਵਿੱਦਿਆ ਦਾ ਪ੍ਰਚਾਰ ਪ੍ਰਸਾਰ ਕਿਸ ਨੇ ਕੀਤਾ, ਵਿੱਦਿਆ ਭਾਰਤ ਦੇ ਦਲਿਤ- ਪਿੱਛੜੇ ਸਮਾਜ ਭਾਵ (ਐਸ.ਸੀ, ਐਸ.ਟੀ, ਓ.ਬੀ.ਸੀ.) ਆਦਿ ਨੂੰ ਕਦੋਂ ਮਿਲਣੀ ਸ਼ੁਰੂ ਹੋਈ ਕਿਸ ਦੁਆਰਾ ਦਿੱਤੀ ਗਈ ਇਸ ਬਾਰੇ ਹਰ ਭਾਰਤੀ ਨੂੰ ਜਾਣਾਂ ਚਾਹੀਦਾ ਹੈ। ਆਮ ਤੌਰ ਤੇ ਅਧਿਆਪਕ ਦਿਵਸ ਭਾਰਤ ਦੇ ਭੂਤਪੂਰਵ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਣਨ ਦਾ ਜਨਮ ਦਿਨ (5 ਸਤੰਬਰ) ਭਾਰਤ ਵਿੱਚ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਪਰ ਦੂਸਰੇ ਪਾਸੇ ਅਧਿਆਪਕ ਦਿਵਸ, ਵਿਸ਼ਵ ਅਧਿਆਪਕ ਦਿਵਸ ਤੋਂ ਵੱਖ ਹੁੰਦੇ ਹਨ, ਜੋ ਅਧਿਕਾਰਿਕ ਤੌਰ ਤੇ 5 ਅਕਤੂਬਰ ਨੂੰ ਸੰਸਾਰ ਭਰ ਵਿੱਚ ਮਨਾਇਆ ਜਾਂਦਾ ਹੈ। ਭਾਰਤ ਦੇ ਭੂਤਪੂਰਵ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਣਨ 1962 'ਚ ਜਦੋਂ ਉਹ ਭਾਰਤ ਦੇ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਦੇ ਕੁਝ ਵਿਦਿਆਰਥੀਆਂ ਸਮੇਤ ਦੋਸਤਾਂ ਨੇ ਉਨ੍ਹਾਂ ਦਾ ਜਨਮਦਿਨ ਮਨਾਉਣ ਦੀ ਇੱਛਾ ਜ਼ਾਹਰ ਕੀਤੀ ਪਰ ਡਾ.ਰਾਧਾਕ੍ਰਿਸ਼ਨ ਨੇ ਸੁਝਾਅ ਦਿੱਤਾ ਕਿ ਕਿਉਂ ਨਾ ਅਸੀ ਇਸ ਦਿਨ ਨੂੰ ਅਧਿਆਪਕਾਂ ਨੂੰ ਸਮਰਪਿਤ ਕਰੀਏ, ਜੋ ਕਿ ਉਨ੍ਹਾਂ ਦੇ ਅਧਿਆਪਨ ਕਿੱਤੇ ਲਈ ਪਿਆਰ ਦਾ ਸਬੂਤ ਹੈ। ਪਰ ਇੱਥੇ ਸੋਚਣ ਤੇ ਵਿਚਾਰਨ ਵਾਲੀ ਗੱਲ ਹੈ ਕਿ 05 ਸਤੰਬਰ ਹੀ ਕਿਉਂ 03 ਜਨਵਰੀ ਕਿਉਂ ਨਹੀਂ ਜਦੋਂ ਕਿ ਭਾਰਤ ਦੀ ਪਹਿਲੀ ਅਧਿਆਪਕਾ ਦਾਦੀ ਮਾਂ ਸਵਿੱਤਰੀ ਬਾਈ ਫੂਲੇ ਜਨਮ 03 ਜਨਵਰੀ 1831 ਨੂੰ ਮਹਾਂਰਾਸ਼ਟਰ ਦੇ ਨਏਗਾਓਂ ਵਿੱਚ ਹੋਇਆ। ਅਤੇ ਡਾ. ਸਰਵਪੱਲੀ ਰਾਧਾਕ੍ਰਿਸ਼ਣਨ (5 ਸਤੰਬਰ 1888 ਵਿੱਚ ਹੋਇਆ ਜੋ ਭਾਰਤ ਦੇ ਪਹਿਲੇ ਉਪ-ਰਾਸ਼ਟਰਪਤੀ (1952-1962) ਅਤੇ ਦੂਜੇ ਰਾਸ਼ਟਰਪਤੀ ਰਹੇ। ਉਪ-ਰਾਸ਼ਟਰਪਤੀ ਜੀ ਦਾ ਅਸੀਂ ਸਤਿਕਾਰ ਕਰਦੇ ਹਾਂ ਮੰਨਦੇ ਉਹਨਾਂ ਦੇ ਵੀ ਬਹੁਤ ਦੇਣ ਹੈ ਦੇਸ਼ ਪ੍ਰਤੀ ਪਰ ਦੂਸਰੀ ਤਰਫ਼ ਦਾਦੀ ਮਾਂ ਦੀ ਵੀ ਬਹੁਤ ਦੇਣ ਹੈ ਭਾਰਤ ਦੇਸ਼ ਪ੍ਰਤੀ, ਉਹਨਾਂ ਦੇ ਜਨਮ ਦਿਨ ਨੂੰ ਸਮਰਪਿਤ ਅਧਿਆਪਕ ਦਿਵਸ ਰੱਖ ਦਿੰਦੇ, ਕਿਉਂ ਬਹੁਜਨਾਂ ਨਾਲ ਇਹ ਅਨਿਆਏ ਕਿਉਂਕਿ ਦੇਸ਼ ਤੇ ਕਾਬਜ਼ ਹੋਏ ਸਰਮਾਏਦਾਰਾ ਹਾਕਮਾਂ ਵਿਦੇਸ਼ੀਆਂ ਹੈ ਦੇਸ਼ ਅੰਦਰ ਵਿਦੇਸ਼ੀਆਂ ਦਾ ਹੀ ਰਾਜ ਹੈ, ਜਿਸ ਵਰਗ ਦਾ ਦੇਸ਼ ਵਿੱਚ ਰਾਜ ਹੁੰਦਾ ਹੈ ਉਹ ਆਪਣੇ ਮੁਤਾਬਕ ਆਪਣੀ ਪਾਵਰ(ਸ਼ਕਤੀ) ਨਾਲ ਇਤਿਹਾਸ ਬਣ ਲੈਂਦਾ ਹੈ ਜਾਂ ਫਿਰ ਦੂਸਰੇ ਤੋਂ ਲਿਖ ਵਾ ਲੈਂਦਾ ਹੈ, ਇਹ ਹੁੰਦੀ ਹੈ ਪਾਵਰ (ਸ਼ਕਤੀ) ਕਮਾਲ ਸ਼ਾਇਦ ਇਸ ਤੋਂ ਬਹੁਜਨ ਸਮਾਜ ਅਜੇ ਅਣਜਾਣ ਹੈ ਬਹੁਜਨਾਂ ਨੂੰ ਆਪਣੀ ਤਖ਼ਤ ਨੂੰ ਪਛਾਣਨ (ਜਾਨਣ) ਦੀ ਲੋੜ ਹੈ, ਜਦੋਂ ਬਹੁਜਨਾਂ ਦਾ ਰਾਜ ਆਇਆ ਤੇ ਅਨੇਕਾਂ ਕਾਰਜ ਹੋਏ,ਇਤਿਹਾਸ ਗਵਾਹ ਹੈ। ਇਸੇ ਕਾਰਨ ਅਜ਼ਾਦੀ ਤੋਂ ਬਾਅਦ ਕਾਬਜ ਹੋਏ ਸਰਮਾਏਦਾਰਾ ਹਾਕਮਾਂ ਨੇ ਸਾਵਿੱਤਰੀ ਬਾਈ ਨੂੰ ਭੁਲਾ ਦਿੱਤਾ, ਕਿਉਂਕਿ ਉਸ ਦੀਆਂ ਸਿੱਖਿਆਵਾਂ ਉਹਨਾਂ ਲਈ ਖਤਰਨਾਕ ਹਨ। ਮੌਜੂਦਾ ਹਾਕਮ ਨਾ ਤਾਂ ਦਲਿਤਾਂ ਤੇ ਔਰਤਾਂ ਨੂੰ ਬਰਾਬਰ ਦੇ ਹੱਕ ਦੇ ਸਕਦੇ ਹਨ, ਨਾ ਇੱਕ ਔਰਤ ਦਾ ਆਗੂ ਹੋਣਾ ਉਹਨਾਂ ਨੂੰ ਪਚ ਸਕਦਾ ਹੈ। ਦਾਦੀ ਮਾਂ ਸਵਿੱਤਰੀ ਬਾਈ ਫੂਲੇ ਦੁਆਰਾ ਕੀਤੇ ਕਾਰਜ ਸਾਵਿੱਤਰੀ ਬਾਈ ਫੂਲੇ ਨੇ ਔਰਤਾਂ ਦੀ ਸਿੱਖਿਆ ਲਈ ਬਹੁਤ ਹੀ ਮਹੱਤਵਪੂਰਨ ਕੰਮ ਕੀਤੇ। 01 ਜਨਵਰੀ, 1848 ਨੂੰ ਪੂਨੇ ਵਿੱਚ ਉਹਨਾਂ ਪਹਿਲੇ ਮਹਿਲਾ(ਔਰਤਾਂ) ਲਈ ਅਤੇ 15 ਮਈ 1848 ਨੂੰ ਦਲਿਤ ਬੱਚਿਆਂ ਲਈ ਸਕੂਲ ਦੀ ਸਥਾਪਨਾ ਕੀਤੀ। ਬੇਸ਼ੱਕ ਦਾਦੀ ਮਾਂ ਤੇ ਗੰਦ ਸੁੱਟਦੇ, ਇੱਟਾਂ, ਪੱਥਰ ਮਾਰਦੇ, ਗੁੰਡੇ ਦਾਦੀ ਮਾਂ ਨੂੰ ਘੇਰਦੇ ਅਤੇ ਅਪਮਾਨਿਤ ਕਰਦੇ ਹਨ, ਦਾਦੀ ਮਾਂ ਲੋਕਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਮਕਸਦ ਲਈ ਸਮਰਪਿਤ ਹੋ ਕੇ ਜਿਉਂਦੀ ਰਹੀ। ਆਖਿਰ ਵਿੱਚ ਜੋਤੀਬਾ ਅਤੇ ਸਵਿੱਤਰੀ ਨੇ 20 ਸਕੂਲ ਪੂਨੇ ਅਤੇ ਇਸ ਪਾਸੇ ਦੇ ਪਿੰਡਾਂ ਵਿੱਚ ਖੋਲ੍ਹੇ। ਸਾਵਿੱਤਰੀ ਬਾਈ ਨੇ ਪ੍ਰਾਇਮਰੀ ਪੱਧਰ 'ਤੇ ਵਿਗਿਆਨਕ ਸਿੱਖਿਆ ਸ਼ਾਮਲ ਕਰਨ 'ਤੇ ਜੋਰ ਦਿੱਤਾ।

ਮਹਾਰਾਸ਼ਟਰ ਦੀ ਸਰਕਾਰ ਵਲੋਂ ਦਾਦੀ ਮਾਂ ਸਵਿੱਤਰੀ ਬਾਈ ਫੂਲੇ ਦੀ ਯਾਦ ਵਿੱਚ ਹਰ ਸਾਲ ਸਮਾਜ -ਸੁਧਾਰ ਲਈ ਕੰਮ ਕਰਨ ਵਾਲੀ ਔਰਤ ਨੂੰ ਅਵਾਰਡ ਦਿੱਤਾ ਜਾਂਦਾ ਹੈ। ਸੰਨ 1998 ਵਿੱਚ 10 ਮਾਰਚ ਨੂੰ ਉਨ੍ਹਾ ਦੀ ਯਾਦ ਵਿੱਚ ਡਾਕ-ਤਾਰ ਵਿਭਾਗ ਵਲੋਂ ਡਾਕ ਟਿਕਟ ਜਾਰੀ ਕੀਤਾ ਗਿਆ। ਸੰਨ 2015 ਵਿੱਚ ਉਨ੍ਹਾਂ ਦੇ ਸਨਮਾਨ ਹਿੱਤ 'ਪੂਨਾ ਯੂਨੀਵਰਸਿਟੀ' ਦਾ ਨਾਂ 'ਸਵਿੱਤਰੀ ਬਾਈ ਫੂਲੇ ਪੂਨਾ ਯੂਨੀਵਰਸਿਟੀ' ਰੱਖਿਆ ਗਿਆ। ਹੁਣੇ ਹੀ ਇਸੇ ਸਾਲ 3 ਜਨਵਰੀ ਨੂੰ ਗੂਗਲ ਦੁਆਰਾ ਉਹਨਾਂ ਦੇ 186ਵੇਂ ਜਨਮ ਦਿਨ ਤੇ ਸਨਮਾਨ ਹਿੱਤ ਗੂਗਲ ਡੂਡਲ ਜਾਰੀ ਕੀਤਾ ਜਿਸ ਵਿੱਚ ਸਵਿੱਤਰੀ ਬਾਈ ਨੂੰ ਆਪਣੇ ਪੱਲੂ ਹੇਠ ਔਰਤਾਂ ਨੂੰ ਆਪਣੀ ਬੁੱਕਲ ਵਿੱਚ ਲੈਂਦੇ ਦਿਖਾਇਆ ਗਿਆ ਹੈ। ਅਧਿਆਪਕ ਬੱਚੇ ਦੀ ਪੜ੍ਹਾਈ ਉੱਤੇ ਸਭ ਤੋਂ ਜ਼ਿਆਦਾ ਅਸਰ ਪਾਉਂਦੇ ਹਨ। ਵਿਲਿਅਮ ਏਅਰਜ਼ ਆਪਣੀ ਪੁਸਤਕ 'ਟੂ ਟੀਚ ਦ ਜਰਨੀ ਆਫ਼ ਏ ਟੀਚਰ' ਵਿਚ ਇਸ ਗੱਲ ਦਾ ਜਵਾਬ ਦਿੰਦਾ ਹੈ, ਅਸਰਦਾਰ ਸਿੱਖਿਆ ਦੇਣ ਲਈ ਸਮਝਦਾਰ, ਕਦਰਦਾਨ ਅਤੇ ਮਿਹਨਤੀ ਟੀਚਰਾਂ ਦੀ ਜ਼ਰੂਰਤ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖ਼ਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਵਿਸਕਾਂਸਿਨ ਦੇ ਓਕ ਕ੍ਰੀਕ ਸਥਿਤ ਸਿੱਖ ਗੁਰਦੁਆਰੇ ਵਿਚ ਦੁਖਾਂਤਕ ਸ਼ੂਟਿੰਗ ਦੀ ਛੇਵੀਂ ਵਰ੍ਹੇਗੰਢ

**ਵਿਸਕਾਂਸਿਨ, ਅਮਰੀਕਾ (ਹੁਸਨ ਲੜੋਆ ਬੰਗਾ)–** ਹਾਊਸ ਡੈਮੋਕ੍ਰੇਟਿਕ ਕੋਕਸ ਚੇਅਰ ਜੋਅ ਕਰੋਲੀ (ਕੁਈਨਜ਼, ਬ੍ਰੌਂਕਸ) ਨੇ ਵਿਸਕਾਂਸਿਨ ਦੇ ਓਕ ਕ੍ਰੀਕ ਸਥਿਤ ਸਿੱਖ ਗੁਰਦੁਆਰੇ ਵਿਚ ਦੁਖਾਂਤਕ ਸ਼ੂਟਿੰਗ ਦੀ ਛੇਵੀਂ ਵਰ੍ਹੇਗੰਢ 'ਤੇ ਇਹ ਬਿਆਨ ਜਾਰੀ ਕਰਦਿਆਂ ਕਿਹਾਕਿ 'ਛੇ ਸਾਲ ਪਹਿਲਾਂ, ਛੇ ਨਿਰਦੋਸ਼ ਅਤੇ ਸ਼ਾਂਤੀਪੂਰਨ ਸਿੱਖ ਸੰਗਤਾਂ ਨੂੰ ਨਫਰਤ ਤਹਿਤ ਮਾਰ ਮੁਕਾਇਆ ਸੀ ਤੇ ਅੱਜ ਅਸੀਂ ਭਰੇ ਦਿਲ ਨਾਲ ਇਸ ਦਿਨ ਨੂੰ ਯਾਦ ਕਰਦੇ ਹਾਂ, ਸਾਨੂੰ ਇਹ ਵੀ ਦੁੱਖ ਨਾਲ ਯਾਦ ਦਿਵਾਇਆ ਜਾਂਦਾ ਹੈ ਕਿ ਸਿੱਖ ਕੌਮ ਅਤੇ ਹੋਰ ਧਰਮਾਂ, ਨਸਲਾਂ ਅਤੇ ਨਸਲਾਂਦੇ ਲੋਕ, ਕੱਟੜਪੰਥੀ ਅਤੇ ਹਿੰਸਾ ਦੇ ਨਿਸ਼ਾਨੇ 'ਤੇ ਬਣੇ ਰਹਿੰਦੇ ਹਨ। ਉਹਨਾਂ ਕਿਹਾ ਕਿ ਅਸੀਂ ਓਕ ਕ੍ਰੀਕ ਦੁਖਾਂਤ ਦੇ ਪੀੜਤਾਂ ਲਈ ਜਦੋਂ ਇਕੱਲੇ ਹੁੰਦੇ ਹਾਂ ਤਾਂ ਅਸਹਿਣਸ਼ੀਲਤਾ ਵਿਰੁੱਧ ਲੜਾਈ ਤੇ ਸਾਡੀ ਵਚਨਬੱਧਤਾ ਹੋਰ ਮਜ਼ਬੂਤ ਹੋ ਜਾਂਦੀ ਹੈ। ਉਹਨਾਂ ਕਿਹਾ ਕਿ ਇਸ ਦੇਸ਼ ਵਿਚ ਹਰ ਵਿਅਕਤੀ, ਕੋਈ ਮਾਇਨੇ ਨਹੀਂ




ਰੱਖਦਾ ਕਿ ਉਹ ਕਿੱਥੋਂ ਆਉਂਦੇ ਹਨ, ਉਹ ਕਿਹੋ ਜਿਹਾ ਦਿੱਸਦਾ ਹੈ ਜਾਂ ਉਹ ਕਿਸ ਨੂੰ ਮੰਨਦੇ ਹਨ ਪਰ ਸ਼ਾਂਤੀ ਵਿਚ ਰਹਿਣ ਦਾ ਹੱਕਦਾਰ ਹੈ। ਸਿੱਖ ਅਮਰੀਕੀ ਭਾਈਚਾਰੇ ਨਾਲ ਸਬੰਧਤ ਮੁੱਦਿਆਂ 'ਤੇ ਕਾਂਗਰਸ ਦੇ ਇਕ ਮਾਨਤਾ ਪ੍ਰਾਪਤ ਆਗੂ ਨੇ ਕਿਹਾ ਕਿ ਸਿੱਖ ਅਮਰੀਕਨ ਦੇ ਖਿਲਾਫ ਕੀਤੇ ਜਾ ਰਹੇ ਨਸਲੀ ਅਪਰਾਧਾਂ ਸਬੰਧੀ ਡਾਟਾ ਇਕੱਠਾ ਕਰਨ ਲਈ ਫੈਡਰਲ ਸਰਕਾਰ ਨੂੰ ਮਨਾਉਣ ਲਈ ਨਿਰਣਾਇਕ ਜੇ ਕਰੋਲੀ ਨੇ ਕਈ ਸਾਲਾਂ ਦੀ ਸਫਲ ਕੋਸ਼ਿਸ਼ ਕੀਤੀ। ਸਿੱਖ ਆਗੂਆਂ ਨੇ ਕਿਹਾ ਕਿ ਸਿੱਖ ਅਮਰੀਕਨ ਭਾਈਚਾਰੇ ਖਿਲਾਫ ਨਫਰਤ ਅਪਰਾਧ ਦੇ ਕੰਮ ਤੋਂ ਇਲਾਵਾ, ਕ੍ਰੋਲੀ ਨੇ ਯੂ. ਐਸ. ਆਰਮੀ ਵਿਚ ਸਿੱਖਾਂ ਲਈ ਮੌਕਿਆਂ ਦਾ ਵਿਸਥਾਰ ਕਰਨ ਲਈ ਹਾਊਸ ਆਫ ਰੀਪ੍ਰਜ਼ੈਂਟੇਟਿਵਜ਼ ਵਿਚ ਸਫਲ ਯਤਨ ਕੀਤਾ। ਪਿਛਲੇ ਸਾਲ ਉਸਨੇ ਅੰਤਰ ਰਾਸ਼ਟਰੀ ਬਾਸਕਟਬਾਲ ਫੈਡਰੇਸ਼ਨ ਨੂੰ ਸਿੱਖ ਖਿਡਰੀਆਂ ਦੇ ਖਿਲਾਫ ਆਪਣੀ ਪੱਖਪਾਤੀ ਨੀਤੀ ਨੂੰ ਖਤਮ ਕਰਨ ਲਈ ਮਨਾਉਣ ਦੀ ਕੋਸ਼ਿਸ਼ ਵੀ ਕੀਤੀ।

# ਜਸਟਿਸ ਗੋਗੋਈ ਹੋਣਗੇ ਭਾਰਤ ਦੇ ਅਗਲੇ ਚੀਫ਼ ਜਸਟਿਸ



**ਨਵੀਂ ਦਿੱਲੀ–** ਭਾਰਤ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਦੇਸ਼ ਦੇ ਅਗਲੇ ਚੀਫ ਜਸਟਿਸ ਲਈ ਜਸਟਿਸ ਰੰਜਨ ਗੋਗੋਈ ਦੇ ਨਾਂਅ ਦੀ ਸਿਫਾਰਸ਼ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਹੈ। ਜਸਟਿਸ ਗੋਗੋਈ ਤਿੰਨ ਅਕਤੂਬਰ ਨੂੰ ਦੇਸ਼ ਦੇ ਚੀਫ ਜਸਟਿਸ ਵਜੋਂ ਸਹੁੰ ਚੁੱਕਣਗੇ। ਚੀਫ ਜਸਟਿਸ ਮਿਸ਼ਰਾ 2 ਅਕਤੂਬਰ ਨੂੰ ਸੇਵਾਮੁਕਤ ਹੋ ਰਹੇ ਹਨ ਪਰ ਦੋ ਅਕਤੂਬਰ ਨੂੰ ਗਾਂਧੀ ਜੈਅੰਤੀ ਹੋਣ ਕਾਰਨ ਉਨ੍ਹਾਂ ਦਾ ਆਖ਼ਰੀ ਕੰਮਕਾਜ਼ੀ ਦਿਨ 1 ਅਕਤੂਬਰ ਹੋਵੇਗਾ। ਜਸਟਿਸ ਗੋਗੋਈ ਨੂੰ ਤਿੰਨ ਅਕਤੂਬਰ ਨੂੰ ਦੇਸ਼ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਅਹੁਦੇ ਦੀ ਸਹੁੰ ਚੁਕਾਉਣਗੇ। ਉੱਚ ਪੱਧਰੀ ਸੂਤਰਾਂ ਨੇ ਇੱਕ ਸਤੰਬਰ ਨੂੰ ਜਾਣਕਾਰੀ ਦਿੱਤੀ ਸੀ ਕਿ ਜਸਟਿਸ ਮਿਸ਼ਰਾ ਨੇ ਸੁਪਰੀਮ ਕੋਰਟ ਵਿੱਚ ਉਨ੍ਹਾਂ ਤੋਂ ਬਾਅਦ ਸਭ ਤੋਂ ਸੀਨੀਅਰ ਜਸਟਿਸ ਰੰਜਨ ਗੋਗੋਈ ਦਾ ਨਾਂਅ ਆਪਣੇ ਜਾਨਸ਼ੀਨ ਵਜੋਂ ਕੇਂਦਰ ਸਰਕਾਰ ਨੂੰ ਭੇਜਣ ਦਾ ਫੈਸਲਾ ਕੀਤਾ ਹੈ। ਦੇਸ਼ ਦੇ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਪਿਛਲੇ ਦਿਨੀ ਚੀਫ ਜਸਟਿਸ ਨੂੰ ਆਪਣੇ ਜਾਨਸ਼ੀਨ ਦੇ ਨਾਂਅ ਦੀ ਸਿਫਾਰਸ਼ ਭੇਜਣ ਲਈ ਪੱਤਰ ਲਿਖਿਆ ਸੀ।

ਜਸਟਿਸ ਗੋਗੋਈ ਦੇ ਨਾਂਅ ਨੂੰ ਲੈ ਕੇ ਇਸ ਕਰਕੇ ਚਰਚਾ ਚੱਲ ਰਹੀ ਸੀ ਕਿ ਕਿਉਂਕਿ ਬੀਤੇ ਸਮੇਂ ਦੇਸ਼ ਦੇ ਚਾਰ ਸੀਨੀਅਰ ਜੱਜਾਂ ਵੱਲੋਂ ਕੀਤੀ ਪ੍ਰੈਸ ਕਾਨਫਰੰਸ ਵਿੱਚ ਉਹ ਵੀ ਸ਼ਾਮਲ ਸਨ ਅਤੇ ਇਸ ਵਿੱਚ ਇਨ੍ਹਾਂ ਜੱਜਾਂ ਨੇ ਸੁਪਰੀਮ ਕੋਰਟ ਵਿੱਚ ਕੰਮ ਦੀ ਵੰਡ ਨੂੰ ਲੈ ਕੇ ਟਿੱਪਣੀਆਂ ਕੀਤੀਆਂ ਸਨ।

# ਕਾਂਗਰਸ ਨੇ ਜਿਲ੍ਹਾ ਪਰੀਸ਼ਦ ਚੋਣ ਲਈ ਪੱਛਮੀ ਜੋਨ ਤੋਂ ਨਿਸ਼ਾ ਰਾਣੀ ਖੇੜਾ ਨੂੰ ਐਲਾਨਿਆ ਉਮੀਦਵਾਰ

**ਫਗਵਾੜਾ (ਰੱਤੂ)–** ਬਲਾਕ ਕਾਂਗਰਸ ਫਗਵਾੜਾ ਦਿਹਾਤੀ ਦੀ ਇਕ ਅਹਿਮ ਮੀਟਿੰਗ ਕੇ.ਜੀ. ਰਿਜੋਰਟ ਫਗਵਾੜਾ ਵਿਖੇ



ਹੋਈ। ਮੀਟਿੰਗ ਦੀ ਪ੍ਰਧਾਨਗੀ ਦਿਹਾਤੀ ਕਾਂਗਰਸ ਬਲਾਕ ਫਗਵਾੜਾ ਦੇ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ ਨੇ ਕੀਤੀ। ਮੀਟਿੰਗ ਵਿਚ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਕੈਬਿਨੇਟ ਮੰਤਰੀ ਜੋਗਿੰਦਰ ਸਿੰਘ ਮਾਨ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਹਨਾਂ ਦੇ ਨਾਲ ਡਾ. ਨਵਜੋਤ ਸਿੰਘ ਦਾਹੀਆ ਆਬਜਰਵਰ ਫਗਵਾੜਾ ਹਲਕਾ ਵੀ ਸਨ। ਮੀਟਿੰਗ ਦੌਰਾਨ ਹਾਜਰ ਪੰਚਾਂ, ਸਰਪੰਚਾਂ, ਨੰਬਰਦਾਰਾਂ ਅਤੇ ਟਕਸਾਲੀ ਕਾਂਗਰਸੀ ਆਗੂਆਂ ਦੀ ਸਹਿਮਤੀ ਨਾਲ ਜਿਲ੍ਹਾ ਪਰੀਸ਼ਦ ਪੱਛਮੀ ਜੋਨ (ਰਿਜਰਵ) ਤੋਂ ਨਿਸ਼ਾ ਰਾਣੀ ਪਤਨੀ ਨੰਦ ਲਾਲ ਖੇੜਾ ਨੂੰ ਉਮੀਦਵਾਰ ਐਲਾਨਿਆ ਗਿਆ। ਇਸ ਤੋਂ ਇਲਾਵਾ ਬਲਾਕ ਸੰਮਤੀ ਫਗਵਾੜਾ ਦੇ ਵੀ ਸੱਤ ਉਮੀਦਵਾਰਾਂ ਦੇ ਨਾਮ ਦਾ ਐਲਾਨ ਕੀਤਾ ਗਿਆ। ਜਿਹਨਾਂ ਵਿਚ ਜੋਨ ਨੰਬਰ 1 ਡੁਮੇਲੀ ਜਨਰਲ (ਇਸਤਰੀ) ਤੋਂ ਅਰਵਿੰਦਰ ਕੌਰ ਪਤਨੀ ਕੁਲਦੀਪ ਸਿੰਘ ਹਰਬੰਸਪੁਰ, ਜੋਨ ਨੰ. 3 ਪਾਂਸ਼ਟ ਜਨਰਲ ਤੋਂ ਇੰਦਰਜੀਤ ਸਿੰਘ ਪਾਂਛਟ, ਜੋਨ ਨੰ. 6 ਲੱਖਪੁਰ (ਰਿ.) ਤੋਂ ਪਵਨ ਕੁਮਾਰ ਸੋਨੂੰ ਬੇਗਮਪੁਰ, ਜੋਨ ਨੰਬਰ 9 ਪਲਾਹੀ ਜਨਰਲ ਸੀਟ ਤੋਂ ਨਜ਼ਮਾ ਪਤਨੀ ਸਰਬਰ ਗੁਲਾਮ ਸੱਬਾ ਪਲਾਹੀ, ਜੋਨ ਨੰਬਰ 10 ਖਲਵਾੜਾ (ਰਿ.) ਤੋਂ ਸਾਬਕਾ ਸਰਪੰਚ ਢੱਕ ਪੰਡੋਰੀ ਰੂਪ ਲਾਲ, ਜੋਨ ਨੰ. 11 ਜਨਰਲ ਤੋਂ ਗੁਰਦਿਆਲ ਸਿੰਘ ਭੁੱਲਾਰਾਈ, ਜੋਨ ਨੰਬਰ 19 ਪਿੰਡ ਮੌਲੀ (ਰਿ.) ਤੋਂ ਸੁੱਚਾ ਰਾਮ ਲੰਬੜਦਾਰ ਸ਼ਾਮਲ ਹਨ।

# ਮਿਸ਼ਨਰੀ ਗੀਤਕਾਰ ਤੇ ਲੇਖਕ ਵਿਜੈ ਗੁਣਾਚੌਰ ਵਤਨ ਨੂੰ ਰਵਾਨਾ

**ਵੈਨਕੂਵਰ (ਹਰਨੇਕ ਸਿੰਘ ਵਿਰਦੀ)–** ਮਿਸ਼ਨਰੀ ਗੀਤਕਾਰ ਤੇ ਲੇਖਕ ਵਿਜੈ ਗੁਣਾਚੌਰ ਆਪਣੀ ਕੈਨੇਡਾ ਦੀ ਲਗਭਗ 3 ਮਹੀਨੇ ਦੀ ਫੇਰੀ ਦੌਰਾਨ ਅੱਜ ਵਾਪਸ ਵਤਨ ਪੰਜਾਬ ਵੱਲ ਨੂੰ ਰਵਾਨਾ ਹੋ ਗਏ। ਗੱਲਬਾਤ ਦੌਰਾਨ ਵਿਜੈ ਗੁਣਾਚੌਰ ਨੇ ਦੱਸਿਆ ਕਿ ਉਹ ਇੱਥੇ ਮਰਹੂਮ ਸਾਬਕਾ ਐਮ.ਪੀ. ਹਰਭਜਨ ਸਿੰਘ ਲਾਖਾ ਜੀ ਦੀ ਸਲਾਨਾ ਬਰਸੀ 'ਤੇ ਪੁੱਜੇ ਸਨ। ਇਸਤੋਂ ਇਲਾਵਾ ਜਿੱਥੇ ਉਨ੍ਹਾਂ ਨੇ ਇੱਥੋਂ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਐਮ.ਪੀ.ਸੁੱਖ ਧਾਲੀਵਾਲ, ਸਹਿਬ ਧਾਰੀਵਾਲ ਸਿਟੀ ਕੌਂਸਲਰ ਆਫ ਬਰਨਵੀ, ਲਿਬਰਲ ਪਾਰਟ ਦੇ ਪ੍ਰਧਾਨ ਐਂਨਡਰੀਓ ਵਿਕਲਸਨ, ਗੁਰਿੰਦਰ ਪਰਹਾਰ ਬਿਲਰਲ ਪਾਰਟੀ ਆਦਿ ਸਖਸ਼ੀਅਤਾਂ ਨੇ ਵਿਸ਼ੇਸ਼ ਮੁਲਾਕਾਤ ਕੀਤੀ ਉਥੇ ਕੈਨੇਡਾ ਵੱਖ ਵੱਖ ਸ਼ਹਿਰਾਂ ਦੀ ਵੀ ਸੈਰ ਕੀਤੀ। ਇਸ ਮੌਕੇ ਉਘੇ ਸਮਾਜ ਸੇਵਕ ਤੇ ਸਾਬਕਾ ਐਮ.ਪੀ. ਹਰਭਜਨ ਲਾਖਾ ਦੇ ਸਪੁੱਤਰ ਪਰਮਜੀਤ ਲਾਖਾ ਨੇ ਦੱਸਿਆ ਕਿ ਵਿਜੈ ਗੁਣਾਚੌਰ ਬਹੁਤ ਹੀ ਨੇਕ ਸੁਭਾਅ ਤੇ ਮਿ-ਲਣਸਾਰ ਵਿਅਕਤੀ ਹਨ ਤੇ ਉਨ੍ਹਾਂ ਨਾਲ ਬਿਤਾਏ ਪਲ ਹਮੇਸ਼ਾ ਦਿਲ ਦੇ ਚਿਤ ਚੇਤਿਆਂ 'ਚ ਸੰਭਾਲ ਕੇ ਰੱਖਾਂਗੇ। ਇਸ ਮੌਕੇ ਵੈਨਕੂਵਰ ਏਅਰਪੋਰਟ 'ਤੇ ਵਿਦਾਇਗੀ ਦੇਣ ਸਮੇਂ ਪਾਵਰ ਕੂਲ ਕੰਪਨੀ ਦੇ ਕਰਤਾ ਧਰਤਾ ਪਰਮਜੀਤ ਲਾਖਾ, ਸੀ.ਈ.ਓ. ਕਮਲਜੀਤ ਲਾਖਾ, ਡਾਇਰੈਕਟਰ ਰਛਪਾਲ ਲਾਖਾ, ਪਰਮਜੀਤ ਸਰੋਆ ਬਾਹੜੋਵਾਲ, ਜੀਤੀ ਲਧਾਣਾ ਉੱਚਾ, ਪ੍ਰਿੰ-ਸੀਪਲ ਮਾਲੂਕ ਚੰਦ, ਬਲਵੀਰ ਸਿੰਘ ਬੈਂਸ, ਹਰਨੇਕ ਵਿਰਦੀ, ਐਸਰੋ ਤੋਂ ਰੂਪ ਲਾਲ ਗੱਡੂ, ਰਤਨਪਾਲ, ਰਛਪਾਲ ਭਾਰਦਵਾਜ ਆਦਿ ਸ਼ਖਸ਼ੀਅਤਾਂ ਹਾਜ਼ਰ ਸਨ।



# ਪੇਰੈਂਟਸ ਐਸੋਸੀਏਸ਼ਨ ਦਾ ਗਠਨ ਕਰਦੇ ਹੋਏ ਚਰਨਜੀਤ ਸਿੰਘ ਭਾਟੀਆ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਐਲਾਨਿਆ ਗਿਆ

**ਫਗਵਾੜਾ (ਰੱਤੂ)–** ਪਿਛਲੇ ਦਿਨੀਂ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਯੂਥ ਆਗੂ ਗੁਰਸ਼ਰਨ ਸਿੰਘ ਨੇ ਕਿਹਾ ਕਿ ਉਹਨਾਂ ਬੇਸ਼ਕ




ਪਾਰਟੀ ਬਦਲ ਲਈ ਹੈ ਪਰ ਸਕੂਲਾਂ ਵਲੋਂ ਬੱਚਿਆਂ ਦੇ ਮਾਪਿਆਂ ਨਾਲ ਕੀਤੀ ਜਾਂਦੀ ਠੱਗੀ ਠੋਰੀ ਦੇ ਖਿਲਾਫ ਜੋ ਸੰਘਰਸ਼ ਉਹਨਾਂ ਸ਼ੁਰੂ ਕੀਤਾ ਸੀ ਉਸ ਵਿਚ ਅੱਜ ਵੀ ਡੱਟ ਕੇ ਮਾਪਿਆਂ ਦੇ ਨਾਲ ਖੜੇ ਹਨ। ਸਥਾਨਕ ਗੁਰਦੁਆਰਾ ਸ਼ਹੀਦ ਸਿੰਘ ਸਭਾ ਸਕੀਮ ਨੰ. 3 ਵਿਖੇ ਮਾਪਿਆਂ ਨਾਲ ਇਕ ਮੀਟਿੰਗ ਦੌਰਾਨ ਗੁਰਸ਼ਰਨ ਸਿੰਘ ਨੇ ਕਿਹਾ ਕਿ ਨਾ ਸਿਰਫ ਫੀਸਾਂ ਅਤੇ ਦਾਖਲਿਆਂ ਦੇ ਨਾਮ ਤੇ ਹੋ ਰਹੀ ਲੁੱਟ ਬਲਕਿ ਜੇਕਰ ਲੋਕਾਂ ਨੂੰ ਕੋਈ ਹੋਰ ਸਮੱਸਿਆ ਵੀ ਪੇਸ਼ ਆਏਗੀ ਤਾਂ ਲੋੜ ਪੈਣ ਤੇ ਵਿਧਾਇਕ ਸੋਮ ਪ੍ਰਕਾਸ਼ ਦੀ ਮਦਦ ਨਾਲ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੇ। ਉਹਨਾਂ ਦੱਸਿਆ ਕਿ ਵਿਧਾਇਕ ਸੋਮ ਪ੍ਰਕਾਸ਼ ਨੇ ਵੀ ਮਾਪਿਆਂ ਨੂੰ ਹੋ ਰਹੀ ਪਰੇਸ਼ਾਨੀ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ ਡਿਵੀਜਨਲ ਕਮੀਸ਼ਨਰ ਨੂੰ ਮਾਮਲੇ ਦੀ ਜਾਂਚ ਕਰਨ ਦੀ ਅਪੀਲ ਕੀਤੀ ਹੈ। ਮੀਟਿੰਗ ਦੌਰਾਨ ਪੇਰੈਂਟਸ ਐਸੋਸੀਏਸ਼ਨ ਦਾ ਗਠਨ ਕਰਦੇ ਹੋਏ ਚਰਨਜੀਤ ਸਿੰਘ ਭਾਟੀਆ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਐਲਾਨਿਆ ਗਿਆ। ਇਸ ਮੌਕੇ ਅਮਰ ਬੱਲ, ਸੁਖਦੇਵ, ਵਰਿੰਦਰ ਸਿੰਘ, ਬਲਜੀਤ ਬੱਲੀ, ਕਾਕੂ ਸ਼ਰਮਾ, ਕੋਮਲ ਭਾਟੀਆ, ਅਜੀਤ ਸਿੰਘ ਰਾਜੇਸ਼ ਸ਼ਰਮਾ, ਸੋਨੂੰ, ਦਿਨੇਸ਼ ਕੁਮਾਰ, ਹਰਮੀਤ ਸਿੰਘ ਅਤੇ ਸਮਰਜੀਤ ਸਿੰਘ ਕਟੋਚ ਤੋਂ ਇਲਾਵਾ ਵੱਡੀ ਗਿਣਤੀ ਵਿਚ ਬੱਚਿਆਂ ਦੇ ਮਾਪੇ ਹਾਜਰ ਸਨ।

# ਅਮਰੀਕਾ ਵੱਸਦੇ ਨਾਮਵਰ ਸ਼ਾਇਰ ਤੇ ਲੇਖਕ ਸੁਰਿੰਦਰ ਸੋਹਲ ਨੂੰ ਭਾਰੀ ਸਦਮਾ

## ਨਿਊਯਾਰਕ 'ਚ ਮਾਤਾ ਦਾ ਦਿਹਾਂਤ

## ਅੰਤਿਮ ਸੰਸਕਾਰ

## 6 ਸਤੰਬਰ ਦਿਨ ਵੀਰਵਾਰ ਨੂੰ ਹੋਵੇਗਾ



ਨਿਊਯਾਰਕ (ਰਾਜ ਗੋਗਨਾ)— ਬੀਤੇ ਦਿਨ ਨਿਊਯਾਰਕ 'ਚ ਵੱਸਦੇ ਪੰਜਾਬੀ ਦੇ ਨਾਮਵਰ ਸ਼ਾਇਰ ਤੇ ਲੇਖਕ ਸੁਰਿੰਦਰ ਸੋਹਲ ਨੂੰ ਉਸ ਵੇਲੇ ਗਹਿਰਾ ਸਦਮਾ ਪਹੁੰਚਿਆ ਜਦੋਂ ਨਿਊਯਾਰਕ (ਅਮਰੀਕਾ ) 'ਚ ਉਹਨਾਂ ਦੀ ਮਾਤਾ ਜੀ ਆਪਣੀ ਸੰਸਾਰਕ ਯਾਤਰਾ ਨੂੰ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦਾ ਪੰਜਾਬ ਤੋਂ ਪਿਛੋਕੜ ਜਲੰਧਰ ਤੋਂ ਕਪੂਰਥਲਾ ਰੋਡ ਤੇ ਸਥਿੱਤ ਪਿੰਡ ਸੰਗਲ਼ ਸੋਹਲ ਸੀ। ਅਦਾਰਾ ਦੇਸ਼ ਦੁਆਬਾ ਇਸ ਦੁੱਖ ਦੀ ਘੜੀ ਵਿਚ ਦੁਖੀ ਪਰਿਵਾਰ ਦੇ ਨਾਲ ਦੁੱਖ ਵਿਚ ਸ਼ਰੀਕ ਹੁੰਦਾ ਹੈ। ਉਹਨਾਂ ਦੀਆਂ ਅੰਤਿਮ ਰਸਮਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਅੰਤਿਮ ਦਰਸ਼ਨ (Anttim Darshan)
6 September 2018 (Thursday)
(10 Am to 11 Am)
Elcock Funeral Home Inc.
130-02 Liberty Ave
South Richmond Hill, NY 11419
(Ph: 718-845-7408)

ਅੰਤਿਮ ਸੰਸਕਾਰ (Anttim Saskaar)
6 September 2018 (Thursday), 1 PM
All Souls Crematory &
Chapel at St. Michael's Cemetery
72-02, Astoria Blvd.
East Elmhurst, NY 11370
(Ph: 718-278-281

ਅੰਤਿਮ ਅਰਦਾਸ (Anttim Ardaas)
6 Sept. 2018 (Thursday), 2.30 pm
The Sikh Center of New York Inc.
222-28, 95th Ave.
Queens Village NY 11429
(Ph: 718-464-2356)

For more information
Phone No
646-220-2586

# ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਏ: ਦੇਸ਼ ਭਗਤ ਕਮੇਟੀ ਨੇ ਕੀਤੀ ਜ਼ੋਰਦਾਰ ਮੰਗ

**ਜਲੰਧਰ (ਬਿਊਰੋ)–** ਜਾਣੇ-ਪਹਿਚਾਣੇ ਇਨਕਲਾਬੀ ਕਵੀ, ਪੱਤਰਕਾਰ, ਲੇਖਕ, ਸਮਾਜ-ਸੇਵੀ ਅਤੇ ਜਮਹੂਰੀ ਹੱਕਾਂ ਦੇ ਸਰਗਰਮ ਵਿਦਵਾਨ ਕਾਮਿਆਂ, ਵਰਵਰਾ ਰਾਓ, ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ, ਡਾ. ਅੰਬੇਦਕਰ ਉਪਰ ਖੋਜ਼ ਕਰਨ ਵਾਲੇ ਗੋਆ ਯੂਨੀਵਰਸਿਟੀ ਦੇ ਪ੍ਰੋ. ਆਨੰਦ ਤੇਲਤੁੰਬੜੇ, ਬੰਬਈ ਹਾਈਕੋਰਟ ਦੇ ਵਕੀਲ ਅਤੇ ਲੇਖਕ ਅਰੁਨ ਫਰੇਰਾ, ਵਰਨੋਨ ਗੋਸਾਲਵੇਜ਼, ਅਸੀਮ, ਕਰਾਂਤੀ, ਸੁਜਾਨ ਅਬਰਾਹੀਮ, ਸਟੇਨ ਸਵਾਮੀ ਅਤੇ ਕੁਮਾਰ ਨਾਥ ਆਦਿ ਦੇ ਘਰਾਂ ਉਪਰ ਛਾਪੇ ਮਾਰਨ, ਤਲਾਸ਼ੀ ਲੈਣ, ਲੈਪਟਾਪ, ਡਾਇਰੀਆਂ, ਕਿਤਾਬਾਂ ਅਤੇ ਹੋਰ ਸਾਮਾਨ ਚੁੱਕਣ, ਗ੍ਰਿਫ਼ਤਾਰ ਕਰਕੇ, ਭੀਮਾਕੋਰੇ ਰਾਓ ਕਾਂਡ ਨਾਲ ਜੋੜਨ ਅਤੇ ਪ੍ਰਧਾਨ ਮੰਤਰੀ ਦੀ ਹੱਤਿਆ ਕਰਨ ਦੀ ਮਨਘੜਤ ਕਹਾਣੀ ਘੜਨ ਦੀ ਸਾਜ਼ਸ਼ 'ਚ ਉਹਨਾਂ ਦੇ ਨਾਮ ਸ਼ਾਮਲ ਕਰਕੇ ਜੇਲ੍ਹੀਂ ਸੁੱਟਣ, ਜਨਤਾ ਨਾਲੋਂ ਸੰਪਰਕ ਤੋੜਨ, ਉਹਨਾਂ ਦੀ ਕਲਮ ਦੀ ਸਿਰਜਣਾ ਅਤੇ ਆਵਾਜ਼ ਬੰਦ ਕਰਨ ਦੀ ਸੋਝੀ ਸਮਝੀ ਸਕੀਮ ਦੀ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਦੇਸ਼ ਭਗਤ ਯਾਦਗਾਰਕ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨੂੰ ਲਿਖਤੀ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬੁੱਧੀਜੀਵੀ ਵਰਗ ਉਪਰ ਵਿਆਪਕ, ਤਿੱਖਾ ਅਤੇ ਘਿਨੌਣਾ ਫਾਸ਼ੀ ਹੱਲਾ ਬੋਲਕੇ ਅਸਲ 'ਚ ਮੋਦੀ ਹਕੂਮਤ ਹੱਕ, ਸੱਚ, ਇਨਸਾਫ਼ ਦੀ ਆਵਾਜ਼ ਦੇ ਗਲ ਗੂਠਾ ਦੇਣਾ ਚਾਹੁੰਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦਾ ਸਪੱਸ਼ਟ ਮੱਤ ਹੈ ਕਿ ਮੁਲਕ ਦੇ ਜੰਗਲ, ਜਲ, ਜ਼ਮੀਨ, ਕੌਮੀ ਮਾਲ ਖਜ਼ਾਨੇ, ਪੂਰੀ ਤਰ੍ਹਾਂ ਕਾਰਪੋਰੇਟ ਜਗਤ ਦੀ ਝੋਲੀ ਪਾਉਣ ਲਈ ਸਾਰੇ ਰਾਹ ਮੋਕਲੇ ਕਰਨ, ਹਰ ਅੜਿਕਾ ਦੂਰ ਕਰਨ, ਆਪਣਾ ਫ਼ਿਰਕੂ ਫਾਸ਼ੀ ਅਜੰਡਾ ਲਾਗੂ ਕਰਨ ਲਈ ਮੋਦੀ ਹਕੂਮਤ ਸਿਰੇ ਦੇ ਧੱਕੜ, ਗੈਰ ਜਮਹੂਰੀ ਅਤੇ ਜਾਬਰਾਨਾ ਕਦਮ ਉਠਾ ਰਹੀ ਹੈ ਜਿਨ੍ਹਾਂ ਦੀ ਭਵਿੱਖ ਵਿੱਚ ਉਸ ਨੂੰ ਭਾਰੀ ਕੀਮਤ ਦੇਣੀ ਪਵੇਗੀ।

ਕਮੇਟੀ ਨੂੰ ਸਮੂਹ ਲੋਕ ਪੱਖੀ, ਇਨਸਾਫ਼ ਪਸੰਦ, ਜਮਹੂਰੀ ਇਨਕਲਾਬੀ ਜੱਥੇਬੰਦੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਬੁੱਧੀਜੀਵੀਆਂ ਦੀ ਬਿਨ ਸ਼ਰਤ ਤੁਰੰਤ ਰਿਹਾਈ, ਝੂਠੇ ਕੇਸ ਰੱਦ ਕਰਨ, ਵਿਚਾਰਾਂ ਦੀ ਆਜ਼ਾਦੀ ਉਪਰ ਛਾਪੇ ਮਾਰਨੇ ਬੰਦ ਕਰਾਉਣ ਲਈ ਸਿਰ ਜੋੜਕੇ ਲੋਕ ਸੰਗਰਾਮ ਦੇ ਅਖਾੜੇ ਮਘਾਉਣ ਤਾਂ ਜੋ ਹਕੂਮਤੀ ਜਾਬਰ ਹੱਲੇ ਨੂੰ ਲੱਕ ਤੋੜਵੀਂ ਹਾਰ ਦਿੱਤੀ ਜਾ ਸਕੇ।

# ਪਹਿਲਾਂ ਸੀ ਸਹਿਮਤ ਤੇ ਫਿਰ ਬਣ ਗਈ ਜ਼ਹਿਮਤ


## 'ਨਾਈਟ ਆਊਟ' ਦੌਰਾਨ ਬਣੀ ਸੀ ਕੁਝ ਸਹਿਮਤੀ ਤੇ ਘਰ ਜਾ ਕੇ ਮਾਮਲਾ ਅਗਾਂਹ ਲੰਘ ਗਿਆ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਕਈ ਵਾਰ ਜਿਆਦਾ ਚੁਸਤੀ ਅਤੇ ਮਸਤੀ ਤੁਹਾਡਾ ਜੀਵਨ ਬਰਬਾਦ ਕਰ ਦਿੰਦੀ ਹੈ ਅਤੇ ਇਸ ਰੰਗਲੀ ਦੁਨੀਆ 'ਚ ਮਨੋਰੰਜਨ ਵਾਲਾ ਸਮਾਂ ਬਿਤਾਉਂਦਾ ਵਿਅਕਤੀ ਕਦੋਂ ਬੁਰੇ ਸਮੇਂ ਦੇ ਗੇੜ 'ਚ ਆ ਗੋਤੇ ਖਾ ਜਾਵੇ ਕੋਈ ਨੀ ਕਹਿ ਸਕਦਾ। ਅਜਿਹਾ ਹੀ ਬੇ-ਆਫ ਪਲੈਂਟੀ (ਟੌਰੰਗਾ) ਵਿਖੇ ਰਹਿੰਦੇ ਦੋ ਪੰਜਾਬੀ ਮੁੰਡਿਆਂ ਬਲਜੀਤ ਸਿੰਘ (23) ਅਤੇ ਹਰਪ੍ਰੀਤ ਸਿੰਘ (26) ਨਾਲ ਹੋਇਆ ਲਗਦਾ ਹੈ। 2015 ਦੇ ਵਿਚ ਇਹ ਦੋਵੇਂ ਅਤੇ ਇਨ੍ਹਾਂ ਦਾ ਇਕ ਦੋਸਤ 'ਨਾਈਟ ਆਊਟ' ਦੌਰਾਨ ਇਕ ਔਰਤ ਦੇ ਸੰਪਰਕ ਵਿਚ ਆ ਗਏ। ਕਿਸੇ ਹੱਦ ਤੱਕ ਸਹਿਮਤੀ ਸੀ ਅਤੇ ਬਾਅਦ 'ਚ ਉਸਦੇ ਘਰ ਵੀ ਪਹੁੰਚੇ ਪਰ ਇਹ ਸਹਿਮਤੀ ਬਾਅਦ ਵਿਚ ਜ਼ਹਿਮਤ ਬਣ ਕੇ ਜ਼ਿੰਦਗੀ ਦੇ ਵੱਡੇ ਸਬਕ 'ਚ ਬਦਲ ਗਈ। ਇਹ ਔਰਤ ਵੀ ਨਸ਼ੇ ਵਿਚ ਜਾ ਚੁੱਕੀ ਸੀ ਤੇ ਉਸਦੇ ਘਰ ਹੀ ਮਨੋਰੰਜਨ ਦਾ ਮਾਮਲਾ ਅਗਾਂਹ ਲੰਘ ਗਿਆ। ਇਨ੍ਹਾਂ ਮੁੰਡਿਆ ਦਾ ਸਾਥੀ ਇਸ ਔਰਤ ਦੇ ਘਰੋਂ ਚਲਾ ਗਿਆ ਪਰ ਇਹ ਸਜ਼ਾ ਪ੍ਰਾਪਤ ਕਰਨ ਵਾਲੇ ਦੋਵੇਂ ਮੁੰਡੇ ਉਥੇ ਹੀ ਰਹਿ ਗਏ ਸਨ, ਜਿਨ੍ਹਾਂ ਨੇ ਬਾਅਦ ਵਿਚ ਉਸ ਔਰਤ ਦੇ ਨਾਲ ਜ਼ੋਰ-ਜਬਰਦਸਤੀ ਕੀਤੀ। ਇਨ੍ਹਾਂ ਮੁੰਡਿਆਂ ਉਤੇ ਬਲਾਤਕਾਰ ਦੇ ਦੋਸ਼ ਜਿਊਰੀ ਨੇ ਕੁਝ ਸਮਾਂ ਪਹਿਲਾਂ ਸਾਬਿਤ ਕਰ ਦਿੱਤੇ ਸਨ ਅਤੇ ਅੱਜ ਮਾਣਯੋਗ ਅਦਾਲਤ




ਤੋਂ ਦੋਹਾਂ ਨੂੰ 8 ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ ਹੈ। ਸਰਕਾਰੀ ਵਕੀਲ 9 ਸਾਲ ਦੀ ਸਜ਼ਾ ਦੀ ਮੰਗ ਕਰ ਰਿਹਾ ਸੀ ਪਰ ਕੁਝ ਕਾਰਨਾਂ ਜਿਵੇਂ ਪਛਤਾਵਾ ਆਦਿ ਕਰਕੇ ਇਹ ਸਜ਼ਾ ਘਟਾ ਦਿੱਤੀ ਗਈ। ਹਰਪ੍ਰੀਤ ਸਿੰਘ ਨੇ 16,000 ਡਾਲਰ ਤੱਕ ਹਰਜਾਨਾ ਭਰਨ ਦੀ ਪੇਸ਼ਕਸ਼ ਵੀ ਕੀਤੀ ਸੀ। ਇਸਦੇ ਵਕੀਲ ਨੇ ਕਿਹਾ ਸੀ ਕਿ ਹਰਜ਼ਾਨਾ ਭਰਨ ਬਾਅਦ ਵੀ ਇਮੀਗ੍ਰੇਸ਼ਨ ਉਸਦਾ ਵੀਜ਼ਾ ਸਟੇਟਸ ਵੇਖੇਗੀ ਅਤੇ ਦੇਸ਼ ਨਿਕਾਲਾ ਵੀ ਹੋ ਸਕਦਾ ਹੈ ਜਿਸ ਕਰਕੇ ਇਹ ਹਰਜ਼ਾਨਾ ਜ਼ਾਇਜ ਹੈ, ਪਰ ਪੀੜ੍ਹਤ ਮਹਿਲਾ ਨੇ ਇਸਨੂੰ ਇਕ ਤਰ੍ਹਾਂ ਨਾਲ ਠੁਕਰਾ ਦਿੱਤਾ। ਦੂਜੇ ਮੁੰਡੇ ਦੇ ਵਕੀਲ ਨੇ ਕਿਹਾ ਕਿ ਉਸਦਾ ਮੁਵੱਕਲ ਹਰਜ਼ਾਨਾ ਭਰਨ ਦੀ ਹਾਲਤ ਵਿਚ ਨਹੀਂ ਪਰ ਜੇਕਰ ਅਜਿਹਾ ਹੁੰਦਾ ਹੈ ਤਾਂ ਉਹ ਪ੍ਰਬੰਧ ਕਰ ਸਕਦਾ ਹੈ। ਮਾਣਯੋਗ ਜੱਜ ਨੇ ਦੋਹਾਂ ਦੋਸ਼ੀਆਂ ਨੂੰ ਕਿਹਾ ਕਿ ਤੁਸੀਂ ਇਕ ਔਰਤ ਨਾਲ ਜਬਰ ਜਨਾਹ ਕੀਤਾ ਹੈ ਜੋ ਕਿ ਨਸ਼ੇ ਵਿਚ ਸੀ ਅਤੇ ਆਪਣੇ ਘਰ ਸੀ। ਇਸਦਾ ਉਸ ਔਰਤ ਉਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ ਤੇ ਉਹ ਆਪਣੇ ਘਰ ਤੋਂ ਬਾਹਰ ਜਾਣ ਤੋਂ ਡਰਦੀ ਹੈ। ਹਰਪ੍ਰੀਤ ਸਿੰਘ ਨੂੰ ਜੱਜ ਸਾਹਿਬ ਨੇ 8 ਸਾਲ 6 ਮਹੀਨੇ ਦੀ ਸਜ਼ਾ ਸੁਣਾਈ ਹੈ ਤੇ 16000 ਡਾਲਰ ਹਰਜ਼ਾਨਾ ਭਰਨ ਦਾ ਹੁਕਮ ਦਿੱਤਾ। ਬਲਜੀਤ ਸਿੰਘ ਨੂੰ 8 ਸਾਲ 4 ਮਹੀਨੇ ਦੀ ਸਜ਼ਾ ਸੁਣਾਈ ਗਈ। ਇਹ ਉਸ ਸਮੇਂ ਦੂਜੇ ਮੁੰਡੇ ਤੋਂ ਘੱਟ ਉਮਰ ਵਿਚ ਸੀ ਅਤੇ ਉਸਦਾ ਸਬੰਧੀ ਸੀ ਜਿਸ ਕਰਕੇ ਇਸਦਾ ਕੁਝ ਲਿਹਾਜ਼ ਰੱਖਿਆ ਗਿਆ।

# ਕਿੱਥੇ ਗਏ ਉਹ ਨਿਰਸਵਾਰਥ ਸੱਚੇ ਇਮਾਨਦਾਰ ਲੋਕ



ਉਹਨਾਂ ਨੇ ਮਾਂ ਨੂੰ ਨਹੀਂ ਦੱਸਿਆ ਕਿ ਉਹ ਰੇਲ ਮੰਤਰੀ ਹੈ, ਕਿਹਾ ਸੀ ਮੈਂ ਤਾਂ ਰੇਲਵੇ ਵਿਚ ਨੌਕਰੀ ਕਰਦਾ ਹਾਂ। ਉਹ ਇਕ ਵਾਰ ਮੁਗਲਸਰਾਏ ਵਿਚ ਆਏ ਸਨ, ਜਦੋਂ ਉਹਨਾਂ ਦੀ ਮਾਂ ਵੀ ਉਥੇ ਪੁੱਛਦੇ-ਪੁੱਛਦੇ ਪਹੁੰਚੀ ਕਿ ਮੇਰਾ ਬੇਟਾ ਵੀ ਆਇਆ ਹੈ ਉਹ ਵੀ ਰੇਲਵੇ ਵਿਚ ਹੈ। ਲੋਕਾਂ ਨੇ ਪੁੱਛਿਆ ਕੀ ਨਾਂ ਹੈ ਤਾਂ ਉਹਨਾਂ ਨੇ ਜਦੋਂ ਨਾਂ ਦੱਸਿਆ ਤਾਂ ਸਭ ਹੈਰਾਨ ਰਹਿ ਗਏ, 'ਇਹ ਝੂਠ ਬੋਲ ਰਹੀ ਹੈ।' ਪਰ ਉਹ ਬੋਲੀ, ਨਹੀਂ ਉਹ ਆਇਆ ਹੈ। ਲੋਕਾਂ ਨੇ ਉਹਨਾਂ ਨੂੰ ਲਾਲ ਬਹਾਦਰ ਸ਼ਾਸਤਰੀ ਦੇ ਸਾਹਮਣੇ ਲਿਜਾ ਕੇ ਪੁੱਛਿਆ, ਕੀ ਉਹੀ ਹੈ? ਤਾਂ ਮਾਂ ਬੋਲੀ, ਹਾਂ ਉਹ ਮੇਰਾ ਮੁੰਡਾ ਹੈ। ਲੋਕ ਮੰਤਰੀ ਜੀ ਨੂੰ ਦਿਖਾ ਕੇ ਬੋਲੇ, ਉਹ ਤੁਹਾਡੀ ਮਾਂ ਹੈ। ਤਾਂ ਉਹਨਾਂ ਨੇ ਆਪਣੀ ਮਾਂ ਨੂੰ ਬੁਲਾ ਕੇ ਕੋਲ ਬਿਠਾਇਆ ਅਤੇ ਕੁਝ ਦੇਰ ਬਾਅਦ ਘਰ ਭੇਜ ਦਿੱਤਾ। ਤਾਂ ਪੱਤਰਕਾਰਾਂ ਨੇ ਪੁੱਛਿਆ, ਤੁਸੀਂ ਉਹਨਾਂ ਦੇ ਸਾਹਮਣੇ ਭਾਸ਼ਣ ਕਿਉਂ ਨਹੀਂ ਦਿੱਤਾ। ਮੇਰੀ ਮਾਂ ਨੂੰ ਨਹੀਂ ਪਤਾ ਕਿ ਮੈਂ ਮੰਤਰੀ ਹਾਂ। ਜੇਕਰ ਉਹਨਾਂ ਨੂੰ ਪਤਾ ਲੱਗ ਜਾਵੇ ਤਾਂ ਲੋਕਾਂ ਦੀਆਂ ਸਿਫਾਰਸ਼ਾਂ ਕਰਨ ਲੱਗੇਗੀ ਅਤੇ ਮੈਂ ਉਹਨਾਂ ਨੂੰ ਇਨਕਾਰ ਨਹੀਂ ਕਰ ਸਕਾਂਗਾ। ਅਤੇ ਮੇਰੀ ਮਾਂ ਨੂੰ ਅਹੰਕਾਰ ਵੀ ਹੋ ਜਾਵੇਗਾ। ਜਵਾਬ ਸੁਣ ਕੇ ਸਾਰੇ ਹੈਰਾਨ ਸਨ।

**ਜੈ ਜਵਾਨ, ਜੈ ਕਿਸਾਨ।**

# ਪੰਜਾਬ 'ਚ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀ ਚੋਣਾਂ 19 ਨੂੰ

**ਚੰਡੀਗੜ੍ਹ–** ਪੰਜਾਬ ਵਿੱਚ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਦਾ ਐਲਾਨ ਹੋਣ ਨਾਲ ਸੂਬੇ ਦੇ ਸਮੁੱਚੇ ਦਿਹਾਤੀ ਖੇਤਰ ਵਿੱਚ ਚੋਣ ਜ਼ਾਬਤਾ ਲੱਗ ਗਿਆ ਹੈ। ਸੂਬਾਈ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਨੇ ਅੱਜ ਇੱਥੇ ਦੱਸਿਆ ਕਿ 22 ਜ਼ਿਲ੍ਹਾ ਪਰਿਸ਼ਦਾਂ ਅਤੇ 150 ਪੰਚਾਇਤ ਸਮਿਤੀਆਂ ਲਈ 19 ਸਤੰਬਰ ਨੂੰ ਵੋਟਾਂ ਪੈਣਗੀਆਂ। ਪੰਜਾਬ ਵਿੱਚ ਦਿਹਾਤੀ ਖੇਤਰ ਦੀਆਂ ਇਨ੍ਹਾਂ ਚੋਣਾਂ ਦੌਰਾਨ ਪਹਿਲੀ ਵਾਰੀ ਉਮੀਦਵਾਰਾਂ ਨੂੰ ਨਾਪਸੰਦ ਕਰਨ ਵਾਲਾ ਖਾਨਾ ਵੀ ਬੈਲਟ ਪੇਪਰਾਂ ਵਿੱਚ ਵੋਟਰਾਂ ਲਈ ਹੋਵੇਗਾ। ਸੂਬੇ ਵਿੱਚ ਪਹਿਲੀ ਵਾਰੀ ਇਨ੍ਹਾਂ ਚੋਣਾਂ ਦੌਰਾਨ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਵੀ ਦਿੱਤਾ ਜਾਣਾ ਹੈ। ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਚੋਣਾਂ ਲਈ ਰਾਜ ਵਿੱਚ ਕੁੱਲ 12787395 ਵੋਟਰਾਂ ਦੇ ਨਾਂ ਦਰਜ ਹਨ, ਜਿਨ੍ਹਾਂ ਵਿੱਚੋਂ 6688245 ਪੁਰਸ਼ ਵੋਟਰ ਹਨ, ਜਦੋਂ ਕਿ 6099245 ਮਹਿਲਾ ਵੋਟਰ ਹਨ ਅਤੇ 97 ਕਿੰਨਰ ਹਨ। ਰਾਜ ਵਿੱਚ ਇਨ੍ਹਾਂ ਚੋਣਾਂ ਦੇ ਮੱਦੇਨਜ਼ਰ 17268 ਬੂਥ ਸਥਾਪਿਤ ਕੀਤੇ ਗਏ ਹਨ ਅਤੇ 86340 ਸਰਕਾਰੀ ਮੁਲਾਜ਼ਮਾਂ ਨੂੰ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਵਿੱਚ ਲਾਇਆ ਗਿਆ ਹੈ। ਸੂਬੇ ਵਿੱਚ ਕਾਂਗਰਸ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਪਹਿਲੀ ਵਾਰੀ ਦਿਹਾਤੀ ਖੇਤਰ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਲਈ ਕਾਂਗਰਸ, ਅਕਾਲੀ-ਭਾਜਪਾ ਗੱਠਜੋੜ, ਆਮ ਆਦਮੀ ਪਾਰਟੀ (ਆਪ) ਅਤੇ ਖੱਬੀਆਂ ਪਾਰਟੀਆਂ ਵੱਲੋਂ ਉਮੀਦਵਾਰ ਖੜ੍ਹੇ ਕੀਤੇ ਜਾਣੇ ਹਨ। ਜ਼ਿਲ੍ਹਾ ਪਰਿਸ਼ਦ ਦੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਕਈ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਚੋਣ ਨਿਸ਼ਾਨ ਉੱਤੇ ਲੜੀਆਂ ਜਾਣਗੀਆਂ।

ਜਗਪਾਲ ਸਿੰਘ ਸੰਧੂ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਸਬੰਧੀ ਨਾਮਜ਼ਦਗੀ ਦਾਖਲ ਕਰਨ ਦੀ ਪ੍ਰੀਕਿਰਿਆ ਮਿਤੀ 4 ਸਤੰਬਰ ਨੂੰ ਸ਼ੁਰੂ ਹੋਵੇਗੀ ਅਤੇ ਮਿਤੀ 7 ਸਤੰਬਰ ਤੱਕ ਸਬੰਧਤ ਰਿਟਰਨਿੰਗ ਅਫਸਰ ਕੋਲ



ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ ਅਤੇ ਮਿਤੀ 10 ਸਤੰਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ। ਉਨ੍ਹਾਂ ਨਾਲ ਹੀ ਦੱਸਿਆ ਕਿ 11 ਸਤੰਬਰ ਤੱਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ ਅਤੇ ਇਸ ਦਿਨ 11 ਸਤੰਬਰ ਨੂੰ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਜਾਣਗੇ। ਮਿਤੀ 19 ਸਤੰਬਰ ਦਿਨ ਬੁੱਧਵਾਰ ਨੂੰ ਸਵੇਰੇ 8:00 ਤੋਂ ਸ਼ਾਮ 4:00 ਵਜੇ ਤੱਕ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਅਤੇ ਨਤੀਜਿਆਂ ਦਾ ਐਲਾਨ 22 ਸਤੰਬਰ ਨੂੰ ਹੋਵੇਗਾ।

ਸ੍ਰੀ ਸੰਧੂ ਨੇ ਕਿਹਾ ਕਿ 22 ਜ਼ਿਲ੍ਹਾ ਪਰਿਸ਼ਦ ਦੇ 354 ਮੈਂਬਰਾਂ ਅਤੇ 150 ਪੰਚਾਇਤ ਸਮਿਤੀਆਂ ਦੇ 2900 ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਚੋਣ ਕਮਿਸ਼ਨਰ ਨੇ ਦੱਸਿਆ ਕਿ ਚੋਣ ਅਮਲ ਨੂੰ ਨਿਯਮਾਂ ਅਨੁਸਾਰ ਨੇਪਰੇ ਚਾੜ੍ਹਨ ਲਈ 35 ਅਬਜ਼ਰਵਰ ਲਗਾਏ ਗਏ ਹਨ। ਰਾਜ ਚੋਣ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੌਰਾਨ ਉਮੀਦਵਾਰ ਵੱਲੋਂ ਕੀਤੇ ਜਾਣ ਵਾਲੇ ਖਰਚ ਦੀ ਹੱਦ ਜ਼ਿਲ੍ਹਾ ਪਰਿਸ਼ਦ ਮੈਂਬਰ ਲਈ 1.90 ਲੱਖ ਰੁਪਏ ਮਿਥੀ ਗਈ ਹੈ, ਜਦੋਂ ਕਿ ਪੰਚਾਇਤ ਸਮਿਤੀ ਮੈਂਬਰ ਲਈ 80000 ਰੁਪਏ ਹੈ। ਸ੍ਰੀ ਸੰਧੂ ਨੇ ਦੱਸਿਆ ਕਿ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਵਿੱਚ ਵੋਟਰ ਸੂਚੀਆਂ ਨੂੰ ਕੁਆਲੀਫਾਇੰਗ ਮਿਤੀ 1 ਜਨਵਰੀ ਤੱਕ ਅਪਡੇਟ ਕਰ ਦਿੱਤਾ ਗਿਆ ਹੈ। ਇਹ ਚੋਣਾਂ ਬੈਲਟ ਪੇਪਰਾਂ ਰਾਹੀਂ ਕਰਾਈਆਂ ਜਾਣੀਆਂ ਹਨ। ਚੋਣ ਕਮਿਸ਼ਨ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਜ਼ਿਲ੍ਹਾ ਪਰਿਸ਼ਦ, ਪੰਚਾਇਤ ਸਮਿਤੀਆਂ ਅਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਦੌਰਾਨ ਉਮੀਦਵਾਰਾਂ ਨੂੰ ਰੱਦ ਕਰਨ ਦੀ ਸਹੂਲਤ ਵਾਲਾ ਖਾਨਾ (ਨੋਟਾ) ਵੀ ਦਿੱਤਾ ਜਾਵੇਗਾ। ਨੋਟਾ ਦੀ ਵਰਤੋਂ ਇਨ੍ਹਾਂ ਚੋਣਾਂ ਦੌਰਾਨ ਪਹਿਲੀ ਦਫ਼ਾ ਹੋਣੀ ਹੈ।

### ਸਰਪੰਚਾਂ ਤੇ ਪੰਚਾਂ ਦੀਆਂ ਚੋਣਾਂ ਦਾ ਐਲਾਨ ਹਫ਼ਤੇ ਤੱਕ

ਪੰਜਾਬ ਵਿੱਚ ਗਰਾਮ ਪੰਚਾਇਤਾਂ ਦੀਆਂ ਚੋਣਾਂ ਦਾ ਐਲਾਨ ਰਾਖਵੇਂਕਰਨ ਦਾ ਨੋਟੀਫਿਕੇਸ਼ਨ ਜਾਰੀ ਨਾ ਹੋਣ ਕਾਰਨ ਅਟਕ ਗਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਨੋਟੀਫਿਕੇਸ਼ਨ ਦੀ ਜਾਣਕਾਰੀ ਚੋਣ ਕਮਿਸ਼ਨ ਨੂੰ ਦਿੱਤੇ ਜਾਣ ਤੋਂ ਬਾਅਦ ਇਨ੍ਹਾਂ ਚੋਣਾਂ ਦਾ ਐਲਾਨ ਕੀਤਾ ਜਾਵੇਗਾ। ਸਰਪੰਚਾਂ ਤੇ ਪੰਚਾਂ ਦੀਆਂ ਚੋਣਾਂ ਸਤੰਬਰ ਮਹੀਨੇ ਦੇ ਆਖ਼ਰੀ ਹਫ਼ਤੇ ਹੋਣ ਦੀ ਸੰਭਾਵਨਾ ਹੈ।

# ਐਸਸੀਐਸਟੀ ਵਰਗ ਦਾ ਮੈਂਬਰ ਦੂਜੇ ਸੂਬੇ ਵਿਚ ਰਾਖਵਾਂਕਰਨ ਦਾ ਲਾਭ ਨਹੀਂ ਲੈ ਸਕਦਾ- ਸੁਪਰੀਮ ਕੋਰਟ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਅੱਜ ਫੈਸਲਾ ਸੁਣਾਇਆ ਕਿ ਐਸਸੀਐਸਟੀ ਵਰਗ ਦਾ ਮੈਂਬਰ ਦੂਜੇ ਸੂਬੇ ਜਿਸ ਵਿੱਚ ਉਸ ਦੀ ਜਾਤੀ ਨੋਟੀਫਾਈ ਨਹੀਂ ਹੈ, ਵਿੱਚ ਸਰਕਾਰੀ ਨੌਕਰੀ 'ਚ ਰਾਖਵਾਂਕਰਨ ਦਾ ਲਾਭ ਦਿੱਤੇ ਜਾਣ ਦਾ ਦਾਅਵਾ ਨਹੀਂ ਕਰ ਸਕਦਾ। ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਨੇ ਸਰਬ-ਸੰਮਤੀ ਨਾਲ ਇਹ ਫੈਸਲਾ ਸੁਣਾਇਆ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਇਕ ਸੂਬੇ ਨਾਲ ਸਬੰਧਤ ਅਨੁਸੂਚਿਤ ਜਾਤੀ ਦਾ ਵਿਅਕਤੀ, ਜੋ ਨੌਕਰੀ ਜਾਂ ਸਿੱਖਿਆ ਲਈ ਦੂਜੇ ਸੂਬੇ ਵਿੱਚ ਪਰਵਾਸ ਕਰ ਗਿਆ ਹੈ, ਨੂੰ ਅਨੁਸੂਚਿਤ ਜਾਤੀ ਨਾਲ ਸਬੰਧਤ ਨਹੀਂ ਸਮਝਿਆ ਜਾ ਸਕਦਾ।

ਬੈਂਚ ਜਿਸ ਵਿੱਚ ਜਸਟਿਸ ਐਨਵੀ ਰਾਮੰਨਾ, ਆਰ ਭਾਨੂਮਤੀ, ਐਮ ਸ਼ਾਂਤਨਾਗੋਧਰ ਅਤੇ ਜਸਟਿਸ ਐਸ ਨਜ਼ੀਰ ਵੀ ਸਨ ਨੇ ਕਿਹਾ, ''ਇਕ ਵਿਅਕਤੀ ਜੋ ਇਕ ਸੂਬੇ ਵਿੱਚ ਅਨੁਸੂਚਿਤ ਜਾਤੀ ਵਰਗ ਵਿੱਚ ਦਰਜ ਹੈ, ਦੂਜੇ ਸੂਬੇ ਵਿੱਚ ਉਸੇ ਦਰਜੇ ਦੀ ਮੰਗ ਨਹੀਂ ਕਰ ਸਕਦਾ ਕਿ ਉਹ ਪਹਿਲੇ ਸੂਬੇ ਵਿੱਚ ਅਨੁਸੂਚਿਤ ਜਾਤੀ ਵਿੱਚ ਸ਼ਾਮਲ ਸੀ।'' ਜਸਟਿਸ ਭਾਨੂਮਤੀ ਨੇ ਕੌਮੀ ਰਾਜਧਾਨੀ ਦਿੱਲੀ ਵਿੱਚ ਐਸ ਸੀ/ ਐਸ ਟੀ ਵਰਗ ਬਾਰੇ ਕੇਂਦਰੀ ਰਾਖਵਾਂਕਰਨ ਪਾਲਿਸੀ ਨੂੰ ਲਾਗੂ ਕਰਨ ਬਾਰੇ ਬਹੁਮਤ ਦੇ ਨਜ਼ਰੀਏ 'ਤੈ ਅਸਹਿਮਤੀ ਜਤਾਈ। ਬੈਂਚ ਨੇ 4:1 ਦੇ ਅਨੁਪਾਤ ਨਾਲ ਫੈਸਲਾ ਸੁਣਾਇਆ ਕਿ ਜਿਥੋਂ ਤਕ ਦਿੱਲੀ ਦਾ ਸਬੰਧ ਹੈ, ਉਥੇ ਐਸਸੀਐਸਟੀ ਐਕਟ ਬਾਰੇ ਕੇਂਦਰੀ ਰਾਖਵਾਂਕਰਨ ਪਾਲਿਸੀ ਲਾਗੂ ਹੈ। ਅਦਾਲਤ ਦਾ ਇਹ ਫੈਸਲਾ ਉਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਆਇਆ ਹੈ, ਜਿਨ੍ਹਾਂ ਵਿੱਚ ਇਹ ਸਵਾਲ ਉਠਾਇਆ ਗਿਆ ਸੀ ਕਿ ਕੀ ਇਕ ਸੂਬੇ ਦਾ ਐਸਸੀਐਸਟੀ ਵਰਗ ਦਾ ਮੈਂਬਰ ਦੂਜੇ ਸੂਬੇ ਜਿਥੇ ਉਸ ਦੀ ਜਾਤੀ ਨੂੰ ਐਸਸੀਐਸਟੀ ਤਹਿਤ ਨੋਟੀਫਾਈ ਨਹੀਂ ਕੀਤਾ ਗਿਆ ਹੈ, ਰਾਖਵਾਂਕਰਨ ਹਾਸਲ ਕਰ ਸਕਦਾ ਹੈ ਜਾਂ ਨਹੀਂ?

### ਤਰੱਕੀਆਂ 'ਚ ਰਾਖਵੇਂਕਰਨ ਬਾਰੇ ਫ਼ੈਸਲਾ ਰਾਖਵਾਂ ਰੱਖਿਆ

ਸੁਪਰੀਮ ਕੋਰਟ ਨੇ 2006 ਵਿੱਚ ਸੁਣਾਏ ਫੈਸਲੇ ਦੀ ਸੱਤ ਮੈਂਬਰੀ ਜੱਜਾਂ ਵੱਲੋਂ ਨਜ਼ਰਸਾਨੀ ਕੀਤੇ ਜਾਣ ਦੀ ਮੰਗ ਵਾਲੀਆਂ ਪਟੀਸ਼ਨਾਂ 'ਤੇ ਅੱਜ ਆਪਣਾ ਫੈਸਲਾ ਰਾਖਵਾਂ ਰੱਖ ਲਿਆ, ਜਿਸ ਵਿੱਚ ਅਦਾਲਤ ਨੇ ਐਸਸੀ/ ਐਸਟੀ ਮੁਲਾਜ਼ਮਾਂ ਨੂੰ ਨੌਕਰੀਆਂ ਵਿੱਚ ਕੋਟੇ ਦਾ ਲਾਭ ਦੇਣ ਬਾਰੇ ਕੁਝ ਸ਼ਰਤਾਂ ਲਾਈਆਂ ਸਨ। ਕੇਂਦਰ ਅਤੇ ਵੱਖ ਵੱਖ ਰਾਜ ਸਰਕਾਰਾਂ ਇਸ ਫੈਸਲੇ 'ਤੇ ਵੱਖ ਵੱਖ ਵਜ੍ਹਾ ਕਾਰਨ ਮੁੜ ਨਜ਼ਰਸਾਨੀ ਦੀ ਮੰਗ ਕਰ ਰਹੀਆਂ ਹਨ, ਜਿਸ ਵਿੱਚ ਐਸਸੀਐਸਟੀ ਭਾਈਚਾਰੇ ਨੂੰ ਪੱਛੜਾ ਮੰਨਣਾ ਅਤੇ ਉਨ੍ਹਾਂ ਦੀ ਜਾਤ ਦੇ ਕਲੰਕ ਨੂੰ ਧਿਆਨ ਵਿੱਚ ਰੱਖਣਾ ਅਤੇ ਉਨ੍ਹਾਂ ਨੂੰ ਨੌਕਰੀ ਵਿੱਚ ਪ੍ਰਮੋਸ਼ਨ ਦੌਰਾਨ ਰਾਖਵਾਂਕਰਨ ਦੇਣਾ ਸ਼ਾਮਲ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਸਭਨਾਂ ਧਿਰਾਂ ਨੂੰ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖਿਆ ਹੈ।

# ਭਾਰਤ ਤੇ ਅਮਰੀਕਾ ਦੇ ਸਬੰਧ ਨਵੀਂ ਦਿਸ਼ਾ ਪਕੜਨਗੇ

(ਸਫਾ 1 ਦੀ ਬਾਕੀ)

ਭਾਰਤ, ਅਮਰੀਕਾ ਤੋਂ ਇਹ ਆਸ ਕਰਦਾ ਹੈ ਕਿ ਉਹ ਪਾਕਿਸਤਾਨ ਵਿੱਚ ਨਵੀਂ ਬਣੀ ਇਮਰਾਨ ਖਾਨ ਸਰਕਾਰ ਨੂੰ ਉਸ ਦੀ ਅਫਗਾਨਿਸਤਾਨ ਪ੍ਰਤੀ ਨੀਤੀ ਅਤੇ ਦੇਸ਼ ਵਿੱਚ ਸਰਗਰਮ ਅਤਿਵਾਦੀ ਗਰੁੱਪਾਂ ਵਿਰੁੱਧ ਕਾਰਵਾਈ ਲਈ ਸਪਸ਼ਟ ਸੰਦੇਸ਼ ਲਾਵੇ। ਇਸ ਗੱਲਬਾਤ ਦੇ ਸ਼ੁਰੂ ਹੋਣ ਤੋਂ ਪਹਿਲਾਂ ਭਾਰਤ ਦੇ ਉੱਚ ਪੱਧਰੀ ਸੂਤਰਾਂ ਨੇ ਇਹ ਸਪਸ਼ਟ ਸੁਨੇਹਾ ਦਿੱਤਾ ਹੈ ਕਿ ਇਹ ਗੱਲਬਾਤ ਭਾਰਤ ਦੇ ਚੀਨ ਅਤੇ ਰੂਸ ਦੇ ਸਬੰਧਾਂ ਦੀ ਕੀਮਤ ਉੱਤੇ ਨਹੀਂ ਹੋਵੇਗੀ। ਵਾਰਤਾ ਦੌਰਾਨ ਭਾਰਤ, ਅਮਰੀਕਾ ਤੋਂ ਆਸ ਕਰਦਾ ਹੈ ਕਿ ਉਹ ਭਾਰਤ ਨਾਲ ਆਪਣੇ ਰਣਨੀਤਕ ਸਬੰਧਾਂ ਬਾਰੇ ਖਿਆਲ ਰੱਖੇਗਾ ਕਿ ਭਾਰਤ ਵੱਲੋਂ ਰੂਸ ਤੋਂ ਐਸ-400 ਮਿਜ਼ਾਈਲਾਂ ਦੇ ਇਕਰਾਰ ਦਾ ਇਨ੍ਹਾਂ ਉੱਤੇ ਕੋਈ ਅਸਰ ਨਾ ਪਵੇ। ਜਦੋਂ ਕਿ ਅਮਰੀਕਾ ਨੇ ਰੂਸ ਵਿਰੁੱਧ ਪਾਬੰਦੀਆਂ ਆਇਦ ਕੀਤੀਆਂ ਹੋਈਆਂ ਹਨ, ਅਸਲ ਵਿੱਚ ਭਾਰਤ ਦੀ ਇਹ ਕੋਸ਼ਿਸ਼ ਹੈ ਕਿ ਇਸ ਇਕਰਾਰ ਦੌਰਾਨ ਅਮਰੀਕਾ ਤੋਂ ਪਾਬੰਦੀਆਂ ਸਬੰਧੀ ਛੋਟ ਹਾਸਲ ਕੀਤੀ ਜਾਵੇ। ਇਸ ਤੋਂ ਇਲਾਵਾ ਨਵੀਂ ਦਿੱਲੀ ਟਰੰਪ ਪ੍ਰਸ਼ਾਸਨ ਨੂੰ ਉਸਦੀਆਂ ਵਪਾਰ ਸਬੰਧੀ ਫਿਕਰਮੰਦੀਆਂ ਤੋਂ ਵੀ ਸ਼ਾਂਤ ਕਰਨਾ ਚਾਹੁੰਦਾ ਹੈ ਅਤੇ ਆਪਣੀ ਸਟੀਲ ਅਤੇ ਐਲੂਮੀਨੀਅਮ ਉੱਤੇ ਟੈਕਸ ਵਧਾਉਣ ਦੀ ਵੀ ਇੱਛਾ ਪ੍ਰਗਟਾਅ ਚੁੱਕਾ ਹੈ। ਭਾਰਤ ਇਹ ਵੀ ਦੱਸਣ ਦੀ ਕੋਸ਼ਿਸ਼ ਕਰੇਗਾ ਦੁਵੱਲਾ ਵਪਾਰ 5 ਫੀਸਦੀ ਘਟਿਆ ਹੈ ਅਤੇ ਪਿਛਲੇ ਸਾਲ ਦਾ ਘਾਟਾ 1.5 ਅਰਬ ਡਾਲਰ ਦਾ ਹੈ। ਇੱਕ ਹੋਰ ਭਾਰਤੀ ਸੂਤਰ ਨੇ ਦੱਸਿਆ ਕਿ ਭਾਰਤ ਇਸ ਸਾਲ ਅਮਰੀਕਾ ਤੋਂ 2.5 ਅਰਬ ਡਾਲਰ ਦੀ ਗੈਸ ਅਤੇ ਤੇਲ ਖਰੀਦ ਰਿਹਾ ਹੈ। ਇਸ ਦੇ ਨਾਲ ਘਾਟਾ ਦੂਰ ਹੋਣ ਦਾ ਅਨੁਮਾਨ ਹੈ ਤੇ ਆਸ ਕੀਤੀ ਜਾਂਦੀ ਹੈ ਕਿ ਅਮਰੀਕਾ ਇਸ ਦਾ ਗੱਲਬਾਤ ਦੌਰਾਨ ਇਸ ਦਾ ਖਿਆਲ ਰੱਖੇਗਾ। ਉਨ੍ਹਾਂ ਕਿਹਾ ਕਿ ਘਾਟਾ ਦੂਰ ਕਰਨ ਦੇ ਹੋਰ ਕਈ ਤਰੀਕੇ ਹਨ, ਜਿਨ੍ਹਾਂ ਵਿੱਚ ਨਵੀਆਂ ਵਸਤਾਂ ਅਤੇ ਸੇਵਾਵਾਂ ਨੂੰ ਖ਼ਰੀਦ ਵਿਚ ਸ਼ਾਮਲ ਕੀਤੀ ਜਾ ਸਕਦਾ ਹੈ। ਇਸ ਤੋਂ ਇਲਾਵਾ ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਭਾਰਤ ਇਰਾਨ ਨਾਲ ਆਪਣੇ ਵਪਾਰ ਦੇ ਮੁੱਦੇ ਨੂੰ ਵੀ ਜ਼ੋਰਦਾਰ ਤਰੀਕੇ ਦੇ ਨਾਲ ਉਠਾਏਗਾ ਕਿਉਂਕਿ ਅਮਰੀਕਾ ਚਾਰ ਨਵੰਬਰ ਤੋਂ ਇਰਾਨ ਵਿਰੁੱਧ ਵੀ ਪਾਬੰਦੀਆਂ ਲਾ ਸਕਦਾ ਹੈ।

## ਏਸ਼ੀਅਨ ਖੇਡਾਂ - ਕਬੱਡੀ 2018

# ਭਾਰਤ ਦੀ ਕਬੱਡੀ ਵਿਚ ਡੁੱਬਗੀ ਸਰਦਾਰੀ- ਦੇਖਿਉ ਕਿਤੇ ਹਾਕੀ ਵਾਲਾ ਹੀ ਹਸ਼ਰ ਨਾ ਹੋਵੇ

ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਸਿਆਣੇ ਕਹਿੰਦੇ ਨੇ ਕਿ ਸਰਦਾਰੀਆਂ ਸਦਾ ਨਹੀਂ ਰਹਿੰਦੀਆਂ। ਜੋ ਬਦਲਦੇ ਵਕਤ ਦੇ ਹਿਸਾਬ ਨਾਲ ਆਪਣੇ ਆਪ ਨੂੰ ਨਹੀਂ ਬਦਲਦੇ ਤਾਂ ਵਕਤ ਇੱਕ ਦਿਨ ਉਨ੍ਹਾਂ ਨੂੰ ਬਦਲ ਦਿੰਦਾ ਹੈ। ਅਜਿਹਾ ਹੀ ਭਾਣਾ ਭਾਰਤ ਦੀ ਕਬੱਡੀ ਟੀਮ ਨਾਲ ਏਸ਼ੀਅਨ ਖੇਡਾਂ 'ਚ ਵਾਪਰਿਆ ਹੈ। ਜਦੋਂ ਭਾਰਤੀ ਕਬੱਡੀ ਟੀਮ ਜੋ ਲਗਾਤਾਰ 1990 ਤੋਂ 2018 ਤੱਕ ਲਗਾਤਾਰ ਏਸ਼ੀਅਨ ਖੇਡਾਂ ਵਿਚ ਸੋਨ ਤਗਮਾ ਜਿੱਤ ਕੇ ਆਪਣੀ ਸਰਦਾਰੀ ਨੂੰ ਕਾਇਮ ਕਰਦੀ ਆ ਰਹੀ ਸੀ, ਪਰ ਜਕਾਰਤਾ 2018 ਏਸ਼ੀਅਨ ਖੇਡਾਂ ਵਿਚ ਇਰਾਨ ਅਤੇ ਕੋਰੀਆ ਨੇ ਭਾਰਤੀ ਕਬੱਡੀ ਨੂੰ 'ਹੱਟ ਪਿੱਛੇ' ਕਹਿੰਦਿਆਂ ਨਾ ਸਿਰਫ 28 ਸਾਲ ਦੀ ਭਾਰਤੀ ਕਬੱਡੀ ਦੀ ਸਰਦਾਰੀ ਨੂੰ ਖਤਮ ਕੀਤਾ ਸਗੋਂ ਇਰਾਨ ਨੇ ਮਰਦਾਂ ਤੇ ਇਸਤਰੀਆਂ ਦੇ ਵਰਗ ਵਿਚ ਸੋਨ ਤਗਮਾ ਜਿੱਤ ਕੇ ਇੱਕ ਨਵਾਂ ਇਤਿਹਾਸ ਸਿਰਜਦਿਆਂ ਕਬੱਡੀ ਦੇ ਇੱਕ ਹੋਰ ਸੁਨਹਿਰੀ ਯੁੱਗ ਦੀ ਸ਼ੁਰੂਆਤ ਕਰ ਦਿੱਤੀ ਹੈ।

ਅੰਤਰ-ਰਾਸ਼ਟਰੀ ਪੱਧਰ 'ਤੇ ਕਬੱਡੀ ਨੈਸ਼ਨਲ ਸਟਾਈਲ ਦੀ ਸ਼ੁਰੂਆਤ 1982 ਏਸ਼ੀਅਨ ਖੇਡਾਂ ਨਵੀਂ ਦਿੱਲੀ ਤੋਂ ਹੋਈ ਜਦੋਂ ਇਕ ਪ੍ਰਦਰਸ਼ਨੀ ਮੈਚ ਕਰਾ ਕੇ ਭਾਰਤ ਨੇ ਇੰਨ੍ਹਾਂ ਖੇਡਾਂ ਦਾ ਆਗਾਜ਼ ਕੀਤਾ। ਫਿਰ 1990 ਬਿਜਿੰਗ ਏਸ਼ੀਅਨ ਖੇਡਾਂ ਤੋਂ ਕਬੱਡੀ ਨੂੰ ਏਸ਼ੀਅਨ ਖੇਡਾਂ ਦਾ ਪੱਕਾ ਹਿੱਸਾ ਬਣਾ ਲਿਆ। ਜਦਕਿ ਕੁੜੀਆਂ ਦੀ ਕਬੱਡੀ ਦੀ ਸ਼ੁਰੂਆਤ 2010 ਏਸ਼ੀਅਨ ਖੇਡਾਂ ਤੋਂ ਹੋਈ। ਇਸੇ ਤਰ੍ਹਾਂ ਵਿਸ਼ਵ ਕਬੱਡੀ ਚੈਂਪੀਅਨਸ਼ਿਪ ਦੀ ਸ਼ੁਰੂਆਤ 2004 ਤੋਂ ਹੋਈ। ਹੁਣ ਤੱਕ ਤਿੰਨ ਵਿਸ਼ਵ ਕੱਪ ਖੇਡੇ ਗਏ। 2004 'ਚ , 2007 ਤੇ 2016 ਵਿਚ। ਵਿਸ਼ਵ ਕੱਪ ਵਿਚ ਦੁਨੀਆ ਦੀਆਂ 12 ਟੀਮਾਂ ਹਿੱਸਾ ਲੈਂਦੀਆਂ ਹਨ। ਕਬੱਡੀ ਦੇ ਇਸ ਤਿੰਨ ਦਹਾਕਿਆਂ ਦੇ ਇਤਿਹਾਸ 'ਚ ਹਰ ਵਾਰ ਭਾਰਤੀ ਕਬੱਡੀ ਟੀਮ ਹੀ ਚੈਂਪੀਅਨ ਬਣੀ। ਦੁਨੀਆ ਦੀ ਵਿਸ਼ਵ ਕਬੱਡੀ ਰੈਂਕਿੰਗ ਵਿਚ ਵੀ ਭਾਰਤ 126 ਅੰਕਾਂ ਨਾਲ ਪਹਿਲੇ ਨੰਬਰ 'ਤੇ ਚੱਲ ਰਿਹਾ ਹੈ। ਇਰਾਨ 90 ਅੰਕਾਂ ਨਾਲ ਦੂਜੇ ਅਤੇ ਦੱਖਣੀ ਕੋਰੀਆ 83 ਨੰਬਰਾਂ ਨਾਲ ਤੀਜੇ ਨੰਬਰ ਤੇ ਚੱਲ ਰਿਹਾ ਹੈ। ਭਾਵੇਂ ਕੋਈ ਵਿਸ਼ਵ ਕੱਪ ਹੋਵੇ ਜਾਂ ਏਸ਼ੀਆ ਕੱਪ ਹੋਵੇ ਜਾਂ ਕੋਈ ਹੋਰ ਟੂਰਨਾਮੈਂਟ ਹੋਵੇ। ਕਬੱਡੀ ਵਿਚ ਸਰਦਾਰੀ ਭਾਰਤ ਦੀ ਹੀ ਹੁੰਦੀ ਸੀ। ਭਾਰਤ ਨੇ ਏਸ਼ੀਅਨ ਖੇਡਾਂ ਵਿਚ ਮਰਦਾਂ ਤੇ ਇਸਤਰੀਆਂ ਦੇ ਵਰਗ ਵਿਚ 9 ਵਾਰ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਪਰ 2018 ਦੀਆਂ ਏਸ਼ੀਅਨ ਖੇਡਾਂ ਵਿਚ ਭਾਰਤੀ ਕਬੱਡੀ ਦੀ ਸਰਦਾਰੀ ਨੂੰ ਉਸ ਵੇਲੇ ਖੋਰਾ ਲੱਗ ਗਿਆ ਜਦੋਂ ਮਰਦਾਂ ਦੀ ਕਬੱਡੀ ਟੀਮ ਸੈਮੀਫਾਈਨਲ ਵਿਚ ਇਰਾਨ ਹੱਥੋਂ 26K18 ਨਾਲ ਅਤੇ ਕੁੜੀਆਂ ਦੀ ਟੀਮ ਫਾਈਨਲ ਵਿਚ ਇਰਾਨ ਹੱਥੋਂ 27K24 ਨਾਲ ਹਾਰ ਕੇ ਸੋਨ ਤਗਮਾ ਜਿੱਤਣ ਤੋਂ ਵਾਂਝੇ ਹੋ ਗਏ। ਭਾਰਤੀ ਕਬੱਡੀ ਦੇ ਸੁਨਹਿਰੀ ਇਤਿਹਾਸ ਦਾ ਇਹ ਸਭ ਤੋਂ ਵੱਧ ਕਾਲਾ ਦਿਨ ਸੀ। ਹੁਣ ਅੱਗੇ ਸਮਾਂ ਹੀ ਦੱਸੇਗਾ ਕਿ ਭਾਰਤੀ ਕਬੱਡੀ ਟੀਮ ਇਸ ਇਤਿਹਾਸਿਕ ਕਾਲੇ ਧੱਬੇ ਨੂੰ ਕਦੇ ਸਾਫ ਕਰੇਗੀ ਵੀ।

### ਲੋੜ ਹੈ ਸਬਕ ਸਿੱਖਣ ਦੀ

ਭਾਰਤੀ ਕਬੱਡੀ ਟੀਮ ਨੂੰ ਇਸ ਤਰਸਯੋਗ ਹਾਰ ਤੋਂ ਸਬਕ ਸਿੱਖਣ ਦੀ ਲੋੜ ਹੈ ਕਿ ਭਾਰਤੀ ਹਾਕੀ ਟੀਮ ਨਾਲ ਵੀ ਅਜਿਹਾ ਘਟਨਾਕ੍ਰਮ ਵਾਪਰਿਆ ਸੀ। ਹਾਕੀ ਦੀ ਸ਼ੁਰੂਆਤ 1908 ਓਲੰਪਿਕ ਖੇਡਾਂ ਤੋਂ ਹੋਈ। ਭਾਰਤੀ ਹਾਕੀ ਟੀਮ ਨੇ 1928 ਓਲੰਪਿਕ ਤੋਂ ਹਿੱਸਾ ਲੈਣਾ ਸ਼ੁਰੂ ਕੀਤਾ। ਭਾਰਤੀ ਹਾਕੀ ਟੀਮ ਐਮਸਟਰਡਮ ਓਲੰਪਿਕ 1928 ਤੋਂ ਲੈ ਕੇ 1956 ਮੈਲਬਰਨ ਓਲੰਪਿਕ ਤੱਕ ਆਪਣੀ ਚੈਂਪੀਅਨ ਸਰਦਾਰੀ ਕਾਇਮ ਰੱਖੀ । 1960 ਰੋਮ ਓਲੰਪਿਕ ਵਿਚ ਪਾਕਿਸਤਾਨ ਨੇ ਭਾਰਤੀ ਹਾਕੀ ਦੀ ਜੇਤੂ ਸਰਦਾਰੀ ਖਤਮ ਕੀਤੀ। ਉਸਤੋਂ ਬਾਅਦ ਭਾਵੇਂ ਭਾਰਤ 1964 ਤੇ 1980 ਓਲੰਪਿਕ ਖੇਡਾਂ 'ਚ ਅਤੇ ਇੱਕ ਵਾਰ 1975 ਵਿਸ਼ਵ ਕੱਪ ਹਾਕੀ ਜਿੱਤਣ ਵਿਚ ਜਰੂਰ ਕਾਮਯਾਬ ਹੋਇਆ। ਪਰ ਉਸਤੋਂ ਬਾਅਦ ਦੂਸਰੇ ਮੁਲਕਾਂ ਨੇ ਕਦੇ ਵੀ ਭਾਰਤੀ ਹਾਕੀ ਦੇ ਪੈਰ ਨਹੀਂ ਲੱਗਣ ਦਿੱਤੇ। ਅੱਜ ਦੀ ਘੜੀ ਦੁਨੀਆ ਦੀ ਹਾਕੀ ਵਿਚ ਆਸਟ੍ਰੇਲੀਆ, ਜਰਮਨੀ, ਹਾਲੈਂਡ, ਅਰਜਨਟੀਨਾ, ਬੈਲਜੀਅਮ, ਆਦਿ ਹੋਰ ਮੁਲਕਾਂ ਦੀ ਤੂਤੀ ਬੋਲਦੀ ਹੈ। ਭਾਰਤੀ ਹਾਕੀ ਕਦੇ ਵੀ ਆਪਣੇ ਆਪ ਨੂੰ ਵਿਸ਼ਵ ਹਾਕੀ ਦੇ ਹਾਣ ਦੀ ਨਹੀਂ ਬਣ ਸਕੀ। ਹਾਲਾਂਕਿ ਭਾਰਤੀ ਹਾਕੀ ਦਾ ਪਿਛਲੇ 40 ਸਾਲਾਂ ਤੋਂ ਜੇਤੂ ਸੰਘਰਸ਼ ਜਾਰੀ ਹੈ। ਰੱਬ ਨਾ ਕਰੇ ਕਿ ਕਿਤੇ ਕਬੱਡੀ ਦਾ ਹਸ਼ਰ ਵੀ ਭਵਿੱਖ ਵਿਚ ਅੰਤਰ-ਰਾਸ਼ਟਰੀ ਪੱਧਰ 'ਤੇ ਭਾਰਤੀ ਹਾਕੀ ਵਾਲਾ ਹੀ ਹੋ ਜਾਵੇ। ਹਾਕੀ ਦੀ ਦੁਰਦਸ਼ਾ ਅਤੇ ਹਾਕੀ ਦੀਆਂ ਹਾਰਾਂ ਲਈ ਜ਼ਿੰਮੇਵਾਰੀ ਉਸ ਵੇਲੇ ਤੋਂ ਸ਼ੁਰੂ ਹੋਇਆ ਰਾਜਨੀਤਿਕ ਲੋਕਾਂ ਦਾ ਦਖਲ ਭਾਈ ਭਤੀਜਾਵਾਦ, ਸਿਫਾਰਸ਼ੀ ਖਿਡਾਰੀਆਂ ਦੀ ਭਰਤੀ, ਹਾਕੀ ਚੌਧਰੀਆਂ ਦੀ ਹਉਮੈ ਅਤੇ ਅਗਿਆਨੀ ਲੋਕਾਂ 'ਤੇ ਫੈਡਰੇਸ਼ਨਾਂ 'ਤੇ ਕਾਬਜ਼ ਹੋਣਾ ਵੱਡਾ ਪੱਖ ਹੈ। ਕਿਸੇ ਨੇ ਹੁਣ ਤੱਕ ਇੰਨ੍ਹਾਂ ਗੱਲਾਂ ਦੀ ਘੋਖ ਹੀ ਨਹੀਂ ਕੀਤੀ। ਹਰ ਕੋਈ ਆਪਣੀ ਕੁਰਸੀ ਨੂੰ ਸਲਾਮਤ ਰੱਖਣ ਲਈ ਖੇਡ ਦੇ ਨਿਯਮਾਂ ਸਿਧਾਂਤਾਂ ਨੂੰ ਦਾਅ ਤੇ ਲਾਅ ਰਿਹਾ ਹੈ ਅਤੇ ਖਿਡਾਰੀ ਅਤੇ ਕੋਚਾਂ ਦੀ ਬਲੀ ਲੈ ਰਿਹਾ ਹੈ। ਅੱਜ ਦੀ ਘੜੀ ਕਬੱਡੀ ਖੇਡ ਵਿਚ ਵੀ ਇਸ ਤਰ੍ਹਾਂ ਦਾ ਭਾਣਾ ਹੀ ਵਾਪਰਿਆ ਹੈ। ਕੁੜੀਆਂ ਦੀ ਕਬੱਡੀ ਟੀਮ ਦੀ ਕੋਚ ਸ਼ੈਲਜਾ ਜੇਨਿੰਦਰ ਕੁਮਾਰੀ ਜੈਨ ਨੂੰ ਬਿਨਾ ਵਜ੍ਹਾ ਜਲੀਲ ਕਰਕੇ ਕਬੱਡੀ ਚੌਧਰੀਆਂ ਨੇ 18 ਮਹੀਨੇ ਪਹਿਲਾਂ ਕੋਚ ਦੇ ਅਹੁਦੇ ਤੋਂ ਹਟਾ ਦਿੱਤਾ। ਅਖੀਰ ਸ਼ੈਲਜਾ ਜੈਨ ਨੇ ਭਾਰਤੀ ਕਬੱਡੀ ਚੌਧਰੀਆਂ ਤੋਂ ਦੁਖੀ ਹੋ ਕੇ ਇਰਾਨ ਦੀ ਟੀਮ ਨੂੰ ਕੋਚਿੰਗ ਦੇਣ ਦਾ ਸਮਝੌਤਾ ਕੀਤਾ। ਮੈਡਮ ਸ਼ੈਲਜਾ ਜੈਨ ਨੇ ਆਪਣੇ ਕੋਚਿੰਗ ਹੁਨਰ ਨਾਲ ਇਰਾਨ ਦੀ ਕਬੱਡੀ ਦਾ ਸੁਨਹਿਰੀ ਜੇਤੂ ਇਤਿਹਾਸ ਰਚਿਆ। ਇਸੇ ਤਰ੍ਹਾਂ ਮਰਦਾਂ ਦੇ ਵਰਗ ਵਿਚ ਸਿਫਾਰਸ਼ੀ ਖਿਡਾਰੀਆਂ ਦੀ ਆਮਦ ਨਾਲ ਏਸ਼ੀਅਨ ਖੇਡਾਂ ਹਿੱਸਾ ਲੈਣ ਗਈ ਵਾਧੂ ਆਤਮ ਵਿਸ਼ਵਾਸ਼ ਵਿਚ ਡੁੱਬੀ ਭਾਰਤੀ ਕਬੱਡੀ ਟੀਮ ਦੇ ਖਿਡਾਰੀ ਇੱਕ ਦੂਜੇ 'ਤੇ ਦੂਸ਼ਣਬਾਜ਼ੀ ਲਾ ਰਹੇ ਨੇ। ਪਹਿਲਾਂ ਦੱਖਣੀ ਕੋਰੀਆ ਨੇ ਲੀਗ ਮੈਚਾਂ ਵਿਚ ਭਾਰਤੀ ਟੀਮ ਨੂੰ ਹਰਾ ਕੇ ਝਟਕਾ ਦਿੱਤਾ। ਫਿਰ ਇਰਾਨ ਨੇ ਭਾਰਤੀ ਟੀਮ ਦੇ ਜੇਤੂ ਕਿਲ੍ਹੇ ਨੂੰ ਤਹਿਸ ਨਹਿਸ ਕੀਤਾ। ਅਖੀਰ, ਕਬੱਡੀ ਦੇ ਸਿਰਮੌਰ ਭਾਰਤ-ਪਾਕਿਸਤਾਨ ਨੂੰ ਕਾਂਸੀ ਦੇ ਤਗਮੇ ਲਈ ਜੂਝਣਾ ਪਿਆ। ਭਾਰਤੀ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਉਪਰ ਸਿਫਾਰਸ਼ੀ ਖਿਡਾਰੀਆਂ ਦੀ ਭਰਤੀ ਦੇ ਦੋਸ਼ ਲੱਗ ਰਹੇ ਹਨ। ਭਾਰਤੀ ਕਬੱਡੀ ਫੈਡਰੇਸ਼ਨ ਨੂੰ ਇਹ ਗੱਲ ਗੰਭੀਰਤਾ ਨਾਲ ਸੋਚਣੀ ਚਾਹੀਦੀ ਹੈ ਕਿ ਵਿਸ਼ਵ ਕਬੱਡੀ ਲੀਗ ਵਿਚ ਇਰਾਨੀ ਖਿਡਾਰੀ ਕਿਉਂ ਮਹਿੰਗੇ ਭਾਅ ਵਿਚ ਵਿਕ ਰਹੇ ਨੇ, ਇਹ ਕਿਸੇ ਨੇ ਕਦੇ ਸੋਚਿਆ ਹੀ ਨਹੀਂ। ਅਸਲ ਵਿਚ ਇਹ ਇਰਾਨੀ ਖਿਡਾਰੀਆਂ ਦਾ ਖੇਡ ਹੁਨਰ ਬੋਲ ਰਿਹਾ ਹੈ ਤੇ ਭਾਰਤੀ ਕਬੱਡੀ ਖਿਡਾਰੀਆ ਦਾ ਸਸਤੇ ਵਿਕਣਾ ਉਸਦੇ ਨਿਘਾਰ ਦੀ ਨਿਸ਼ਾਨੀ ਹੈ। ਗੱਲ ਕੀ, ਭਾਰਤੀ ਕਬੱਡੀ ਟੀਮ ਦੀ ਹਾਰ ਦਾ ਭਾਂਡਾ ਦੁਨੀਆ ਦੇ ਚੁਰਾਹੇ ਵਿਚ ਫੁੱਟ ਚੁੱਕਾ ਹੈ ਹੁਣ ਕੋਈ ਬਹੁਤੀ ਕਾਂਵਾ ਰੌਲੀ ਦੀ ਲੋੜ ਨਹੀਂ, ਜੇ ਲੋੜ ਹੈ ਤਾਂ ਗੰਭੀਰ ਚਿੰਤਨ ਕਰਨ ਦੀ ਲੋੜ ਹੈ। ਜੇਕਰ ਕਬੱਡੀ ਵਾਲਿਆਂ ਨੇ ਇੰਨ੍ਹਾਂ ਹਾਰਾਂ ਤੋਂ ਸਬਕ ਨਾ ਲਿਆ, ਕਬੱਡੀ ਖੇਡ ਪ੍ਰਤੀ ਆਪਣੀ ਪਾਰਦਰਸ਼ਤਾ ਨਾ ਦਿਖਾਈ ਤਾਂ ਉਹ ਦਿਨ ਦੂਰ ਨਹੀਂ ਕਿ ਭਾਰਤੀ ਕਬੱਡੀ ਟੀਮ ਦੀਆਂ ਹਾਰਾਂ ਦਾ ਪੱਲੜਾ ਬਹੁਤ ਭਾਰੂ ਹੋ ਜਾਵੇਗਾ। ਇਰਾਨ, ਕੋਰੀਆ, ਇੰਗਲੈਂਡ, ਇੰਡੋਨੇਸ਼ੀਆ, ਥਾਈਲੈਂਡ, ਕੀਨੀਆ, ਪਾਕਿਸਤਾਨ ਵਰਗੀਆਂ ਟੀਮਾਂ ਸਾਡੇ ਨਾਲੋਂ ਬਹੁਤ ਅੱਗੇ ਨਿਕਲ ਜਾਣਗੀਆਂ। ਸਾਡੀਆਂ ਕਬੱਡੀ ਦੀਆਂ ਤਿੰਨ ਦਹਾਕੇ ਦੀਆਂ ਪ੍ਰਾਪਤੀਆਂ ਇੱਕ ਇਤਿਹਾਸ ਦਾ ਪੰਨਾ ਬਣ ਕੇ ਹੀ ਰਹਿ ਜਾਣਗੀਆਂ। ਭਾਰਤੀ ਕਬੱਡੀ ਟੀਮ ਨੂੰ ਭਾਰਤੀ ਹਾਕੀ ਦੀਆਂ ਚਾਰ ਦਹਾਕੇ ਦੀਆਂ ਹਾਰਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਪ੍ਰਮਾਤਮਾ ਕਬੱਡੀ ਵਾਲਿਆਂ ਨੂੰ ਖੇਡ ਪ੍ਰਤੀ ਸਮਰਪਿਤ ਭਾਵਨਾ, ਸੱਚਾਈ ਅਤੇ ਇਮਾਨਦਾਰੀ 'ਤੇ ਪਹਿਰਾ ਦੇਣ ਦਾ ਬਲ ਦੇਵੇ। ਇਸ ਨਾਲ ਵੀ ਭਾਰਤੀ ਕਬੱਡੀ ਦਾ ਭਲਾ ਹੋਵੇਗਾ ਅਤੇ ਭਾਰਤੀ ਕਬੱਡੀ ਦਾ ਦੀਵਾ ਪੂਰੀ ਦੁਨੀਆ ਵਿਚ ਜਗਦਾ ਰਹੇਗਾ। ਭਾਰਤੀ ਕਬੱਡੀ ਦਾ ਰੱਬ ਰਾਖਾ





# ਡਾ. ਅੰਬੇਡਕਰ ਜੀ ਦੇ ਜੀਵਨ ਅਤੇ ਵਿਚਾਰਧਾਰਾ ਸਬੰਧੀ ਪ੍ਰੀਖਿਆ ਹੋਈ

**ਭੋਗਪੁਰ-** ਪ੍ਰਬੁੱਧ ਭਾਰਤ ਫਾਊਂਡੇਸ਼ਨ ਫਗਵਾੜਾ ਵਲੋਂ ਉੱਤਰੀ ਭਾਰਤ ਦੇ ਕਈ ਰਾਜਾਂ ਵਿਚ ਡਾ. ਅੰਬੇਡਕਰ ਜੀ ਦੇ ਜੀਵਨ ਅਤੇ ਵਿਚਾਰਧਾਰਾ ਨਾਲ ਸਬੰਧਿਤ ਕਿਤਾਬ ਆਧਾਰਿਤ 11ਵਾਂ ਕੰਪੀਟੀਸ਼ਨ ਕਰਵਾਇਆ ਗਿਆ ਜਿਸ ਵਿਚ ਲਗਭੱਗ 50000 (ਪੰਜਾਹ ਹਜ਼ਾਰ) ਪ੍ਰੀਖਿਆਰਥੀਆਂ ਨੇ ਪੇਪਰ ਦਿੱਤੇ। ਭੋਗਪੁਰ ਬਲਾਕ ਵਿਚ ਇਹ ਪ੍ਰੀਖਿਆ ਡਾ. ਬਲਦੇਵ ਜੀ ਮੈਡੀਕਲ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਹਰਨੇਕ ਸਿੰਘ ਜੀ ਦੀ ਅਗਵਾਈ ਵਿਚ ਸਫਲਤਾ ਪੂਰਵਕ ਸੰਪੰਨ ਹੋਈ। ਵਿਦਿਆਰਥੀਆਂ ਦੀ ਸਹੂਲਤ ਵਾਸਤੇ ਵੱਖ-ਵੱਖ ਪਿੰਡਾਂ ਜਿਵੇਂ ਪਿੰਡ ਬਿਨਪਾਲਕੇ, ਖਰਲਕਲਾਂ, ਸੱਗਰਾਂਵਾਲੀ, ਕਾਲ ਬੱਕਰਾ ਤੇ ਮਾਧੋਪੁਰ ਵਿਖੇ ਪੰਜ ਸੈਂਟਰ ਬਣਾਏ ਗਏ ਸਨ।ਜਿਨ੍ਹਾ ਵਿਚ 300 ਵਿਦਿਆਰਥੀਆਂ ਨੇ ਪੇਪਰ ਦਿੱਤੇ। ਪ੍ਰੀਖਿਆ ਵਿਚ ਨਿਗਰਾਨੀ ਲਈ ਮਾਸਟਰ ਸੂਰਤੀ ਲਾਲ ਮਾਧੋਪੁਰ ਨੇ ਜਿਨ੍ਹਾਂ ਅਧਿਅਪਕਾਂ ਦੀ ਡਿਊਟੀ ਲਗਾਈ ਉਨ੍ਹਾਂ ਵਿਚ ਮਾਸਟਰ ਰਾਜ ਕੁਮਾਰ ਦਰਾਵਾਂ, ਕਮਲਜੀਤ ਭੋਗਪੁਰ, ਵਰਿੰਦਰ ਸਿੰਘ, ਰਾਜਿੰਦਰ ਸਿੰਘ, ਓਮ ਪ੍ਰਕਾਸ਼ ਡੱਲਾ, ਰਾਜ ਕੁਮਾਰ ਭੋਗਪੁਰ, ਭੁਪਿੰਦਰ ਸਿੰਘ, ਕਿਰਤੀ ਸਿੰਘ, ਵਿਜੇ ਕੁਮਾਰ, ਦਿਲਬਾਗ ਸਿੰਘ ਬਾਹੋਪੁਰ ਅਤੇ ਨਰੇਸ਼ ਕੁਮਾਰ ਜੀ ਨੇ ਸੁਚੱਜੀ ਸੇਵਾ ਨਿਭਾਈ। ਪ੍ਰਬੰਧਕੀ ਮੈਂਬਰਾਂ ਵਿਚ ਸੂਬੇਦਾਰ ਹੰਸਰਾਜ, ਮਾਸਟਰ ਰਾਮਧਨ ਨਾਂਗਲੂ, ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ, ਹੈਪੀ ਡੱਲੀ, ਤੇਜਿੰਦਰ ਚੋਪੜਾ, ਗੁਲਾਬ ਸਿੰਘ ਮਾਣਕਰਾਏ, ਸ਼ਰਨਜੀਤ ਦਰਾਵਾਂ, ਰਣਜੀਤ ਸਿੰਘ, ਕੁਲਦੀਪ ਸਿਘ, ਸਰਪੰਚ ਸੁਖਚੈਨ ਖਰਲ, ਸਰਪੰਚ ਤੇਜਿੰਦਰ ਪਾਲ, ਸੇਵਾ ਸਿੰਘ ਟਾਂਡੀ, ਅਮਰਜੀਤ ਖਰਲ, ਬਹਾਦਰ ਸਿੰਘ ਰਮਲੇ, ਜੈ ਨਰਾਇਣ ਰਾਮ ਜੀ, ਮੀਨੂ ਕੁਮਾਰੀ, ਸ਼ਾਂਤੀ ਰਾਣੀ, ਵਿਜੇ ਕੁਮਾਰ, ਲਵਪ੍ਰੀਤ ਭੂਦੀਆਂ, ਮਨਜਿੰਦਰ ਸਿੰਘ, ਮਨਦੀਪ ਸਿੰਘ, ਸਾਹਿਲ, ਗੁਲਸ਼ਨ, ਸੌਰਭ, ਚਰਨਜੀਤ ਬਿਨਪਾਲਕੇ ਅਤੇ ਹੋਰ ਮੈਂਬਰਾਂ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ। ਹੈਪੀ ਡੱਲੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪ੍ਰੀਖਿਆ ਦਾ ਨਤੀਜਾ ਆਉਣ ਤੇ ਇਕ ਸਮਾਗਮ ਕੀਤਾ ਜਾਵੇਗਾ ਜਿਸ ਵਿਚ ਵਿਦਿਆਰਥੀਆਂ ਨੂੰ ਸਨਮਾਨ ਪੱਤਰ ਅਤੇ ਇਨਾਮ ਤਕਸੀਮ ਕੀਤੇ ਜਾਣਗੇ ਅਤੇ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਭਾਸ਼ਨ ਪ੍ਰਤੀਯੋਗਤਾ ਵੀ ਕਰਾਈ ਜਾਵੇਗੀ।

**– ਚਰਨਜੀਤ ਸਿੰਘ ਬਿਨਪਾਲਕੇ 98148-39944**





# ਬਸਪਾ ਹਲਕਾ ਸਾਹਨੇਵਾਲ ਦੀਆਂ ਸਾਰੀਆਂ ਸੰਮਤੀ ਅਤੇ ਜਿਲ੍ਹਾ ਪ੍ਰੀਸਦ ਸੀਟਾਂ ਤੇ ਚੋਣਾਂ ਲੜ੍ਹੇਗੀ: ਭਾਮੀਆਂ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਵਿਧਾਨ ਸਭਾ ਹਲਕਾ ਸਾਹਨੇਵਾਲ ਦੇ ਪ੍ਰਧਾਨ ਰਾਮਲੋਕ ਸਿੰਘ ਕੁਲੀਏਵਾਲ ਦੀ ਪ੍ਰਧਾਨਗੀ ਹੇਠ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਲੁਧਿਆਣਾ ਦੇਹਾਤੀ ਦੇ ਇੰਚਾਰਜ ਲਾਭ ਸਿੰਘ ਭਾਮੀਆਂ ਮੈਂਬਰ ਬਲਾਕ ਸੰਮਤੀ ਨੇ ਵਿਸ਼ੇਸ ਤੌਰ ਤੇ ਸਿਰਕਤ ਕੀਤੀ।

ਇਸ ਮੌਕੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਹਲਕਾ ਸਾਹਨੇਵਾਲ ਦੀਆਂ 25 ਬਲਾਕ ਸੰਮਤੀ ਅਤੇ 3 ਜਿਲ੍ਹਾ ਪ੍ਰੀਸਦ ਸੀਟਾਂ ਤੇ ਬਸਪਾ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਅਤੇ ਚੰਗੀ ਲੀਡ ਨਾਲ ਜਿੱਤੇਗੀ ਵੀ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਦੇ ਸਬੰਧ ਵਿੱਚ ਉਨ੍ਹਾਂ ਦੀ ਟੀਮ ਵੱਲੋਂ ਵਿਧਾਨ ਸਭਾ ਦੇ ਵੱਖ ਵੱਖ ਹਿੱਸਿਆਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਵਰਕਰਾਂ ਵੱਲੋਂ ਵੀ ਭਾਰੀ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਲੋਕਾਂ ਵਿੱਚ ਬਸਪਾ ਨੂੰ ਲੈ ਕੇ ਵੱਡਾ ਬਦਲਾਅ ਆਇਆ ਹੈ ਅਤੇ ਉਹ ਚਾਹੁੰਦੇ ਹਨ ਕਿ ਹੁਣ ਬਸਪਾ ਉਨ੍ਹਾਂ ਦੀ ਨੁਮਾਇੰਦਗੀ ਕਰੇ। ਸ: ਭਾਮੀਆਂ ਨੇ ਕਿਹਾ ਲੋਕਾਂ ਦਾ ਬਸਪਾ ਵੱਲ ਝੁਕਾਅ ਦਾ ਕਾਰਨ ਸੱਤਾਧਾਰੀ ਕਾਂਗਰਸ ਸਰਕਾਰ ਵੱਲੋਂ ਲੋਕਾਂ ਨਾਲ ਵਾਅਦਾ ਖਿਲਾਫੀ, ਅਕਾਲੀ ਭਾਜਪਾ ਗਠਜੋੜ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿੱਚ ਸਮੂਲੀਅਤ ਅਤੇ ਆਮ ਆਦਮੀਂ ਪਾਰਟੀ ਦਾ ਅੰਦਰੂਨੀ ਕਲੇਸ਼ ਕਾਰਨ ਗੁਬਾਰਾ ਫੱਟ ਜਾਣਾ ਹੈ। ਲੋਕਾਂ ਕੋਲ ਹੁਣ ਕੋਈ ਵੀ ਬਦਲ ਬਾਕੀ ਨਹੀ ਰਿਹਾ ਇਸ ਲਈ ਬਸਪਾ ਦੇ ਚੋਣ ਨਿਸ਼ਾਨ ਹਾਥੀ ਤੋਂ ਚੋਣ ਲੜ੍ਹਨ ਲਈ ਲੋਕ ਖੁਦ ਅੱਗੇ ਆ ਰਹੇ ਹਨ। ਭਾਮੀਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਸਾਰੇ ਉਮੀਦਵਾਰ ਚੋਣਾਂ 'ਚ ਚੰਗੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ।

ਇਸ ਮੌਕੇ ਹਲਕੇ ਦੇ ਸਾਬਕਾ ਇੰਚਾਰਜ ਸੁਰਿੰਦਰ ਮੇਹਰਬਾਨ, ਜਨਰਲ ਸਕੱਤਰ ਗੁਰਦੀਪ ਸਿੰਘ ਕੁੱਬੇ, ਕੇਵਲ ਸਿੰਘ ਜਮਾਲਪੁਰ, ਉਮ ਪ੍ਰਕਾਸ, ਸਰਪੰਚ ਰਾਮੇਸ਼ ਕੁਮਾਰ, ਹਰਸ਼ਦੀਪ ਸਿੰਘ ਮਹਿਦੂਦਾਂ ਅਤੇ ਹੋਰ ਹਾਜਰ ਸਨ।



# ਪੰਜਾਬੀ ਦਾ ਖਾੜਕੂ ਲੇਖਕ: ਬਲਰਾਜ ਸਿੰਘ ਸਿੱਧੂ

ਕਲਾ ਅਤੇ ਸਾਹਿਤ ਦੇ ਖੇਤਰ ਵਿਚ ਕਈ ਵਾਰ ਲੋਕਾਂ ਦੀਆਂ ਉਮਰਾਂ ਗੁਜ਼ਰ ਜਾਂਦੀਆਂ ਹਨ ਤੇ ਉਹ ਗੁੰਮਨਾਮੀਦੇ ਹਨੇਰੇ ਵਿਚ ਰਹਿੰਦੇ ਹਨ। ਕਈ ਭਾਗਾਂ ਵਾਲੇ ਸਖਸ਼ ਅਜਿਹੇ ਹੁੰਦੇ ਹਨ ਕਿ ਮੈਦਾਨ ਵਿਚ ਆਉਂਦੇ ਹੀ ਛਾ ਜਾਂਦੇ ਹਨ। ਅਜਿਹਾ ਹੀ ਇਕ ਨਾਮ ਪੰਜਾਬੀ ਸਾਹਿਤ ਦੇ ਖੇਤਰ ਵਿਚ ਹੈ, ਜੋ ਆਪਣੀ ਪਹਿਲੀ ਕਹਾਣੀ ਨਾਲ ਹੀ ਚਰਚਾ ਵਿਚ ਆ ਗਿਆ ਸੀ ਤੇਅੱਜ ਪ੍ਰਵਾਸੀ ਪੰਜਾਬੀ ਸਾਹਿਤਕਾਰਾਂ ਦੀ ਮੂਹਰਲੀ ਕਤਾਰ ਵਿਚ ਖੜ੍ਹਾ ਹੈ। ਬੇਖੌਫ ਤੇ ਬੇਬਾਕ ਲੇਖਣੀ ਲਈ ਪ੍ਰਸਿੱਧ ਉਹ ਨਾਂ ਹੈ ਯੂ. ਕੇ. ਵੱਸਦਾ ਗੀਤਕਾਰ, ਕਹਾਣੀਕਾਰ ਅਤੇ ਨਾਵਲਕਾਰ ਬਲਰਾਜ ਸਿੰਘ ਸਿੱਧੂ।

ਉਦੋਂ ਮੈਂ ਅਜੇ ਕਾਲਜ ਵਿਚ ਹੀ ਪੜ੍ਹਦੀ ਸੀ, ਜਦੋਂ ਮੈਂ ਉਸਦਾ ਪਹਿਲਾ ਕਹਾਣੀ ਸੰਗ੍ਰਹਿ 'ਅਣਲੱਗ' ਪੜ੍ਹਿਆ ਸੀ। ਉਸ ਵੇਲੇ ਇਹ ਗੱਲ ਮੇਰੇ ਚਿੱਤ-ਚੇਤੇ ਵੀ ਨਹੀਂ ਸੀ ਕਿ 'ਅਣਲੱਗ' ਕਿਤਾਬ ਦੇ ਬੈਕ ਕਵਰ 'ਤੇ ਲੱਗੀ ਫੋਟੋ ਤੇ ਬਿੱਲੀਆਂ ਅੱਖਾਂ ਵਾਲਾ ਲੇਖਕ ਬਲਰਾਜ ਸਿੱਧੂ ਕੁਝ ਹੀ ਸਾਲਾਂ ਵਿਚ ਧੜਾਧੜ ਕਿਤਾਬਾਂ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਹਲਚਲ ਪੈਦਾ ਕਰ ਦੇਵੇਗਾ ਤੇ ਮੈਨੂੰ ਉਸ ਬਾਰੇ ਲਿਖਣਾ ਪੀ ਪਵੇਗਾ। ਬਲਰਾਜ ਸਿੱਧੂ ਨੇ ਆਪਣੇ ਲਿਖਣ ਦੇ ਸ਼ੌਕ ਨੂੰ ਕਿੱਤੇ ਵਿਚ ਤਬਦੀਲ ਕੀਤਾ ਹੈ। ਉਹ ਪ੍ਰਕਾਸ਼ਕ ਕੋਲ ਜਾਣ ਦੀ ਬਜਾਏ ਆਪਣੀ ਕਿਤਾਬ ਖੁਦ ਆਪ ਛਾਪਦਾ ਹੈ ਅਤੇ ਵੱਡੀ ਗੱਲ ਦੁਕਾਨਾਂ ਨੂੰ ਵੀ ਨਹੀਂ ਦਿੰਦਾ। ਘਰ ਬੈਠਾ ਹੀ ਵੇਚ ਲੈਂਦਾ ਹੈ ਕਿਉਂਕਿ ਉਸਨੇ ਆਪਣੇ ਲਈ ਆਪ ਵਿਸ਼ਾਲ ਪਾਠਕ ਵਰਗ ਪੈਦਾ ਕਰ ਰੱਖਿਆ ਹੈ। ਸੂਝਵਾਨ ਤੇ ਵਪਾਰਕ ਬਿਰਤੀ ਵਾਲਾ ਬਲਰਾਜ ਸਿੱਧੂ ਚਿਰਾਂ ਤੱਕ ਆਪਣੇ ਨਾਵਲਾਂ ਤੋਂ ਕਮਾਈ ਕਰਦਾ ਰਹੇਗਾ। ਬਲਰਾਜ ਸਿੱਧੂ ਦੀ ਇਕ ਸਿਫਤ ਹੋਰ ਹੈ ਕਿ ਉਹ ਆਪਣੀਆਂ ਕਿਤਾਬਾਂ ਤੋਂ ਹੋਣ ਵਾਲੀ ਸਾਰੀ ਕਮਾਈ ਲੋਕ ਭਲਾਈ ਦੇ ਕੰਮਾਂ ਲਈ ਦਾਨ ਕਰਦਾ ਹੈ। ਮੇਰੇ ਮੁਤਾਬਕ ਉਹ ਪੰਜਬੀ ਦਾ ਤੀਜਾ ਨਾਵਲਕਾਰ ਹੈ, ਜੋ ਆਪਣੇ ਨਾਵਲਾਂ ਤੋਂ ਕਮਾਈ ਕਰ ਰਿਹਾ ਹੈ। ਸੌ ਵਰ੍ਹੇ ਨੂੰ ਢੁੱਕ ਚੁੱਕਾ ਜਸਵੰਤ ਸਿੰਘ ਕੰਵਲ ਅੱਜ ਵੀ ਆਪਣੇ ਚਰਚਿਤ ਨਾਵਲਾਂ ਦੀ ਰਾਇਲਟੀ ਖਾ ਰਿਹਾ ਹੈ।

ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਚ ਜੰਮਿਆ ਅਤੇ ਬਰਮਿੰਘਮ, ਇੰਗਲੈਂਡ ਵਿਚ ਪਲਿਆ ਬਲਰਾਜ ਸਿੰਘ ਸਿੱਧੂ ਉਹ ਖੁਸ਼ਕਿਸਮਤ ਸਾਹਿਤਕਾਰ ਹੈ, ਜਿਸਦੀ ਕਿਤਾਬ ਆਉਣ ਤੋਂ ਪਹਿਲਾਂ ਹੀ ਉਸਦਾ ਪਾਠਕ ਵਰਗ ਪੱਬਾਂ ਭਾਰ ਹੋ ਜਾਂਦਾ ਹੈ। ਇਸਦੇ ਅਨੇਕਾਂ ਕਾਰਨ ਹਨ। ਉਹਨੂੰ ਵਿਧਾ ਦੀ ਸਮਝ ਹੈ, ਗੱਲ ਕਹਿਣੀ ਆਉਂਦੀ ਹੈ। ਭਾਸ਼ਾ ਉਪਰ ਉਸਦੀ ਪੂਰੀ ਪਕੜ ਹੈ। ਉਸਦੀ ਮਲਵਈ ਪੁੱਠ ਵਾਲੀ ਬੋਲੀ ਵਿਚ ਬੇਬਾਕੀ ਹੁੰਦੀ ਹੈ। ਉਸ ਕੋਲ ਸ਼ਬਦਾਂ ਦਾ ਭੰਡਾਰ ਹੈ ਤੇ ਕਲਾ ਦਾ ਜਾਦੂ ਚਲਾਉਣਾ ਉਹ ਜਾਣਦਾ ਹੈ। ਉਸਨੇ ਲਿਖਣ ਲਈ ਅੱਜ ਤੱਕ ਉਹ ਵਿਸ਼ੇ ਚੁਣੇ ਹਨ, ਜਿਹਨਾਂ ਨੂੰ ਲਿਖਣਾ ਤੇ ਸੱਚ ਲਿਖਣਾ ਹਰੇਕ ਦੇ ਵੱਲ ਦੀ ਗੱਲ ਨਹੀਂ ਸੀ। ਸੱਚ ਤੇ ਬੇਬਾਕ ਲਿਖਣ ਲਈ ਲੇਖਕ ਦਿਲ-ਗੁਰਦੇ ਵਾਲਾ ਹੋਣਾ ਚਾਹੀਦਾ ਹੈ, ਜਿਵੇਂ ਬਲਰਾਜ ਸਿੱਧੂ ਹੈ। ਬਲਰਾਜ ਸਿੰਘ ਸ੍ਰਿੱ ਨੇ ਬਹੁਤ ਛੋਟੀ ਉਮਰ ਵਿਚ ਆਪਣਾ ਵੱਡਾ ਨਾਮ ਬਣਾਇਆ ਹੈ। ਇਹ ਨਾਮ ਅੰਤਾਂ ਦੀ ਬਣਾਉਣ ਲਈ ਉਸਨੇ ਮਿਹਨਤ ਅਤੇ ਤਪੱਸਿਆ ਕੀਤੀ ਹੈ। ਉਸਦੇ ਦੱਸਣ ਅਨੁਸਾਰ ਉਹ ਸਾਰੀ -ਸਾਰੀ ਰਾਤ ਕਿਤਾਬਾਂ ਪੜ੍ਹਦਾ ਰਹਿੰਦਾ ਸੀ। ਉਸਦੀ ਪੜ੍ਹਨ ਦੀ ਗਤੀ ਲਿਖਣ ਨਾਲੋਂ ਵੀ ਜ਼ਿਆਦਾ ਹੈ। ਉਹ ਇਕ ਘੰਟੇ ਵਿਚ 300 ਸਫੇ ਦੀ ਕਿਤਾਬ ਪੜ੍ਹ ਲੈਂਦਾ ਹੈ, ਭਾਵ ਇਕ ਸਕਿੰਟ ਵਿਚ ਹੀ। ਉਸ ਦੀਆਂ ਵਿਦਵਤਾ ਭਰਪੂਰ ਰਚਨਾਵਾਂ ਪੜ੍ਹ ਕੇ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਉਹ ਕੋਈ ਚਲਦਾ-ਫਿਰਦਾ ਇਨਸਾਈਕਲੋਪੀਡੀਆ ਹੋਵੇ। ਸੋਸ਼ਲ ਨੈਟਵਰਕ ਅਤੇ ਮੀਡੀਏ 'ਤੇ ਉਹ ਪੰਜਾਬੀ ਦੇ ਸਾਰੇ ਲੇਖਕਾਂ ਨਾਲੋਂ ਵੱਧ ਸਰਗਰਮ ਹੈ ਤੇ ਉਸਦੀ ਆਪਣੀ ਵੈਬਸਾਈਟ ਵੀ ਹੈ ਤੇ ਬਲਾਗ ਵੀ ਹੈ। ਬਲਰਾਜ ਸਿੱਧੂ ਦੀਆਂ ਸਾਰੀਆਂ ਕਿਤਾਬਾਂ ਦਾ ਹਿੰਦੀ ਅਨੁਵਾਦ ਹੋ ਚੁੱਕਾ ਹੈ। ਉਸਦਾ ਕਿਸੇ ਵੀ ਵਿਸ਼ੇ ਨਾਲ ਨਿਭਾਅ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਉਹ ਸਭ ਤੋਂ ਪਹਿਲਾਂ ਵਿਸ਼ੇ ਸਬੰਧੀ ਪਾਠਕ ਦੇ ਮਨ ਵਿਚ ਦਿਲਚਸਪੀ ਜਗਾਉਂਦਾ ਹੈ, ਫਿਰ ਉਸਦਾ ਇਤਿਹਾਸ ਫੋਲਦਾ, ਪਿਛਾਂਹ ਕਈ ਵਾਰ ਸਦੀਆਂ ਤੱਕ ਮਿਥਿਹਾਸ ਵਿਚ ਵੀ ਪਹੁੰਚ ਜਾਂਦਾ ਹੈ। ਜਿੱਕੇ ਹੋ ਸਕੇ ਉਸ ਬਾਰੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਚੱਲਿਤ ਰਾਵਾਂ ਵੀ ਸਾਹਮਣੇ ਰੱਖਦਾ ਹੈ ਤੇ ਆਪਣੇ ਵਿਚਾਰ ਦਿੰਦਾ ਹੋਇਆ ਵਿਸ਼ੇ ਨੂੰ ਅੰਤ ਤੱਕ ਲੈ ਜਾਂਦਾ ਹੈ। ਉਹ ਖੋਜੀ ਪ੍ਰਵਿਰਤੀ ਦਾ ਮਾਲਕ ਹੈ ਤੇ ਉਸ-ਦੀਆਂ ਰਚਨਾਵਾਂ ਵਿਚੋਂ ਉਸਦਾ ਅਧਿਐਨ ਸਾਫ ਝਲਕਦਾ ਹੈ। ਉਸਦੀ ਕਲਮ ਦੀ ਖਾਸੀਅਤ ਇਹ ਹੈ ਕਿ ਉਸ ਵਿਚ ਸੰਜਮ ਹੁੰਦਾ ਹੈ, ਉਹ ਆਪਣੇ ਵਿਸ਼ੇ ਵਿਚ ਬੇਲੋੜੇ ਵਿਸਥਾਰ ਨਹੀਂ ਦਿੰਦਾ। ਉਸਦੀ ਵਿਲੱਖਣ ਅਤੇ ਚੁਸਤ ਸ਼ੈਲੀ ਅਤੇ ਢੁਕਵੇਂ ਸ਼ਬਦ ਸਾਰੇ ਬਿਆਨ ਨੂੰ ਦਿਲਚਸਪ ਬਣਾ ਦਿੰਦੇ ਹਨ। ਉਹ ਸ਼ੁਰੂ ਤੋਂ ਅਖੀਰ ਤੱਕ ਪਾਠਕ ਨੂੰ ਬੰਨ੍ਹ ਕੇ ਰੱਖਦਾ ਹੈ। ਉਸਨੂੰ ਕਹਾਣੀ ਕਹਿਣਦਾ ਵੱਲ ਆਉਂਦਾ ਹੈ ਤੇ ਉਹ ਪਾਠਕ ਨੂੰ ਉਂਗਲੀ ਫੜਾਕੇ ਆਪਣੇ ਨਾਲ ਤੋਰ ਲੈਂਦਾ ਹੈ। ਉਸਦੀ ਦ੍ਰਿਸ਼ ਉਸਾਰੀ ਐਨੀ ਲਾਜਵਾਬ ਹੁੰਦੀ ਹੈ ਕਿ ਉਹਦੀ ਕਹਾਣੀ ਜਾਂ ਨਾਵਲ ਪਾਠਕ ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਫਿਲਮ ਦੇਖ ਰਿਹਾ ਹੋਵੇ।

ਬਲਰਾਜ ਸਿੰਘ ਸਿੱਧੂ ਦੇ ਪਹਿਲੇ ਕਹਾਣੀ ਸੰਗ੍ਰਹਿ 'ਅਣਲੱਗ' ਤੋਂ ਲੈ ਕੇ ਸੱਜਰੇ ਛਪੇ ਨਾਵਲ 'ਸਰਕਾਰ-ਏ-ਖਾਲਸਾ: ਬੰਦਾ ਸਿੰਘ ਬਹਾਦਰ' ਤੱਕ ਛਪੀਆਂ ਉਸਦੀਆਂ ਦਸ ਪੁਸਤਕਾਂ ਨੂੰ ਘੋਖ ਕੇ ਦੇਖੋ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਹਰ ਕਿਤਾਬ ਨਾਲ ਨਾ ਸਿਰਫ ਉਸਦੀ ਸ਼ੋਹਰਤ ਦੇ ਗ੍ਰਾਫ ਦੀ ਰੇਖਾ ਉਪਰ ਗਈ ਹੈ, ਬਲਕਿ ਉਹ ਆਪਣੀਆਂ ਰਚਨਾਵਾਂ ਵਿਚ ਪ੍ਰੌੜ੍ਹਤਾ ਦੀਆਂ ਪੌੜੀਆਂ ਚੜ੍ਹਦਾ ਵੀ ਨਜ਼ਰ ਆਉਂਦਾ ਹੈ। ਬਹੁਤ ਛੋਟੀ ਉਮਰ ਵਿਚ ਇੰਗਲੈਂਡ ਜਾ ਕੇ ਵੱਸਣ ਦੇ ਬਾਵਜੂਦ ਵੀ ਬਲਰਾਜ ਸਿੰਘ ਸਿੱਧੂ ਦੀ ਪੰਜਾਬੀ ਬੋਲੀ ਉਪਰ ਗਜ਼ਬ ਦੀ ਪਕੜ ਹੈ। ਉਹ ਸ਼ਬਦ ਦਾ ਧਨੀ ਹੈ। ਉਹ ਅੰਗਰੇਜ਼ੀ, ਪੰਜਾਬੀ, ਹਿੰਦੀ ਤੋਂ ਇਲਾਵਾ ਫਰੈਂਚ ਅਤੇ ਫਲਾਮਿਸ਼ ਵੀ ਥੋੜ੍ਹੀ ਬਹੁਤੀ ਜਾਣਦਾ ਹੈ। ਉਰਦੂ ਬੇਸ਼ੱਕ ਉਸਨੂੰ ਪੜ੍ਹਨੀ-ਲਿਖਣੀ ਨਹੀਂ ਆਉਂਦੀ ਪਰ ਫਿਰ ਵੀ ਉਸਦੀਆਂ ਰਚਨਾਵਾਂ ਵਿਚ ਉਰਦੂ ਦੇ ਸ਼ਬਦਾਂ ਨੂੰ ਪੜ੍ਹਿਆ ਜਾ ਸਕਦਾ ਹੈ।

ਬਲਰਾਜ ਸਿੰਘ ਸਿੱਧੂ ਦੀ ਕਲਮ ਦੀ ਇਕ ਸਭ ਤੋਂ ਵੱਡੀ ਵਿਸ਼ੇਸ਼ਤਾ ਇਏ ਹੈ ਕਿ ਉਹ ਪੰਜਬੀ ਦਾ ਪਹਿਲਾ ਸਾਹਿਤਕਾਰ ਹੈ, ਜਿਸਨੇ ਮਰਾਠਿਆਂ ਦੇ ਇਤਿਹਾਸ ਉਪਰ ਫਿਲਮ ਬਣਨ ਤੋਂ ਪੰਜ ਸਾਲਪਹਿਲਾਂ ਹੀ 'ਮਸਤਾਨੀ' ਨਾਵਲ ਲਿਖਿਆ ਸੀ। ਸਾਡਾ ਇਤਿਹਾਸ ਅੰਗਰੇਜ਼ਾਂ ਨੇ ਲਿਖਿਆ ਹੈ ਤੇ ਉਹ ਪਹਿਲਾ ਪੰਜਾਬੀ ਦਾ ਲੇਖਕ ਹੈ, ਜਿਸਨੇ ਅੰਗਰੇਜ਼ਾਂ ਦੇ ਇਤਿਹਾਸ ਨੂੰ ਅੱਗ ਦੀ ਲਾਟ: ਪ੍ਰਿੰਸੈਸ ਡਾਇਨਾ ਨਾਵਲ ਵਿਚ ਚਿਤਰਿਆ। ਡਾਇਨਾ ਤੇ ਰਾਜ ਘਰਾਣੇ ਬਾਰੇ ਪੜ੍ਹਦਿਆਂ ਪਾਠਕ ਇਕ ਵਾਰ ਤਾਂ ਸੋਚਦਾ ਹੈ ਕਿ ਬਲਰਾਜ ਸਿੱਧੂ ਡਾਇਨਾ ਤੇ ਰਾਜ ਘਰਾਣੇ ਬਾਰੇ ਐਨਾ ਕੁਝ ਕਿਵੇਂ ਜਾਣਦਾ ਹੋਵੇਗਾ? ਇਹ ਗੱਲ ਸਾਬਤ ਕਰਦੀ ਹੈ ਕਿ ਉਹ ਆਪਣੇ ਲਿਖੇ ਜਾਣ ਵਾਲੇ ਬਿਸ਼ੇ ਦੀ ਕਿੰਨੀ ਡੂੰਘਾਈ ਨਾਲ ਖੋਜ ਕਰਦਾ ਹੈ। ਪੰਜਬੀ ਦੇ ਪ੍ਰਸਿੱਧ ਗਾਇਕ ਅਮਰ ਸਿੰਘ ਚਮਕੀਲੇ ਉਪਰ ਉਸਨੇ ਐਨਾ ਬਾਕਮਾਲ ਨਾਵਲ ਲਿਖਿਆ ਹੈ ਕਿ ਨਾਵਲ ਦਾ ਅੰਤ ਪਾਠਕ ਨੂੰ ਰੋਣ ਲਾ ਦਿੰਦਾ ਹੈ। ਮੇਰੀ ਜਾਚੇ ਸ਼ਹੀਦ ਨਾਵਲ ਬਲਰਾਜ ਸਿੰਘ ਸਿੱਧੂ ਦੀ ਸਭ ਤੋਂ ਉਤਮ ਕ੍ਰਿਤ ਹੈ। ਇਸ ਨਾਵਲ ਵਿਚ ਸਿੱਧੂ ਨੇ ਚਮਕੀਲੇ ਦੀ ਜ਼ਿੰਦਗੀ ਨੂੰ ਐਨੀ ਬਰੀਕੀ ਨਾਲ ਚਿਤਰਿਆ ਹੈ ਕਿ ਕੋਈ ਸੋਚ ਵੀ ਨਹੀਂ ਸਕਦਾ ਕਿ ਚਮਕੀਲੇ ਦੀ ਮੌਤ ਤੋਂ 30 ਸਾਲ ਬਾਅਦ ਕੋਈ ਉਸ ਬਾਰੇ ਗੁੱਝੀਆਂ ਗੱਲਾਂ ਕੱਢ ਕੇ ਆਪਣੇ ਨਾਵਲ ਰਾਹੀਂ ਚਮਕੀਲੇ ਨੂੰ ਮੁੜ ਜਿੰਦਾ ਕਰ ਦੇਵੇਗਾ। 'ਸ਼ਹੀਦ' ਇਕ ਬੇਹੱਦ ਸੰਜੀਦਾ ਤੇ ਗੰਭੀਰ ਨਾਵਲ ਹੈ, ਜਿਸ ਵਿਚ ਇਕ ਆਮ ਇਨਸਾਨ ਦੀ ਸਟਾਰ ਬਣਨ ਤੱਕ ਦੀ ਜੱਦੋ-ਜਹਿਦ ਨੂੰ ਬਹੁਤ ਸਲੀਕੇ ਨਾਲ ਬਿਆਨ ਕੀਤਾ ਗਿਆ ਹੈ। ਬੇਸ਼ੱਕ ਇਸ ਨਾਵਲ ਦਾ ਨਾਮ 'ਸ਼ਹੀਦ' ਰੱਖਣ ਬਦਲੇ ਕੁਝ ਲੋਕਾਂ ਵੱਲੋਂ ਸਿੱਧੂ ਦੀ ਆਲੋਚਨਾ ਵੀ ਕੀਤੀ ਗਈ, ਪਰ ਇਸ ਗੱਲ ਨਾਲ ਸਿੱਧੂ ਨੂੰ ਕੋਈ ਫਰਕ ਨਹੀਂ ਪਿਆ। ਇਹ ਨਾਵਲ ਪੜ੍ਹਨ ਤੋਂ ਬਾਅਦ ਇਕ ਵਾਰ ਤਾਂ ਮੇਰੇ ਦਿਲ 'ਚੋਂ ਵੀ ਹੂਕ ਨਿਕਲੀ ਸੀ ਕਿ ਹਾਏ! ਚਮਕੀਲੇ ਨੇ ਕਿਸੇ ਦਾ ਕੀ ਵਿਗਾੜਿਆ ਸੀ। ਚਮਕੀਲੇ ਨੂੰ ਕਿਉਂ ਮਾਰ ਦਿੱਤਾ ਗਿਆ?

ਸ਼ਾਬਾਸ਼, ਬਲਰਾਜ ਸਿੱਧੂ ਦੇ ਜਿਸਨੇ ਚਮਕੀਲੇ ਨਾਲ ਇਨਸਾਫ ਕੀਤਾ ਤੇ ਉਸਦੇ ਸਮਕਾਲੀ ਗਾਇਕਾਂ ਦਾ ਚਰਿੱਤਰ ਵੀ ਪੇਸ਼ ਕੀਤਾ ਤੇ ਦੱਸਿਆ ਕਿ ਉਹ ਕਿੰਨੇ ਚਰਿੱਤਰਹੀਣ ਸਨ, ਜਿਹਨਾਂ ਨੂੰ ਲੋਕ ਅੱਜ ਵੀ ਚੰਗਾ ਸਮਝਦੇ ਹਨ। ਫਿਰ ਸਿੱਖ ਇਤਿਹਾਸ ਵੱਲ ਆਈਏ ਤਾਂ ਬਲਰਾਜ ਸਿੰਘ ਸਿੱਘੂ ਪੰਜਾਬੀ ਦਾ ਪਹਿਲਾ ਲੇਖਕ ਹੈ, ਜਿਸਨੇ ਮਹਾਰਾਜਾ ਰਣਜੀਤ ਸਿੰਘ ਦੇ ਨਾਂਹ ਪੱਖੀ ਪੱਖ ਨੂੰ ਲਿਖਣ ਦੀ ਦਲੇਰੀ ਦਿਖਾਈ ਹੈ। ਮੈਨੂੰ ਇਹ ਕਿਤਾਬ ਪੜ੍ਹ ਕੇ ਬਹੁਤ ਦੂੰਖ ਅਤੇ ਅਫਸੋਸ ਹੋਇਆ ਸੀ ਕਿ ਸਾਡੀ ਕੌਮ ਦੇ ਨਾਇਕ ਕਿਹੋ ਜਿਹੇ ਸਨ ਤੇ ਉਹਨਾਂ ਬਾਰੇ ਸਾਡੇ ਇਤਿਹਾਸਕਾਰ ਕਿੰਨੀਆਂ ਅਹਿਮ ਗੱਲਾਂ ਨੂੰ ਲੁਕੋਂਦੇ ਰਹੇ ਸਨ। ਜੇਕਰ ਇਤਿਹਾਸਕਾਰਾਂ ਨੇ ਸੱਚ ਬਿਆਨਿਆ ਹੁੰਦਾ ਤਾਂ ਆਪਣੇ ਪੂਰਵਜਾਂ ਦੀਆਂ ਗਲਤੀਆਂ ਤੋਂ ਸਬਕ ਲੈ ਕੇ ਸਾਡੀ ਕੌਮ ਆਪਣਾ ਵਧੀਆ ਭਵਿੱਖ ਸਿਰਜ ਸਕਦੀ ਸੀ।

ਸਰਕਾਰ-ਏ-ਖਾਲਸਾ ਨਾਵਲ ਦੀ ਆਮਦ ਨਾਲ ਪੰਜਾਬੀ ਪਾਠਕ ਵਰਗ ਨੂੰ ਮੁੜ ਫਿਰ ਇਕ ਵਾਰ ਆਪਣਾ ਸਿੱਖ ਇਤਿਹਾਸ ਪੜ੍ਹਨ ਨੂੰ ਮਿਲੇਗਾ। ਸਿੱਖ ਇਤਿਹਾਸ ਦੇ ਅਣਫੋਲੇ ਵਰਕੇ ਸਾਡੇ ਸਾਹਮਣੇ ਆਉਣਗੇ। ਇੰਨੀ ਮਿਹਨਤ, ਘਾਲਣਾ, ਕਮਾਈ ਤੇ ਆਪਣੇ ਮਿੱਥੇ ਉਦੇਸ਼ ਦੀ ਪੂਰਤੀ ਲਈ ਬਲਰਾਜ ਸਿੱਧੂ ਨੂੰ ਵਧਾਈਆਂ ਤੇ ਸ਼ੁਭ ਇੱਛਾਵਾਂ।



ਗੁਰਦੀਪ ਕੌਰ
916-695-0035




# ਏਸ਼ੀਆਈ ਖੇਡਾਂ 2018 - ਚੀਨ ਦੀ ਜੇਤੂ ਸਰਦਾਰੀ ਬਰਕਰਾਰ, ਭਾਰਤ ਰਿਹਾ 8ਵੇਂ ਨੰਬਰ 'ਤੇ






ਏਸ਼ੀਆਈ ਖੇਡਾਂ 2018 ਜੋ ਜਕਾਰਤਾ ਵਿਖੇ 18 ਸਤੰਬਰ ਤੋਂ 2 ਅਕਤੂਬਰ ਤੱਕ ਚੱਲੀਆਂ। ਆਪਣੀਆਂ ਖੱਟੀਆਂ ਮਿੱਠੀਆਂ ਯਾਦਾਂ ਛੱਡਦੀਆਂ ਹੋਈਆਂ ਇੱਕ ਨਿਵੇਕਲਾ ਇਤਿਹਾਸ ਛੱਡਦੀਆਂ ਹੋਈਆਂ ਸਮਾਪਤ ਹੋਈਆਂ। ਏਸ਼ੀਆਈ ਖੇਡਾਂ ਵਿਚ ਇੱਕ ਵਾਰ ਫਿਰ ਚੀਨ ਨੇ ਆਪਣੀ ਜੇਤੂ ਸਰਦਾਰੀ ਨੂੰ ਬਰਕਰਾਰ ਰੱਖਦਿਆਂ ਤਗਮਾ ਸੂਚੀ ਵਿਚ ਪਹਿਲਾ ਸਥਾਨ ਹਾਸਲ ਕੀਤਾ। 1982 ਏਸ਼ੀਅਨ ਖੇਡਾਂ ਤੋਂ ਲਗਾਤਾਰ ਉੱਪਰਲੇ ਸਥਾਨ ਤੇ ਚਲਦਾ ਆ ਰਿਹਾ ਚੀਨ ਇਸ ਵਾਰ 132 ਸੋਨੇ ਦੇ, 92 ਚਾਂਦੀ ਦੇ, 65 ਕਾਂਸੀ ਦੇ, ਅਤੇ ਕੁੱਲ 289 ਤਗਮਿਆਂ ਨਾਲ ਪਹਿਲੇ ਸਥਾਨ 'ਤੇ ਰਿਹਾ। ਇਹ 16 ਸਾਲ ਬਾਅਦ ਚੀਨ ਦੀ ਸਰਦਾਰੀ ਨੂੰ ਥੋੜ੍ਹਾ ਜਿਹਾ ਖੋਰਾ ਲੱਗਿਆ ਜਦੋਂ ਉਹ ਤਗਮਾ ਸੂਚੀ ਵਿਚ 300 ਤੋਂ ਅੰਕੜਾ ਪਾਰ ਨਹੀਂ ਕਰ ਸਕਿਆ। ਜਿਸਤੋਂ ਬਾਅਦ ਜਪਾਨ ਨੇ 74 ਸੋਨੇ ਦੇ ੫੬ ਚਾਂਦੀ ਦੇ, 74 ਕਾਂਸੀ ਦੇ ਤੇ ਕੁੱਲ 175 ਤਗਮਿਆਂ ਨਾਲ ਦੂਸਰਾ ਸਥਾਨ ਤੇ ਕੋਰੀਆ 49 ਸੋਨੇ ਦੇ, 57 ਚਾਂਦੀ ਦੇ ਅਤੇ 70 ਕਾਂਸੀ ਦੇ ਤੇ ਕੁੱਲ 176 ਤਗਮਿਆਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਇਹ ਤਿੰਨ ਮੁਲਕ ਹੀ ਅਜਿਹੇ ਹਨ ਜਿੰਨ੍ਹਾਂ ਦਾ ਜੇਤੂ ਅੰਕੜਾ 100 ਤੋਂ ਉਤੇ ਰਿਹਾ। ਜਦਕਿ ਭਾਰਤ 15 ਸੋਨੇ ਦੇ, 24 ਚਾਂਦੀ ਦੇ, 30 ਕਾਂਸੀ ਦੇ, ਕੁੱਲ 69 ਤਗਮਿਆਂ ਨਾਲ 8ਵੇਂ ਸਥਾਨ 'ਤੇ ਰਿਹਾ। ਪਿਛਲੀਆਂ ਏਸ਼ੀਅਨ ਖੇਡਾਂ ਵਿਚ ਭਾਰਤ ਨੇ 57 ਤਗਮੇ ਜਿੱਤੇ ਸਨ। ਇਸ ਵਾਰ 570 ਭਾਰਤੀ ਖਿਡਾਰੀਆਂ ਦੇ ਟੋਲੇ ਵਿੱਚੋਂ ਭਾਰਤ ਨੇ ਅਥਲੈਟਿਕ ਵਿਚ ਵਧੀਆ ਖੇਡ ਦਾ ਮੁਜਾਹਰਾ ਕੀਤਾ। ਅਥਲੈਟਿਕਸ ਵਿਚ ਭਾਰਤ ਨੇ 7 ਸੋਨੇ ਦੇ 10 ਚਾਂਦੀ ਦੇ ਤੇ 2 ਕਾਂਸੀ ਦੇ ਤੇ ਕੁੱਲ 19 ਤਗਮੇ ਜਿੱਤੇ। ਸ਼ੂਟਿੰਗ ਵਿਚ ਭਾਰਤ ਨੂੰ 9 ਤਗਮੇ ਮਿਲੇ, ਜਦਕਿ ਕੁਸ਼ਤੀ ਵਿਚ ਸਿਰਫ 3 ਤਗਮੇ ਹੀ ਮਿਲੇ। ਕੁਝ ਅਜਿਹੀਆਂ ਜਾਣੀਆਂ ਅਣਜਾਣੀਆਂ ਖੇਡਾਂ ਸਨ ਜਿੰਨ੍ਹਾਂ ਨੇ ਭਾਰਤ ਦੀ ਲਾਜ ਬਚਾਈ। ਜਿਸ ਤਰ੍ਹਾਂ ਬ੍ਰਿਜ, ਰੋਇੰਗ, ਫਿਲਿੰਗ, ਬੁਸੂ, ਸਕੁਐਸ਼, ਆਦਿ ਖੇਡਾਂ 'ਚ ਭਾਰਤ ਨੇ ਤਗਮੇ ਜਿੱਤੇ ਪਰ ਭਾਰਤ ਨੂੰ ਵੱਡੀ ਨਿਰਾਸ਼ਾ ਕਬੱਡੀ ਤੇ ਹਾਕੀ ਵਿਚ ਮਿਲੀ। ਜਦੋਂ ਭਾਰਤੀ ਟੀਮਾਂ ਸੋਨ ਤਗਮੇ ਦੀਆਂ ਦਾਅਵੇਦਾਰ ਹੁੰਦੇ ਬਾਵਜੂਦ ਵੀ ਸੋਨ ਤਗਮੇ ਤੋਂ ਦੂਰ ਹੀ ਰਹੀਆਂ।



ਕਬੱਡੀ ਵਿਚ ਇਰਾਨ ਨੇ ਨਵਾਂ ਇਤਿਹਾਸ ਰਚਿਆ। ਜਦਕਿ ਇਰਾਨ ਨੇ ਮੁੰਡਿਆਂ ਤੇ ਕੁੜੀਆਂ ਦੇ ਦੋਵੇਂ ਵਰਗਾਂ ਵਿਚ ਸੋਨ ਤਗਮਾ ਜਿੱਤਿਆ। ਹਾਕੀ ਮੁੰਡਿਆਂ ਵਿਚ ਭਾਰਤ ਹੱਥੋਂ 8 ਗੋਲਾਂ ਤੇ ਹਾਰਨ ਵਾਲੀ ਜਪਾਨ ਦੀ ਟੀਮ ਕੋਰੀਆ, ਮਲੇਸ਼ੀਆ, ਪਾਕਿਸਤਾਨ ਨੂੰ ਹਰਾ ਕੇ ਨਾ ਕਿ ਕਰਿਸ਼ਮੇ ਵਾਲਾ ਇੱਕ ਇਤਿਹਾਸ ਰਚਿਆ ਸਗੋਂ ਓਲੰਪਿਕ ਖੇਡਾਂ ਲਈ 52 ਸਾਲ ਬਾਅਦ ਆਪਣੀ ਐਂਟਰੀ ਪੱਕੀ ਕੀਤੀ। ਕੁੜੀਆਂ ਦੀ ਹਾਕੀ 'ਚ ਵੀ ਜਪਾਨ ਨੇ ਭਾਰਤ ਨੂੰ 2-1 ਨਾਲ ਹਰਾ ਕੇ ਸੋਨ ਤਗਮਾ ਜਿੱਤਿਆ। ਬਾਕੀ ਟੀਮ ਖੇਡਾਂ ਵਾਲੀਬਾਲ, ਹੈਂਡਬਾਲ, ਬਾਸਕਿਟਬਾਲ ਵਿਚ ਭਾਰਤੀ ਖਿਡਾਰੀ ਦੀਵਾ ਲਾਇਆਂ ਵੀ ਲੱਭੇ ਨਹੀਂ। ਫੁੱਟਬਾਲ 'ਚ ਮਰਦਾਂ ਦੇ ਵਰਗ ਵਿਚ ਦੱਖਣੀ ਕੋਰੀਆ ਦੀ ਸਰਦਾਰੀ ਰਹੀ ਜਦਕਿ ਕੁੜੀਆਂ ਦੇ ਵਰਗ ਵਿਚ ਜਪਾਨ ਨੇ ਚੀਨ ਨੂੰ ਹਰਾ ਕੇ ਸੋਨ ਤਗਮਾ ਜਿੱਤਿਆ। ਪੰਜਾਬ ਦੇ 56 ਖਿਡਾਰੀ ਏਸ਼ੀਅਨ ਖੇਡਾਂ ਵਿਚ ਗਏ ਸਨ। ਅਰਪਿੰਦਰ ਸਿੰਘ ਅਤੇ ਮਨਦੀਪ ਸਿੰਘ ਨੇ ਸੋਨ ਤਗਮਾ ਜਿੱਤ ਕੇ ਪੰਜਾਬ ਦੇ ਅਥਲੀਟਾਂ ਦੀ ਚਮਕ ਨੂੰ ਪੂਰੀ ਦੁਨੀਆ 'ਚ ਬਿਖੇਰਿਆ। ਸਵਰਨ ਸਿੰਘ ਨੇ ਰੋਇੰਗ ਵਿਚ ਸੋਨ ਤਗਮਾ ਜਿੱਤ ਕੇ ਪੰਜਾਬ ਦਾ ਨਾਂਅ ਚਮਕਾਇਆ। ਪਰ ਪਹਿਲਵਾਨ ਸੁਸ਼ੀਲ ਕੁਮਾਰ, ਬੈਡਮਿੰਟਨ ਸਟਾਰ ਸਾਇਨਾ ਨੇਹਵਾਲ ਅਤੇ ਹੋਰ ਟੈਨਿਸ ਖਿਡਾਰੀਆਂ ਨੇ ਭਾਰਤ ਦੇ ਪੱਲੇ ਵੱਡੀ ਨਿਰਾਸ਼ਤਾ ਪਾਈ। ਕੌਲ ਮਿਲਾ ਕੇ 1549 ਮੈਡਲਾਂ ਵਿਚੋਂ ਚੀਨ ਦੀ ਜੇਤੂ ਸਰਦਾਰੀ ਰਹੀ। ਜਦਕਿ ਭਾਰਤ ਨੂੰ 202 ਦੀਆਂ ਏਸ਼ੀਅਨ ਖੇਡਾਂ ਲਈ ਹੁਣ ਤੋਂ ਹੀ ਬੜੀ ਗੰਭੀਰਤਾ ਲੈਣੀ ਪਵੇਗੀ। ਕਿਉਂਕਿ ਇੰਡੋਨੇਸ਼ੀਆ ਇਰਾਨ, ਚੀਨੀ ਤਾਇਪੇ, ਉਜ਼ਬੇਕਿਸਤਾਨ, ਆਦਿ ਹੋਰ ਨਿੱਕੇ-ਨਿੱਕੇ ਮੁਲਕ, ਖੇਡਾਂ ਵਿਚ ਬੜੀ ਤੇਜੀ ਨਾਲ ਅੱਗੇ ਵਧ ਰਹੇ ਹਨ। ਕੁੱਲ ਮਿਲਾ ਕੇ ਜਕਾਰਤਾ ਦੀਆਂ 2018 ਏਸ਼ੀਅਨ ਖੇਡਾਂ ਦਾ ਉਘਾਟਨੀ ਅਤੇ ਸਮਾਪਤੀ ਸਮਾਰੋਹ ਇੱਕ ਨਿਵੇਕਲੀਆਂ ਪੈੜਾਂ ਪਾਉਂਦੀਆਂ 2022 ਚੀਨ ਵਿਖੇ ਫਿਰ ਤੋਂ ਮਿਲਣ ਦੇ ਵਾਅਦੇ ਨਾਲ ਮਹਾਂਕੁੰਭ ਧੂੰਮ ਧੜੱਕੇ ਨਾਲ ਸਮਪਤ ਹੋਇਆ।


**ਜਗਰੂਪ ਸਿੰਘ ਜਰਖੜ, ਖੇਡ ਲੇਖਕ**
**9814300722**

# ਗਾਖਲ ਪਰਿਵਾਰ ਕਰੇਗਾ ਪਿਤਾ ਨਸੀਬ ਸਿੰਘ ਗਾਖਲ ਦੀ ਯਾਦ 'ਚ ਬੈਸਟ ਜਾਫੀ ਤੇ ਬੈਸਟ ਧਾਵੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ- ਇਕਬਾਲ ਗਾਖਲ


ਮਰਹੂਮ ਨਸੀਬ ਸਿੰਘ ਗਾਖਲ


ਇਕਬਾਲ ਸਿੰਘ ਗਾਖਲ


ਮੱਖਣ ਸਿੰਘ ਬੈਂਸ


ਪਲਵਿੰਦਰ ਸਿੰਘ ਗਾਖਲ

**ਵਾਟਸਨਵਿੱਲ (ਬਿਓਰੋ)–** ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਆਪਣੇ ਪਿਤਾ ਸਵ. ਨਸੀਬ ਸਿੰਘ ਦੀ ਯਾਦ ਵਿਚ 16 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਹੋਣ ਵਾਲੇ 14ਵੇਂ ਵਿਸ਼ਵ ਕਬੱਡੀ ਕੱਪ ਦੌਰਾਨ ਸਮੁੱਚੇ ਖੇਡ ਮੇਲੇ 'ਚੋਂ 'ਬੈਸਟ ਰੇਡਰ' ਅਤੇ 'ਬੈਸਟ ਸਟਾਪਰ' ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਗਾਖਲ ਭਰਾਵਾਂ ਨੇ ਕਿਹਾ ਕਿ ਉਨਾਂ ਦੇ ਪਿਤਾ ਸਵ. ਨਸੀਬ ਸਿੰਘ ਜੀ ਖੇਡ ਨਾਲ ਤੇ ਖਾਸ ਕਰਕੇ ਕੁਸ਼ਤੀ ਨਾਲ ਬੜਾ ਨੇੜਲਾ ਲਗਾਓ ਰੱਖਦੇ ਸਨ ਤੇ ਇਹੀ ਕਾਰਨ ਹੈ ਕਿ ਉਹ ਮਾਂ ਉਨ੍ਹਾਂ ਦਾ ਪਰਿਵਾਰ ਮਾਂ ਖੇਡ ਕਬੱਡੀ ਅਤੇ ਹੋਰਨਾਂ ਖੇਡਾਂ ਨੂੰ ਲਗਾਤਾਰ ਉਤਸ਼ਾਹਿਤ ਕਰਨ ਅਤੇ ਅੱਗੇ ਲਿਜਾਣ ਲਈ ਯਤਨਸ਼ੀਲ ਰਿਹਾ ਹੈ। ਬਾਪੂ ਜੀ ਦੀ ਪ੍ਰੇਰਨਾ ਤੋਂ ਹੀ ਉਹ ਅਮਰੀਕਾ ਵਿਚ ਅਜਿਹੇ ਵਿਸ਼ਵ ਕਬੱਡੀ ਕੱਪ ਮੂਹਰੇ ਹੋ ਕੇ ਕਰਵਾਉਣ ਲਈ ਯਤਨਸ਼ੀਲ ਰਹੇ ਹਨ। ਇੱਥੇ ਵਾਟਨਸਵਿੱਲ ਵਿਚ ਏ ਐਂਡ ਆਈ ਟਰੱਕਿੰਗ ਦੇ ਦਫਤਰ 'ਚ ਹੋਈ ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਇਕ ਸਾਂਝੇ ਮਤੇ ਰਾਹੀਂ ਸਾਰੇ ਗੁਰੂਘਰਾਂ, ਗੁਰਦੁਆਰਾ ਸਾਹਿਬ ਸੈਨਹੋਜ਼ੇ, ਫਰੀਮਾਂਟ, ਸਟਾਕਟਨ, ਮਿਲ–ਪੀਟਸ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਜੋ ਪਿਛਲੇ ਸਾਲਾਂ ਬਾਅਦ ਇਸ ਵਾਰ ਵੀ 14ਵੇਂ ਵਿਸ਼ਵ ਕਬੱਡੀ ਕੱਪ ਦੌਰਾਨ ਸਾਰਾ ਦਿਨ ਲੰਗਰ ਦੀ ਸੇਵਾ ਕਰਨਗੇ। ਸ. ਬੈਂਸ ਨੇ ਕਿਹਾ ਕਿ ਉਹ ਹੋਰਨਾਂ ਸਮਾਜਿਕ ਕਾਰਜਾਂ ਵਿਚ ਵੀ ਵਧ ਚੜ੍ਹ ਕੇ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ ਤੇ ਇਸੇ ਕਰਕੇ ਉਨ੍ਹਾਂ ਦੀ ਅਗਵਾਈ ਹੇਠ ਰਾਜਾ ਸਵੀਟਸ ਵਲੋਂ ਵੀ ਕਬੱਡੀ ਪ੍ਰੇਮੀਆਂ ਲਈ ਪਕੌੜੇ ਅਤੇ ਚਾਹ ਮੁਫਤ ਵਰਤਾਇਆ ਜਾਵੇਗਾ। ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਇਹ ਖੇਡ ਮੇਲਾ ਪੂਰੀ ਤਰ੍ਹਾਂ ਰਾਜਨੀਤੀ ਤੋਂ ਉੱਪਰ ਉੱਠ ਕੇ ਹੋਵੇਗਾ ਅਤੇ ਇਸ ਵਿਚ ਸਾਰੀਆਂ ਸਮਾਜਿਕ, ਧਾਰਮਿਕ ਅਤੇ ਖੇਡ ਜਥੇਬੰਦੀਆਂ ਵਲੋਂ ਦਿੱਤੇ ਜਾ ਰਹੇ ਸਹਿਯੋਗ ਨੇ ਉਨ੍ਹਾਂ ਨੂੰ ਕੰਮ ਕਰਨ ਦਾ ਹੋਰ ਵੀ ਵੱਧ ਉਤਸ਼ਾਹ ਪੈਦਾ ਕਰਕੇ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਰੀਬ ਦੋ ਹਫਤੇ ਪਹਿਲਾਂ ਹੀ ਖਿਡਾਰੀ ਕੈਲੇਫੋਰਨੀਆਂ ਪਹੁੰਚਣੇ ਸ਼ੁਰੂ ਹੋ ਗਏ ਹਨ ਅਤੇ ਇਸ ਵਾਰ ਦਾ ਇਹ ਕਬੱਡੀ ਕੱਪ ਵੀ ਦਰਸ਼ਕਾਂ ਦੇ ਚੇਤਿਆਂ 'ਚ ਉਮੀਦ ਹੈ ਕਿ ਵਸਿਆ ਹੀ ਰਹੇਗਾ। ਪ੍ਰਬੰਧਕਾਂ ਵਲੋਂ ਜਿੱਥੇ ਮੁਫਤ ਐਂਟਰੀ, ਮੁਫਤ ਪਾਰਕਿੰਗ ਅਤੇ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਉੱਥੇ ਉਨ੍ਹਾਂ ਸਾਰਿਆਂ ਨੂੰ ਪਹੁੰਚਣ ਦੀ ਅਪੀਲ ਕਰਨ ਦੇ ਨਾਲ ਨਾਲ ਇਹ ਵੀ ਹੱਥ ਜੋੜ ਕੇ ਬੇਨਤੀ ਕੀਤੀ ਹੈ ਕਿ ਉਹ ਪੰਜਾਬੀਆਂ ਦੇ ਇਸ ਸਾਂਝੇ ਮੰਚ 'ਤੇ ਮੁਹੱਬਤ ਅਤੇ ਪਿਆਰ ਦਾ ਸੁਨੇਹਾ ਲੈ ਕੇ ਆਉਣ ਅਤੇ 'ਖੇਡਾਂ ਬੀਬਾ ਖੇਡਣ ਲਈ' ਦੀ ਧਾਰਨਾ ਮੁਤਾਬਿਕ ਸਹੀ ਸਪੋਰਟਸਮੈਸ਼ਿਪ ਨੂੰ ਰੂਪਮਾਨ ਕਰਕੇ ਦਿਖਾਉਣ ਵਿਚ ਰੋਲ ਅਦਾ ਕਰਨ। ਖੇਡ ਮੇਲੇ ਦਾ ਮੁੱਖ ਮਕਸਦ ਹੀ ਪਿਆਰ ਅਤੇ ਆਪਸੀ ਸਾਂਝ ਨੂੰ ਹੋਰ ਗੂੜੀ ਕਰਨਾ ਹੀ ਹੈ।

# ਚੌਦਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਵਿਚ ਇਨਾਮਾਂ ਦੇ ਸਪਾਂਸਰਾਂ ਦਾ ਹੋਵੇਗਾ ਵਡੇਰਾ ਯੋਗਦਾਨ- ਗਾਖਲ



ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਸਿੰਘ ਗਾਖਲ, ਪਿੰਕੀ ਅਟਵਾਲ ਤੇ ਨੇਕੀ ਅਟਵਾਲ (ਮੁੱਖ ਸਪਾਂਸਰ ਪਹਿਲਾ ਇਨਾਮ)।


ਸਵ. ਕਸ਼ਮੀਰ ਸਿੰਘ ਸਹੋਤਾ ਜੁਗਰਾਜ ਸਿੰਘ ਸਹੋਤਾ ਨਰਿੰਦਰ ਸਿੰਘ ਸਹੋਤਾ
(ਸਪਾਂਸਰ ਦੂਜਾ ਇਨਾਮ)


ਸ. ਅਮੋਲਕ ਸਿੰਘ ਗਾਖਲ ਮੁੱਖ ਸਰਪ੍ਰਸਤ

**ਵਾਟਸਨਵਿੱਲ (ਬਿਓਰੋ)–** ਇੱਥੇ ਏ.ਐਂਡ ਆਈ ਟਰੱਕਿੰਗ ਦੇ ਦਫਤਰ 'ਚ ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਦੀ ਇਕ ਅਹਿਮ ਮੀਟਿੰਗ ਹੋਈ ਜਿਸ ਵਿਚ ਵਿਸ਼ਵ ਕਬੱਡੀ ਕੱਪ ਦੌਰਾਨ ਦਿੱਤੇ ਜਾਣ ਵਾਲੇ ਵੱਡੇ ਨਕਦ ਇਨਾਮਾਂ ਲਈ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ 'ਕੱਲਾ 'ਕੱਲਾ ਹੀ ਹੁੰਦਾ ਹੈ ਤੇ ਗਿਆਰਾਂ ਦੋ ਰਲਕੇ ਹੀ ਬਣਦੇ ਹਨ। ਇਸ ਚੌਦਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਦਾ ਸਿਹਰਾ ਵੀ ਉਹ ਆਪਣੇ ਸਹਿਯੋਗੀਆਂ ਸਪਾਂਸਰਾਂ ਅਤੇ ਕਬੱਡੀ ਕੱਪ ਦੌਰਾਨ ਦਿੱਤੇ ਜਾਣ ਵਾਲੇ ਇਨਾਮਾਂ ਲਈ ਹਮੇਸ਼ਾ ਨਾਲ ਖੜ੍ਹੇ ਹੋਣ ਵਾਲੇ ਸਹੋਤਾ ਪਰਿਵਾਰ, ਡਾਇਮੰਡ ਟਰੱਕਿੰਗ, ਤੱਖਰ ਪਰਿਵਾਰ ਅਤੇ ਆਪਣਾ ਪੰਜਾਬ ਤੇ ਨਾਰਦਰਨ ਕੈਲੇਫੋਰਨੀਆਂ ਕਲੱਬ ਦੇ ਸਿਰ ਬੰਨ੍ਹਦੇ ਹਨ। ਉਨ੍ਹਾਂ ਇਹ ਵੀ ਮਾਣ ਨਾਲ ਕਿਹਾ ਕਿ ਕੈਲੇਫੋਰਨੀਆਂ ਵਿਚ ਕਬੱਡੀ ਦਾ ਇਤਿਹਾਸ ਸਿਰਜਣ ਵਿਚ ਉਨ੍ਹਾਂ ਨਾਲ ਜੁੜੇ ਸਮਰਪਿਤ ਲੋਕਾਂ ਨੇ ਹੀ ਨਵੀਆਂ ਲੀਹਾਂ ਪਾਉਣ ਵਿਚ ਇਕ ਸਿਹਤਮੰਦ ਮੈਦਾਨ ਸਿਰਜ ਕੇ ਦਿੱਤਾ ਹੈ। ਕਲੱਬ ਵਲੋਂ ਸਮੂਹਿਕ ਤੌਰ 'ਤੇ ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਐੱਸ.ਅਸ਼ੋਕ.ਭੌਰਾ, ਮੱਖਣ ਸਿੰਘ ਬੈਂਸ, ਬਲਵੀਰ ਸਿੰਘ ਭਾਟੀਆ, ਪਲਵਿੰਦਰ ਸਿੰਘ ਗਾਖਲ, ਇੰਦਰਜੀਤ ਸਿੰਘ ਥਿੰਦ ਆਦਿ ਵਲੋਂ ਇਕ ਵੱਖਰੇ ਮਤੇ ਰਾਹੀਂ ਇਹ ਵੱਡੇ ਇਨਾਮ ਦੇਣ ਵਾਲੀਆਂ ਸਹਿਯੋਗੀ ਧਿਰਾਂ ਨੂੰ ਵਿਸ਼ੇਸ਼ ਤੌਰ 'ਤੇ ਮਾਣ ਸਨਮਾਨ ਦਿੱਤੇ ਜਾਣ ਦਾ ਫੈਸਲਾ ਲਿਆ ਗਿਆ।

ਟਰਾਂਸਪੋਰਟ ਦੇ ਖੇਤਰ ਵਿਚ ਡਾਇਮੰਡ ਟਰਾਂਸਪੋਰਟ ਦੀ ਇਕ ਆਪਣੀ ਥਾਂ ਹੈ। ਯੂਬਾ ਬ੍ਰਦਰਜ਼ ਹਾਕੀ ਕਲੱਬ ਵੀ ਡਾਇਮੰਡ ਟਰਾਂਸਪੋਰਟ ਦੇ ਨਿੱਘੇ ਸਹਿਯੋਗ ਨਾਲ ਚੱਲ ਰਿਹਾ ਹੈ। ਲੰਬੇ ਅਰਸੇ ਤੋਂ ਸ. ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ, ਵਿਸ਼ਵ ਕਬੱਡੀ ਕੱਪ ਦੌਰਾਨ ਪਹਿਲਾ ਇਨਾਮ ਦਿੰਦੇ ਆ ਰਹੇ ਹਨ। ਇਹ ਪਹਿਲੀ ਧਿਰ ਹੈ ਜਿਨ੍ਹਾਂ ਦੀ ਬਦੌਲਤ ਵਿਸ਼ਵ ਕੱਪ ਆਪਣੀ ਚੰਗੀ ਥਾਂ ਬਣਾ ਸਕਿਆ ਹੈ। ਗੁਰਾਇਆ ਨੇੜਲੇ ਪਿੰਡ ਬੜਾ ਪਿੰਡ ਦੇ ਜੰਮਪਲ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਮਰਹੂਮ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਨਕਦ ਇਨਾਮ ਪਹਿਲਾਂ ਵਾਂਗ ਇਸ ਵਾਰ ਵੀ ਦਿੱਤਾ ਜਾ ਰਿਹਾ ਹੈ। ਸ. ਕਸ਼ਮੀਰ ਸਿੰਘ ਗੁਰਾਇਆ ਟਰਾਂਸਪੋਰਟ ਚਲਾਉਂਦੇ ਰਹੇ ਹਨ ਅਤੇ ਉਹਨਾਂ ਨੇ ਅਮਰੀਕਾ ਆ ਕੇ ਵੀ ਜਿੱਥੇ ਰੱਜ ਕੇ ਮਿਹਨਤ ਨਾਲ ਸਹੋਤਾ ਪਰਿਵਾਰ ਨੂੰ ਵਡਿਆਈ ਲੈ ਕੇ ਦਿੱਤੀ ਉੱਥੇ ਆਪਣੇ ਦੋਵੇਂ ਪੁੱਤਰਾਂ ਨੂੰ ਕਾਰੋਬਾਰੀ ਖੇਤਰਾਂ ਵਿਚ ਸਫਲ ਹੋਣ ਦੇ ਸਮਰੱਥ ਵੀ ਬਣਾਇਆ। ਪੰਜਾਬੀ ਭਾਈਚਾਰੇ ਵਿਚ ਇਸ ਵੇਲੇ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਆਪਣੀਆਂ ਸਮਾਜਿਕ ਗਤੀਵਿਧੀਆਂ, ਸਮਾਜਿਕ ਸੇਵੀ ਸੰਸਥਾਵਾਂ ਲਈ ਵਿੱਤੀ ਸਹਿਯੋਗ ਅਤੇ ਖੇਡ ਭਾਵਨਾਵਾਂ ਨੂੰ ਉਜਾਗਰ ਕਰਦਿਆਂ ਯੁਨਾਈਟਡ ਸਪੋਰਟਸ ਕਲੱਬ ਦਾ ਹੀ ਮਹੱਤਵਪੂਰਨ ਹਿੱਸਾ ਨਹੀਂ ਹਨ ਸਗੋਂ ਆਪਣੇ ਪਿੰਡ ਹਰ ਸਾਲ ਹੋਣ ਵਾਲੇ ਕਬੱਡੀ ਕੱਪਾਂ ਦੌਰਾਨ ਵੱਡੇ ਇਨਾਮ ਦਿੰਦੇ ਆ ਰਹੇ ਹਨ। ਚੌਦਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਵਿਚ ਵੀ ਸਹੋਤਾ ਪਰਿਵਾਰ ਮਹੱਤਵਪੂਰਨ ਹਿੱਸਾ ਪਾ ਰਿਹਾ ਹੈ।

ਅੰਡਰ–25 ਦੇ ਕਬੱਡੀ ਮੁਕਾਬਲਿਆਂ ਵਿਚ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਹਿਲਾ ਇਨਾਮ ਤੱਖਰ ਪਰਿਵਾਰ (ਆਪਣਾ ਪੰਜਾਬ ਤੇ ਨਾਰਦਰਨ ਕੈਲੇਫੋਰਨੀਆਂ ਕਲੱਬ) ਵਲੋਂ ਦਿੱਤਾ ਜਾ ਰਿਹਾ ਹੈ। ਸ. ਗਾਖਲ ਨੇ ਕਿਹਾ ਕਿ ਉਹ ਇਨ੍ਹਾਂ ਆਪਣੇ ਸਾਰੇ ਸਹਿਯੋਗੀਆਂ ਦੇ ਹਮੇਸ਼ਾ ਰਿਣੀ ਰਹਿਣਗੇ ਤੇ ਇਸ ਆਸ ਨਾਲ ਅਗਲੇ ਵਰ੍ਹਿਆਂ ਦੌਰਾਨ ਵੀ ਮਾਂ ਖੇਡ ਕਬੱਡੀ ਨੂੰ ਹੋਰ ਬੁਲੰਦੀਆਂ ਤੱਕ ਲੈ ਕੇ ਜਾਣ ਲਈ ਅਜਿਹੀਆਂ ਕਲੱਬਾਂ ਅਤੇ ਸਹਿਯੋਗੀਆਂ ਨੂੰ ਨਾਲ ਲੈ ਕੇ ਤੁਰਨ ਵਿਚ ਹੀ ਮਾਣ ਸਮਝਦੇ ਰਹਿਣਗੇ।

## ਯੁਨਾਇਟਡ ਸਪੋਰਟਸ ਕਲੱਬ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ

ਯੁਨਾਇਟਡ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ ਦੀ ਨਿਰਵਿਘਨ ਸਮਾਪਤੀ ਲਈ ਸ਼ਰਧਾਪੂਰਬਕ ਹਰ ਸਾਲ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਖਵਾਏ ਜਾ ਰਹੇ ਅਖੰਡ ਪਾਠ ਦੇ ਭੋਗ ਐਤਵਾਰ 9 ਸਤੰਬਰ ਨੂੰ ਸਵੇਰੇ 11 ਵਜੇ ਗੁਰਦੁਆਰਾ ਸਹਿਬ ਫਰੀਮਾਂਟ ਵਿਖੇ ਪਾਏ ਜਾਣਗੇ। ਉਪਰੰਤ ਉਸੇ ਦਿਨ ਬਾਦ ਦੁਪਿਹਰ 1 ਵਜੇ ਰਾਜਾ ਸਵੀਟਸ ਐਲਵਰਾਡੋ ਬੁਲੇਵਾਰਡ ਯੂਨੀਅਨ ਸਿਟੀ ਵਿਖੇ ਵਿਸ਼ਵ ਕੱਪ ਦੇ ਪ੍ਰਬੰਧਾਂ ਤੇ ਹੋਰ ਜਾਣਕਾਰੀ ਹਿੱਤ ਪ੍ਰੈਸ ਕਾਨਫਰੰਸ ਹੋਵੇਗੀ।

# ਡਾ. ਗੁਰੂਮੇਲ ਸਿੱਧੂ ਦੀ ਪੁਸਤਕ "ਸਿਮਰਤੀ ਦੇ ਹਾਸ਼ੀਏ" ਫਰਿਜ਼ਨੋ ਵਿਖੇ ਲੋਕ ਅਰਪਣ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਸਥਾਨਿਕ ਪੰਜਾਬੀ ਸਹਿਤ ਅਕਾਡਮੀ ਵੱਲੋਂ ਪਿਛਲੇ ਦਿਨੀਂ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਡਾ. ਗੁਰੂਮੇਲ ਸਿੱਧੂ ਦੀ ਸਵੈਜੀਵਨੀ ਤੇ ਉਹਨਾਂ ਦੇ ਸਹਿਤਕ ਸਫਰ ਨੂੰ ਦਰਸਾਉਂਦੀ ਪੁਸਤਕ "ਸਿਮਰਤੀ ਦੇ ਹਾਸ਼ੀਏ" ਲੋਕ ਅਰਪਣ ਕੀਤੀ ਗਈ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਡੀਨ ਤੇ ਉੱਘੇ ਫੋਟੋਗ੍ਰਾਫਰ ਦੇਵ ਇੰਦਰ ਨੇ ਆਪਣੀ ਫੋਟੋਗ੍ਰਾਫੀ ਸਬੰਧੀ ਇੱਕ ਸਲਾਈਡ ਸ਼ੋਅ ਵੀ ਵਿਖਾਇਆ ਜਿਹੜਾ ਕਿ ਆਏ ਸੱਜਣਾਂ ਨੇ ਬੜੇ ਗੌਹ ਨਾਲ ਵੇਖਿਆ। ਡੀਨ ਦੇਵ ਇੰਦਰ ਨੇ ਫੋਟੋਗ੍ਰਾਫੀ ਦੇ ਖੇਤਰ ਵਿੱਚ ਬਹੁਤ ਸਾਰੇ ਇਨਾਮ ਵੀ ਜਿੱਤੇ ਹਨ। ਇਸ ਮੌਕੇ ਉੱਘੇ ਪੱਤਰਕਾਰ ਸਿੱਧੂ ਦਮਦਮੀ ਨੇ ਡੀਨ ਦੇਵ ਇੰਦਰ ਦੀ ਜਾਣ ਪਹਿਚਾਣ ਕਰਵਾਈ, ਉਪਰੰਤ ਉਹਨਾਂ ਡਾ. ਗੁਰੂਮੇਲ ਦੀ ਪੁਸਤਕ ਬਾਰੇ ਕਿ ਕਿਵੇਂ ਪੁਸਤਕ ਹੋਂਦ ਵਿੱਚ ਆਈ, ਸਬੰਧੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਤਰਕਸ਼ੀਲ ਅਵਤਾਰ ਗੁੰਦਾਰਾ, ਲੇਖਕ ਸੰਤੋਖ ਸਿੰਘ ਮਨਿਹਾਸ, ਸ਼ਾਇਰ ਅਸ਼ਰਫ ਗਿੱਲ, ਸ਼ਾਇਰ ਸੁੱਖੀ ਧਾਲੀਵਾਲ, ਗਾਇਕ ਕੰਵਲਜੀਤ ਬੈਨੀਪਾਲ, ਸ਼ਾਇਰ ਰਣਜੀਤ ਗਿੱਲ ਆਦਿ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਸੱਜਣਾਂ ਨੇ ਆਪਣੇ ਵਿਚਾਰ ਰੱਖੇ। ਅੰਤ ਵਿੱਚ ਰਸਮੀ ਤੌਰ ਤੇ ਪੁਸਤਕ ਲੋਕ ਅਰਪਣ ਕੀਤੀ ਗਈ। ਇਸ ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਉੱਘੇ ਸ਼ਾਇਰ ਹਰਜਿੰਦਰ ਕੰਗ ਨੇ ਬਾਖੂਬੀ ਕੀਤਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ ਵਿਖੇ ਭਾਈ ਨਿਰਮਲ ਸਿੰਘ ਜੀ ਨੂੰ ਦਿਲੀ ਨਿੱਘੀ ਵਿਦਾਇਗੀ










**ਸੈਕਰਾਮੈਂਟੋ (ਡੀ. ਡੀ. ਬੀ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ 7 ਸਾਲ ਤੋਂ ਵੱਧ ਸਮਾਂ ਭਾਈ ਵਜੋਂ ਸੇਵਾ ਨਿਭਾਉਣ ਦੀ ਖੁਸ਼ੀ ਅਤੇ ਵਾਪਸ ਭਾਰਤ ਜਾਣ ਨੂੰ ਮੁੱਖ ਰੱਖਦਿਆਂ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਨੇ ਗੁਰੂ ਘਰ ਵਿਖੇ ਸਹਿਜ ਪਾਠ ਰਖਾਏ, ਜਿਹਨਾਂ ਦਾ 2 ਸਤੰਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣ ਉਪਰੰਤ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਅਤੇ ਭਾਈ ਗੁਰਦੀਪ ਸਿੰਘ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਭਾਈ ਨਿਰਮਲ ਸਿੰਘ ਜੀ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਿਰੋਪਾਓ ਸਾਹਿਬ ਤੇ ਇਕ ਪ੍ਰਸੰਸਾ ਵਾਲੀ ਪਲੈਕ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸੰਗਤਾਂ ਅਤੇ ਕਮੇਟੀ ਨੇ ਭਾਈ ਨਿਰਮਲ ਸਿੰਘ ਦੀ ਦੁਬਾਰਾ ਵਾਪਸੀ ਲਈ ਵਾਹਿਗੁਰੂ ਅੱਗੇ ਬੇਨਤੀ/ਅਰਦਾਸ ਕੀਤੀ ਅਤੇ ਯਾਦਗਾਰੀ ਤਸਵੀਰਾਂ ਵੀ ਕਰਵਾਈਆਂ। ਅਦਾਰਾ 'ਦੇਸ਼ ਦੁਆਬਾ' ਭਾਈ ਨਿਰਮਲ ਸਿੰਘ ਜੀ ਦੀਆਂ ਨਿਭਾਈਆਂ ਸੇਵਾਵਾਂ ਦੀ ਸਰਾਹਨਾ ਕਰਦਾ ਹੋਇਆ ਉਹਨਾਂ ਦੀ ਫਿਰ ਤੋਂ ਵਾਪਸੀ ਲਈ ਦੁਆ ਕਰਦਾ ਹੈ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376


L.A. MERCHANDISE
Whole Sale +Retail
ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
New folding bed verities
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 41.99+Tax
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99
Bio Bidet Elite 2 $ 39.99+ Tax
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250
Buy 5 get 1 free


TANDOOR
Indian Restaurant
27167 Mission Blvd. Hayward, CA 95544
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days
11 AM to 10 PM
Ph. 510-885-1212
Fax. 510-885-1532


ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ
eLog Book Integration COMING SOON
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
WE HANDLE DOT AUDITS
Tel: 800.936.4011 • 209.636.0880
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hay-ward, CA 94544
Prop: Jasbir Singh Takhar
510-755-2132
Harmandeep Singh

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube






* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749


ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

3525 Highway 99, West Corning, CA 96021
Across the Street from TA Truck Stop





KB USED AUTO SALES





8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ





Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਅੱਜ ਦੇ ਬਾਬਿਆਂ ਦੀ ਲੋੜ ਨਾ ਕਾਈ

ਅੰਗ-ਸੰਗ



ਸ਼ਾਮ ਸਿੰਘ
98141-13338

**ਰੱਬ ਦੀ ਦਰਗਾਹ ਵਿਚ ਸਿਫਾਰਸ਼ਾਂ ਕਰਨ ਦੇ ਵਾਅਦੇ ਕਰਦੇ ਅਤੇ ਲਾਰੇ ਲਾਉਂਦੇ ਸਨ ਪਰ ਖੁਦ ਢੌਂਗੀ ਸਾਬਤ ਹੋ ਕੇ ਰਹਿ ਗਏ। ਸੋਚੋ ਤਾਂ ਸਹੀ - ਕੀ ਇਹ ਸੱਚ ਨਹੀਂ? ਅਕਲ ਦੀ ਵਰਤੋਂ ਕਰਦਿਆਂ ਇਹ ਆਸਾਨੀ ਨਾਲ ਹੀ ਸਮਝਿਆ ਜਾ ਸਕਦਾ ਹੈ ਕਿ ਮਾੜੇ, ਬੁਰੇ ਤੇ ਦੁਰਾਚਾਰ ਵਾਲੇ ਕੰਮ ਕਰਨ ਵਾਲਿਆਂ ਦੀ ਸਿਫਾਰਸ਼ ਕਿਵੇਂ ਕੀਤੀ ਜਾ ਸਕਦੀ ਹੈ ਅਤੇ ਫੇਰ ਮੰਨੀ ਤਾਂ ਬਿਲਕੁੱਲ ਹੀ ਨਹੀਂ ਜਾ ਸਕਦੀ। ਇਹ ਵੀ ਗੱਲ ਸਵਾਲਾਂ ਦੇ ਘੇਰੇ ਵਿਚ ਹੈ ਕਿ ਕੀ ਰੱਬ ਏਡਾ ਕਮ.ਲਾ ਹੈ ਕਿ ਉਸ ਨੇ ਅੱਗੇ ਆਪਣੇ ਏਜੰਟ ਰੱਖੇ ਹੋਏ ਹਨ ਕਿ ਜਿਹੜੇ ਚੰਗੇ-ਮਾੜੇ ਕਰਮਾਂ ਦਾ ਹਿਸਾਬ ਕਰਨ। ਅਜਿਹਾ ਹੋ ਹੀ ਨਹੀਂ ਸਕਦਾ। ਇਹ ਸਭ ਵੱਖ ਵੱਖ ਧਰਮਾਂ ਨਾਲ ਸਬੰਧਤ ਬਾਬਿਆਂ ਨੇ ਝੂਠ ਤੰਤਰ, ਫਰੇਬ ਤੰਤਰ ਦਾ ਜਾ.ਲ ਬਣਾਇਆ ਹੋਇਆ ਹੈ ਤਾਂ ਕਿ ਰੱਬ ਦੇ ਦਰਬਾਰ ਦੀ ਸਲਤਨਤ ਧਰਤੀ ਉੱਤੇ ਦੁਨੀਆਂ ਦੇ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਿਆ ਜਾ ਸਕੇ ਆਪ ਅੱਯਾਸ਼ੀਆਂ ਅਤੇ ਐਸ਼ੋ-ਇਸ਼ਰਤ ਵਾਲੀ ਜ਼ਿੰਦਗੀ ਬਿਤਾਈ ਜਾ ਸਕੇ।**

ਅੱਜ ਦੇ ਬਹੁਮਤ ਬਾਬੇ ਉਹ ਕੁਝ ਕਰ ਰਹੇ ਹਨ ਜੋ ਉਨ੍ਹਾਂ ਦਾ ਕਾਰਜ ਖੇਤਰ ਨਹੀਂ। ਉਹ ਉਨ੍ਹਾਂ ਰਾਹਾਂ 'ਤੇ ਚੱਲ ਰਹੇ ਹਨ ਜੋ ਉਨ੍ਹਾਂ ਦੇ ਰਾਹ ਹੀ ਨਹੀਂ। ਜਿਨ੍ਹਾਂ ਕੰਮਾਂ ਤੋਂ ਉਨ੍ਹਾਂ ਨੇ ਲੋਕਾਂ ਨੂੰ ਹਟਾਉਣਾ ਸੀ ਉਹ ਖੁਦ ਹੀ ਕਰਨ ਲੱਗ ਪਏ। ਅਜ ਇਕ ਧਰਮ ਦੇ ਨਹੀਂ ਹਰ ਧਰਮ ਦੇ ਬਾਬੇ (ਪਾਦਰੀ, ਭਾਈ (ਗਿਆਨੀ), ਪਰੋਹਤ, ਮੁੱਲਾਂ, ਸੁਆਮੀ ਅਤੇ ਭਿਖਸ਼ੂ) ਭੋਲ਼ੇ-ਭਾਲ਼ੇ ਲੋਕਾਂ ਨੂੰ ਰੂਹਾਨੀਅਤ ਦੇ ਨਾਂ 'ਤੇ ਲੁੱਟਣ ਲੱਗ ਪਏ। ਰੱਬ ਦਿਖਾਉਣ ਦੇ ਨਾਂ ਤੇ ਅੱਖਾਂ ਖੋਲ੍ਹਣ ਦੀ ਥਾਵੇਂ ਅੱਖਾਂ ਮੀਟਣ ਲਈ ਕਿਹਾ ਜਾ ਰਿਹਾ। ਸਵਰਗ ਵਿਚ ਸੀਟਾਂ ਬੁੱਕ ਕਰਾਉਣ ਵਾਸਤੇ ਫੀਸਾਂ ਰੱਖ ਦਿੱਤੀਆਂ ਗਈਆਂ ਹਨ ਜਦ ਕਿ ਇਹ ਸਾਰਾ ਕੁੱਝ ਝੂਠ ਦਾ ਪੁਲੰਦਾ ਹੈ ਅਤੇ ਭਰਮ ਦਾ ਵੱਡਾ ਜਾ.ਲ। ਫੇਰ ਵੀ ਬੇਸਮਝ ਲੋਕ ਸ਼ੈਤਨ ਕਿਸਮ ਦੇ ਬਾਬਿਆਂ ਦਾ ਸ਼ਿਕਾਰ ਹੋ ਰਹੇ ਹਨ। ਲੁੱਟੇ ਗਏ ਪੀੜਤਾਂ ਦੀ ਕਤਾਰ ਵਿਚ ਖੜ੍ਹੇ ਕੁੱਝ ਦੱਸਣ ਜੋਗੇ ਵੀ ਨਹੀਂ ਰਹਿੰਦੇ।

ਅੰਕੜਿਆਂ ਨਾਲ ਨਿਪਟਣ ਵਾਲੇ ਜਾਣਦੇ ਹਨ ਕਿ ਕਿੰਨੇ ਬਾਬਿਆਂ 'ਤੇ ਦੇਸ਼-ਵਿਦੇਸ਼ ਦੀਆਂ ਅਦਾਲਤਾਂ ਵਿਚ ਅਪਰਾਧ ਕਰਨ ਦੇ ਕੇਸ ਚੱਲ ਰਹੇ ਹਨ ਅਤੇ ਕਾਮੀ "ਬਾਬੇ" ਤੇ ਹੋਰ ਕਿੰਨੀ ਗਿਣਤੀ ਵਿਚ ਜੇਲਾਂ ਵਿਚ ਵੀ ਬਿਰਾਜੇ ਹੋਏ ਹਨ। ਉਹ ਵੀ ਮਾੜੇ-ਮੋਟੇ ਅਪਰਾਧ ਨਹੀਂ ਪਾਪ ਨਾਲ ਭਿੱਜੇ ਬੱਜਰ ਅਪਰਾਧ ਜਿਨ੍ਹਾਂ ਵਿਚ ਮਾਫੀ ਵੀ ਨਹੀਂ ਦਿੱਤੀ ਜਾ ਸਕਦੀ। ਉਹ ਜਿਹੜੇ ਲੋਕਾਂ ਨੂੰ ਜੇਲਾਂ, ਅਪਰਾਧਾਂ ਤੋਂ ਮੁਕਤੀ ਦਵਾਉਣ ਲਈ "ਅਸ਼ੀਰਵਾਦ" ਵੇਚਦੇ ਸਨ ਹੁਣ ਖੁਦ ਨੂੰ ਖਰੀਦਿਆਂ ਵੀ ਅਸ਼ੀਰਵਾਦ ਨਹੀਂ ਮਿਲ ਰਿਹਾ। ਅਜਿਹੇ ਰੰਗਾਂ ਤੋਂ ਪਤਾ ਲਗਦਾ ਹੈ ਕਿ ਕਿ ਕੁਕਰਮਾਂ ਵਿਚ ਫਸੇ ਹੋਏ "ਬਾਬੇ" ਧੋਖੇ, ਫਰੇਬ ਦੇ ਪੁਤਲੇ ਸਨ/ਹਨ ਅਤੇ ਭਰਮ ਜਾ.ਲ ਵਾਲੇ ਸ਼ਿਕਾਰੀ ਵੀ।

ਰੱਬ ਦੀ ਦਰਗਾਹ ਵਿਚ ਸਿਫਾਰਸ਼ਾਂ ਕਰਨ ਦੇ ਵਾਅਦੇ ਕਰਦੇ ਅਤੇ ਲਾਰੇ ਲਾਉਂਦੇ ਸਨ ਪਰ ਖੁਦ ਢੌਂਗੀ ਸਾਬਤ ਹੋ ਕੇ ਰਹਿ ਗਏ। ਸੋਚੋ ਤਾਂ ਸਹੀ - ਕੀ ਇਹ ਸੱਚ ਨਹੀਂ? ਅਕਲ ਦੀ ਵਰਤੋਂ ਕਰਦਿਆਂ ਇਹ ਆਸਾਨੀ ਨਾਲ ਹੀ ਸਮਝਿਆ ਜਾ ਸਕਦਾ ਹੈ ਕਿ ਮਾੜੇ, ਬੁਰੇ ਤੇ ਦੁਰਾਚਾਰ ਵਾਲੇ ਕੰਮ ਕਰਨ ਵਾਲਿਆਂ ਦੀ ਸਿਫਾਰਸ਼ ਕਿਵੇਂ ਕੀਤੀ ਜਾ ਸਕਦੀ ਹੈ ਅਤੇ ਫੇਰ ਮੰਨੀ ਤਾਂ ਬਿਲਕੁੱਲ ਹੀ ਨਹੀਂ ਜਾ ਸਕਦੀ। ਇਹ ਵੀ ਗੱਲ ਸਵਾਲਾਂ ਦੇ ਘੇਰੇ ਵਿਚ ਹੈ ਕਿ ਕੀ ਰੱਬ ਏਡਾ ਕਮ.ਲਾ ਹੈ ਕਿ ਉਸ ਨੇ ਅੱਗੇ ਆਪਣੇ ਏਜੰਟ ਰੱਖੇ ਹੋਏ ਹਨ ਕਿ ਜਿਹੜੇ ਚੰਗੇ-ਮਾੜੇ ਕਰਮਾਂ ਦਾ ਹਿਸਾਬ ਕਰਨ।

ਅਜਿਹਾ ਹੋ ਹੀ ਨਹੀਂ ਸਕਦਾ। ਇਹ ਸਭ ਵੱਖ ਵੱਖ ਧਰਮਾਂ ਨਾਲ ਸਬੰਧਤ ਬਾਬਿਆਂ ਨੇ ਝੂਠ ਤੰਤਰ, ਫਰੇਬ ਤੰਤਰ ਦਾ ਜਾ.ਲ ਬਣਾਇਆ ਹੋਇਆ ਹੈ ਤਾਂ ਕਿ ਰੱਬ ਦੇ ਦਰਬਾਰ ਦੀ ਸਲਤਨਤ ਧਰਤੀ ਉੱਤੇ ਦੁਨੀਆਂ ਦੇ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਿਆ ਜਾ ਸਕੇ ਆਪ ਅੱਯਾਸ਼ੀਆਂ ਅਤੇ ਐਸ਼ੋ-ਇਸ਼ਰਤ ਵਾਲੀ ਜ਼ਿੰਦਗੀ ਬਿਤਾਈ ਜਾ ਸਕੇ।

ਕਹਿੰਦੇ ਹਨ ਕਿ ਰੱਬ ਦੀ ਰਜ਼ਾ ਤੋਂ ਬਗੈਰ ਪੱਤਾ ਨਹੀਂ ਹਿੱਲ ਸਕਦਾ ਫੇਰ ਰੱਬ ਪਹਿਲਾਂ ਆਪ ਹੀ ਜੀਵ ਤੋਂ ਮਾੜੇ ਕੰਮ ਕਰਾਵੇ ਅਤੇ ਫੇਰ ਬਾਬਿਆਂ ਦੇ ਕਹਿਣ 'ਤੇ ਮਾਫੀਆਂ ਦਿੰਦਾ ਫਿਰੇ। ਜੇ ਕੋਈ ਰੱਬ ਹੈ ਤਾਂ ਅਜਿਹਾ ਨਹੀਂ ਕਰ ਸਕਦਾ। ਦੁਜੇ ਪਾਸੇ ਸ਼ੈਤਾਨ ਰੱਬ ਦੀ ਗੱਦੀ ਲਈ ਖਤਰੇ ਪੈਦਾ ਕਰੇ ਇਹ ਵੀ ਕੋਈ ਠੀਕ ਗੱਲ ਨਹੀਂ ਜਾਪਦੀ ਜੋ ਤਰਕ ਤੇ ਪੂਰੀ ਨਹੀਂ ਉਤਰਦੀ। ਕੀ ਲਾਹਾ ਇਨ੍ਹਾਂ ਗੱਲਾਂ ਦਾ - ਇਹ ਸਿਰੇ ਦਾ ਬੇਹੂਦਾਪਣ ਹੈ।

ਭਾਰਤ ਅੰਦਰ ਵਿਹਲੜ "ਬਾਬੇ" ਕਰੋੜਾਂ ਦੀ ਗਿਣਤੀ ਵਿਚ ਹਨ ਜਿਨ੍ਹਾਂ ਨੂੰ ਧਰਮ ਬਾਰੇ ਗਹਿਰਾਈ 'ਚ ਤਾਂ ਕੀ ਮੋਟੀ ਮੋਟੀ ਜਾਣਕਾਰੀ ਵੀ ਨਹੀਂ। ਉਹ ਤਾਂ ਸਗੋਂ ਧਰਮ ਦੀ ਆਤਮਾ ਦੇ ਉਲਟ ਅਤੇ ਆਪਣੀ ਮਰੀ ਹੋਈ ਜ਼ਮੀਰ ਦੇ ਓਹਲੇ ਲੁੱਟਣ ਦੀ ਜੁਗਤ ਜਾਣ ਲੈਂਦੇ ਹਨ ਤਾਂ ਜੋ ਆਪਣਾ ਅਤੇ ਆਪਣੇ ਵਿਹਲੜ, ਨਿਕੰਮੇ ਅਤੇ ਅਨਪੜ੍ਹ ਚੇਲਿਆਂ ਦੀ ਧੋਖਿਆ, ਠੱਗੀਆਂ ਦੇ ਆਸਰੇ ਪੇਟ-ਪੂਜਾ ਕਰ ਸਕਣ। ਇਹ ਝੂਠ ਤਾਂ ਉਹ ਜਾਣਦੇ ਹੀ ਹੁੰਦੇ ਹਨ।

ਜਿਹੜਾ ਖੁਦ ਮਾੜੇ ਕੰਮ ਕਰਦਾ ਹੋਵੇ, ਪਾਪ ਦੇ ਚੱਕਰ ਵਿਚ ਪਿਆ ਹੋਵੇ ਭਲਾਂ ਉਹ ਕਿਵੇਂ ਕਿਸੇ ਪਾਪੀ ਦੀ ਮੱਦਦ ਲਈ ਆ ਸਕਦਾ ਹੈ ਅਤੇ ਜੇ ਆ ਵੀ ਜਾਵੇ ਤਾਂ ਉਸ ਦੀ ਕੌਣ ਮੰਨ ਸਕੇਗਾ। ਜੇ ਰੱਬ ਅਜਿਹੇ ਬਾਬੇ ਦੀ ਮੰਨੇਗਾ ਫੇਰ ਤਾਂ ਉਹ ਕਮਲਾ ਹੀ ਹੋਇਆ, ਅਕਲਵਾਨ ਨਹੀਂ। ਕੋਈ ਭੁੱਲਾਂ ਬਖਸ਼ਾ ਰਿਹਾ, ਕੋਈ ਮਨੌਤਾਂ ਸਿਰ 'ਤੇ ਚੁੱਕੀ ਫਿਰਦਾ ਪਰ ਇਹ ਸਭ ਕੁੱਝ ਭਰਮ ਭੁਲੇਖੇ ਹਨ ਕਿਉਂਕਿ ਕੋਈ ਵੀ ਇਸ ਬਾਰੇ ਤਰਕ-ਭਰੇ ਤਰੀਕੇ ਨਾਲ ਨਹੀਂ ਦੱਸ ਰਿਹਾ।

ਬਹੁਤੇ "ਬਾਬੇ" ਅਜਿਹੇ ਹਨ ਜਿਨ੍ਹਾਂ ਦਾ ਸਬੰਧ ਲੰਗਰ-ਪਾਣੀ ਤੱਕ ਹੀ ਹੁੰਦਾ ਹੈ ਤਾਂ ਜੋ ਉਨ੍ਹਾਂ ਦੇ ਡੇਰੇ ਦਾ "ਕੰਮ-ਕਾਰ" ਚੱਲਦਾ ਰਹੇ ਅਤੇ ਝੂਠ ਦੇ ਆਸਰੇ "ਮਾਣ-ਮਰਿਯਾਦਾ" ਬਣੀ ਰਹੇ। ਉਨ੍ਹਾਂ ਦਾ ਬਹੁਤਾ ਸਬੰਧ ਭਰਮ ਖਲਾਰਦੇ ਸ਼ਬਦਾਂ ਦੇ ਰਟਨ ਨਾਲ ਹੁੰਦਾ ਹੈ - ਜਿਸ ਦਾ ਕਿਸੇ ਨੂੰ ਕੋਈ ਫਾਇਦਾ ਨਹੀਂ ਹੁੰਦਾ। ਨਾ ਤਾਂ ਉਹ ਆਪਣੀ ਭੁੱਖੜ ਰੂਹ ਨੂੰ ਜਾਣਦੇ ਅਤੇ ਨਾ ਹੀ ਸ਼ਬਦਾਂ ਦੀ ਰੂਹ ਨੂੰ। ਉਹ ਉਹੋ ਗੱਲਾਂ ਕਰਦੇ ਹਨ ਜਿਨ੍ਹਾਂ ਬਾਰੇ ਉਹ ਕੁੱਝ ਨਹੀਂ ਜਾਣਦੇ। ਕਮਾਲ ਹੈ ਕਿ "ਲੋਕ" ਫੇਰ ਵੀ ਉਨ੍ਹਾਂ ਦੀਆਂ ਮੋਮੋਠਗਣੀਆਂ ਗੱਲਾਂ 'ਤੇ ਇਤਬਾਰ ਕਰ ਜਾਂਦੇ ਹਨ।

ਜਿਹੜੇ ਰੱਬ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਕਰਦੇ ਉਹ ਤਾਂ ਵੈਸੇ ਹੀ ਸੁਰਖਰੂ ਹਨ, ਉਹ ਖਾਹਮਖਾਹ ਦੇ ਝੰਜਟ ਵਿਚ ਪੈਂਦੇ ਹੀ ਨਹੀਂ। ਉਹ ਕੁਦਰਤੀ ਸੈਲਾਂ ਦੇ ਸਹਾਰੇ ਜੀਵਨ ਦੀ ਹੋਂਦ ਨੂੰ ਮੰਨਦੇ ਹੋਏ ਅੱਗੇ ਲੰਘ ਜਾਂਦੇ ਹਨ ਜਿਸ ਕਾਰਨ ਉਹ ਸਮਾਂ ਜਾਇਆ ਨਹੀਂ ਕਰਦੇ। ਪਰ ਧਰਮਾਂ ਨੂੰ ਮੰਨਣ ਵਾਲੇ ਸ਼ਰਧਾ ਦੇ ਚੱਕਰ ਵਿਚ ਪਏ ਇਸ ਰਾਹ ਨੂੰ ਛੱਡਣ ਦੇ ਸਮਰੱਥ ਨਹੀਂ ਹੁੰਦੇ।

ਇਸੇ ਕਰਕੇ ਕਿਸੇ ਨੇ ਇਸ ਨੂੰ ਬਹੁਤ ਜਰੂਰੀ ਆਖ ਦਿੱਤਾ ਅਤੇ ਇਸ ਤੋਂ ਬਗੈਰ ਹੋਰ ਕੁੱਝ ਵੀ ਨਹੀਂ। ਜਾਣੀ, ਰੱਬ ਨੂੰ ਮੰਨਣ ਅਤੇ ਉਸਦਾ ਬਣ ਕੇ ਰਹਿਣ ਬਿਨਾ ਹੋਰ ਕਿਸੇ ਕੰਮ ਨਹੀਂ। ਪਰ ਇਸ ਵਰਤਾਰੇ ਨੂੰ ਚਣੌਤੀ ਦੇਣ ਵਾਲਿਆਂ ਦੀ ਵੀ ਕਮੀ ਨਹੀਂ।

ਕੋਈ ਆਖਦਾ ਹੈ ਕਿ ਰੱਬ ਡਰ 'ਚੋਂ ਪੈਦਾ ਹੋਇਆ, ਕੋਈ ਮਿੱਥ 'ਚੋਂ ਜੰਮਿਆਂ ਆਖਦਾ ਅਤੇ ਕੋਈ ਇਸ ਨੂੰ ਨਸ਼ਾ ਜਾਂ ਅਫੀਮ ਆਖ ਲੈਂਦਾ ਅਤੇ ਬੜਾ ਕੁੱਝ ਹੋਰ।

ਗੱਲ ਤਾਂ ਧਰਮ ਦੇ ਨਾਂ 'ਤੇ ਡੇਰੇ ਚਲਾਉਣ ਵਾਲੇ ਸੰਤ, ਬਾਬਿਆਂ ਦੀ ਹੈ ਜਿਹੜੇ ਲੋਕਾਂ ਨੂੰ ਰੱਬ ਦੇ ਨਾਂ ਨਾਲ ਡਰਾ, ਧਮਕਾ ਕੇ ਉਸ ਵਲੋਂ ਦਿੱਤੀਆਂ ਜਾਣ ਵਾਲੀਆਂ ਸਜਾਵਾਂ ਦਾ ਜ਼ਿਕਰ ਕਰਕੇ ਲੋਕਾਂ ਨੂੰ ਆਪਣੇ ਵਲੋਂ ਕੀਤੀ ਜਾਣ ਵਾਲੀ ਲੁੱਟ ਦਾ ਸ਼ਿਕਾਰ ਬਣਾਉਂਦੇ ਹਨ। ਡੋਲਦੀ ਸੋਚ ਵਾਲੇ ਖੁਦ-ਬਖੁਦ ਲੁੱਟ ਹੋ ਜਾਣ ਵਾਸਤੇ ਤਿਆਰ ਹੋ ਜਾਂਦੇ ਹਨ, ਜਿਹੜੇ ਆਪਣਾ ਬਚਾਅ ਕਰਨ ਦੇ ਸਮਰੱਥ ਹੀ ਨਹੀਂ ਹੁੰਦੇ - ਨਾ ਹੀ ਉਹ ਬਚਣ ਦੀ ਕੋਸ਼ਿਸ਼ ਕਰਦੇ ਹਨ।

ਮੁੱਕਦੀ ਗੱਲ ਇਹ ਹੈ ਕਿ ਅੱਜ ਦੇ ਦਿਨ ਤੱਕ ਧਰਤੀ 'ਤੇ ਹੁਣ ਰੱਬ ਦਾ ਕੋਈ ਰੂਪ ਬਣਕੇ ਨਹੀਂ ਤੁਰ ਫਿਰ ਰਿਹਾ। ਜੇਕਰ ਹੁੰਦਾ ਤਾਂ ਹੜ੍ਹ ਰੋਕ ਦਿੰਦਾ, ਸੜਕ ਹਾਦਸੇ ਹੋਣ ਹੀ ਨਾ ਦਿੰਦਾ ਅਤੇ ਹੋਰ ਬਹੁਤ ਸਾਰੇ ਨੁਕਸਾਨ ਵਾਲੇ ਕੰਮਾਂ ਨੂੰ ਹੋਣ/ ਵਾਪਰਨ ਹੀ ਨਾ ਦਿੰਦਾ।

ਜੇ ਇਹ ਸਾਰਾ ਕੁੱਝ ਹੋਈ ਜਾ ਰਿਹਾ ਹੈ ਤਾਂ ਰੱਬ ਦੀ ਮਰਜ਼ੀ ਨਾਲ ਹੋ ਰਿਹਾ ਹੋਵੇਗਾ, ਜਿਸ ਨੂੰ ਕੋਈ ਵੀ ਬਾਬਾ ਰੋਕਣ ਦੇ ਸਮਰੱਥ ਨਹੀਂ ਹੈ।

ਏਨਾ ਕੁੱਝ ਵਿਚਾਰਦਿਆਂ, ਘੋਖਦਿਆਂ ਸਹਿਜੇ ਹੀ ਇਸ ਨਤੀਜੇ ਤੇ ਪਹੁੰਚਿਆਂ ਜਾ ਸਕਦਾ ਹੈ ਕਿ ਕੰਮਚੋਰ ਅਤੇ ਭੁੱਖਮਾਰੇ ਵਿਹਲੜ ਬਾਬੇ ਬੇਲੋੜੇ ਹਨ, ਧਰਤੀ ਤੇ ਪੂਰਾ ਬੋਝ ਹਨ, ਜਿਨ੍ਹਾਂ ਨੇ ਸਮਾਜ ਦਾ ਕੁੱਝ ਨਹੀਂ ਸਵਾਰਿਆ ਅਤੇ ਨਾ ਹੀ ਅੱਗੇ ਕੁੱਝ ਸਵਾਰ ਸਕਣਗੇ।

ਇਸ ਲਈ ਬਾਬਿਆਂ ਨੂੰ ਖ਼ੁਦ ਹੀ ਫਰੇਬ ਦੇ ਰਾਹ ਤੋਂ ਹਟ ਜਾਣਾ ਚਾਹੀਦਾ ਹੈ ਅਤੇ ਸਮਾਜ ਵਿਚ ਵਸਦੇ ਸਾਰੇ ਲੋਕਾਂ ਨੂੰ ਸੋਚਣਾ ਚਾਹੀਦਾ ਹੈ, ਫੈਸਲਾ ਕਰਨਾ ਚਾਹੀਦਾ ਹੈ ਕਿ ਉਹ ਅਜਿਹੇ ਢੌਂਗੀ, ਫਰੇਬੀ ਬਾਬਿਆਂ ਨੂੰ ਕਿਸੇ ਕਿਸਮ ਦੀ ਮਾਨਤਾਂ ਨਾ ਦੇਣ ਅਤੇ ਉਨ੍ਹਾਂ ਨੂੰ ਮੂੰਹ ਨਾ ਲਾਉਣ। ਹੋ ਸਕੇ ਤਾਂ ਲੋਕ ਅਜਿਹੇ ਨਿਕੰਮੇ "ਬਾਬਿਆਂ" ਨੂੰ ਕੰਮ ਕਰਕੇ ਖਾਣ ਦੀ ਮੱਤ ਦੇਣ।

ਖਾਸ ਕਰਕੇ ਸਿਆਸੀ ਲੋਕ/ ਪਾਰਟੀਆਂ ਇਨ੍ਹਾਂ ਨੂੰ ਵੋਟਾਂ ਵਾਸਤੇ ਨਾ ਵਰਤਣ। ਜੇ ਅਜਿਹਾ ਹੋ ਜਾਵੇ ਤਾਂ ਆਪੇ ਬਣੇ "ਬਾਬੇ" ਕਿਸੇ ਪਾਸੇ ਜੋਗੇ ਨਹੀਂ ਰਹਿਣ ਲੱਗੇ ਜਾਂ ਫੇਰ ਆਪ ਹੀ ਟਿਕ ਕੇ ਘਰ ਬਹਿ ਜਾਣਗੇ। ਲੋੜ ਹੈ ਲੋਕਾਂ ਦੇ ਜਾਗਣ ਦੀ - ਸੱਚ ਨੂੰ ਪਹਿਚਾਨਣ ਦੀ।

### ਲਤੀਫੇ ਦਾ ਚਿਹਰਾ-ਮੋਹਰਾ

ਦੋ ਪਾਗਲ ਪਾਣੀ ਵਿਚ ਪ੍ਰਛਾਵਾਂ ਦੇਖਕੇ ਆਪਸ ਵਿਚ ਹੀ ਪੁੱਛਣ ਲੱਗੇ - ਬਈ ਇਹ ਕੀ ਹੈ?
ਥਾਂ ਦੂਜੇ ਨੇ ਕਿਹਾ ਤੈਨੂੰ ਇਹ ਨਹੀਂ ਦਿਸਦਾ, ਚੰਦ ਹੈ ਚੰਦ।
ਫੇਰ ਦੋਹਾਂ ਨੇ ਸਲਾਹ ਕੀਤੀ , ਯਾਰ ਕਮਾਲ ਹੈ - ਮਜ਼ਾਕ ਮਜ਼ਾਕ ਵਿਚ ਹੀ ਚੰਦ ਤੇ ਪਹੁੰਚ ਗਏ, ਚੱਲ ਮੁੜ ਚੱਲੀਏ।

-------

ਪਤੀ- ਬਈ ਰਿੰਕੂ ਰੋਈ ਜਾ ਰਿਹਾ ਪਹਿਲਾਂ ਉਸ ਨੂੰ ਚੁੱਪ ਕਰਵਾ ਲੈ।
ਪਤਨੀ- ਤੁਸੀਂ ਕਰਾਉ ਮੈਂ ਕੰਮ ਕਰ ਰਹੀ ਹਾਂ। ਮੈਂ ਉਸ ਨੂੰ ਦਾਜ ਵਿਚ ਨਹੀਂ ਸੀ ਲੈ ਕੇ ਆਈ।
ਪਤੀ - ਆਰਾਮ ਨਾਲ, ਪਹਿਲਾਂ ਉਸ ਨੂੰ ਚੁੱਪ ਕਰਵਾ ਲੈ, ਮੈਂ ਵੀ ਉਸਨੂੰ ਬਰਾਤ ਵਿਚ ਲੈ ਕੇ ਨਹੀਂ ਸੀ ਗਿਆ।

# 5 ਜਨਵਰੀ ਬਨਾਮ 1 ਜਨਵਰੀ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਜੁਲਾਈ ਦੇ ਆਖਰੀ ਹਫ਼ਤੇ (26 ਅਤੇ 29 ਜੁਲਾਈ 2018 ਈ:) ਵੈਨਕੂਵਰ ਅਤੇ ਸਰੀ ਵਿੱਚ ਹੋਏ ਦੋ ਸੈਮੀਨਾਰ, ਨਾਨਕਸ਼ਾਹੀ ਕੈਲੰਡਰ ਸਬੰਧੀ ਵਿਵਾਦ ਦਾ ਕੋਈ ਹੱਲ ਨਹੀਂ ਕਰ ਸਕੇ, ਪਰ ਪਿਛਲੇ ਲੰਮੇ ਸਮੇਂ ਤੋਂ ਆਈ ਹੋਈ ਖੜੋਤ ਨੂੰ ਤੋੜਨ ਵਿਚ ਸਫਲ ਜਰੂਰ ਹੋਏ ਹਨ। ਉਥੇ ਹੀ ਇਕ ਹੋਰ ਨੁਕਤਾ ਜੋ ਉਘੜ ਕੇ ਸਾਹਮਣੇ ਆਇਆ ਹੈ ਉਹ ਹੈ ਸ: ਪਾਲ ਸਿੰਘ ਪੁਰੇਵਾਲ ਅਤੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਦੀ, ਕੈਲੰਡਰ ਵਿਗਿਆਨ ਦੀ ਜਾਣਕਾਰੀ ਵਿਚ ਜ਼ਮੀਨ-ਅਸਮਾਨ ਦਾ ਅੰਤਰ! ਇਹ ਵਿਚਾਰ ਚਰਚਾ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਸ. ਪਾਲ ਸਿੰਘ ਪੁਰੇਵਾਲ ਅਤੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਦਰਮਿਆਨ ਹੋਈ ਸੀ। 26 ਜੁਲਾਈ ਦਾ ਸੈਮੀਨਾਰ "Canadian Sikh Study & Teaching Society" ਵੱਲੋਂ ਵੈਨਕੂਵਰ ਵਿਖੇ ਆਯੋਜਿਤ ਕੀਤਾ ਗਿਆ ਸੀ ਅਤੇ 29 ਜੁਲਾਈ ਨੂੰ ਭਾਈ ਗੁਰਲਾਲ ਸਿੰਘ (ਸੰਪਾਦਕ ਪੰਜਾਬੀ ਟ੍ਰਿਬਿਊਨ) ਵੱਲੋਂ ਸਰੀ ਵਿੱਚ ਆਯੋਜਿਤ ਕੀਤਾ ਗਿਆ ਸੀ। ਦੂਜੇ ਸੈਮੀਨਾਰ ਵਿੱਚ, ਪਹਿਲਾ ਵਿਚਾਰੇ ਗਏ ਨੁਕਤਿਆਂ ਦਾ ਦੁਹਰਾਓ ਹੀ ਸੀ ਪਰ ਹਾਲ ਵਿੱਚ ਹਾਜ਼ਰ ਸਰੋਤੇ ਜਰੂਰ ਨਵੇਂ ਸਨ।

ਇਸ ਸਬੰਧੀ ਸੋਸ਼ਲ ਮੀਡੀਏ ਰਾਹੀ ਕਈ ਸੱਜਣਾਂ ਵੱਲੋਂ ਸੰਪਰਕ ਕਰਕੇ, ਕਰਨਲ ਸੁਰਜੀਤ ਸਿੰਘ ਨਿਸ਼ਾਨ ਵੱਲੋਂ ਕੀਤੇ ਗਏ ਇਤਰਾਜ਼, "ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖ਼ਾਂ ਇਤਿਹਾਸ ਨਾਲ ਮੇਲ ਨਹੀਂ ਖਾਂਦੀਆਂ" ਸਬੰਧੀ ਜਾਣਕਾਰੀ ਮੰਗੀ ਗਈ ਹੈ। ਕਰਨਲ ਸੁਰਜੀਤ ਸਿੰਘ ਨਿਸ਼ਾਨ ਦੇ ਦੱਸਣ ਮੁਤਾਬਕ, ਉਨ੍ਹਾਂ ਨੇ ਇਹ ਇਤਰਾਜ਼ ਪਹਿਲੀ ਵਾਰ ਦਸੰਬਰ 1999 ਈ: ਵਿਚ ਅਕਾਲ ਤਖਤ ਸਾਹਿਬ ਵਿਖੇ ਹੋਈ ਮੀਟਿੰਗ ਵਿਚ ਕੀਤਾ ਸੀ। ਜਿਸ ਦਾ ਕਈ ਵਾਰ ਜਵਾਬ ਦਿੱਤਾ ਜਾ ਚੁੱਕਾ ਹੈ। ਪਰ ਕਰਨਲ ਨਿਸ਼ਾਨ, ਪਿਛਲੇ 18-19 ਸਾਲਾਂ ਤੋਂ ਇਹ ਇਤਰਾਜ਼ ਦੁਹਰਾ ਰਹੇ ਹਨ। ਜੋ ਕਿ ਨਵੇਂ ਪਾਠਕਾਂ/ ਸਰੋਤਿਆਂ ਨੂੰ ਪ੍ਰਭਾਵਿਤ ਵੀ ਕਰਦਾ ਹੈ। ਆਓ ਇਸਦੀ ਅਸਲੀਅਤ ਨੂੰ ਸਮਝੀਏ।

ਕਰਨਲ ਸੁਰਜੀਤ ਸਿੰਘ ਨਿਸ਼ਾਨ ਦਾ ਇਤਰਾਜ਼ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਜੋ ਬਿਕ੍ਰਮੀ ਕੈਲੰਡਰ ਮੁਤਾਬਕ 23 ਪੋਹ/22 ਦਸੰਬਰ ਹੈ, ਜੋ ਨਾਨਕਸ਼ਾਹੀ ਕੈਲੰਡਰ ਮੁਤਾਬਕ 5 ਜਨਵਰੀ ਬਣਦੀ ਹੈ। ਇਹ ਤਾਰੀਖ਼ ਗਲਤ ਹੈ, ਅਸਲ ਵਿਚ ਇਹ 1 ਜਨਵਰੀ ਬਣਦੀ ਹੈ। ਇਸੇ ਤਰ੍ਹਾਂ ਹੀ ਬਾਕੀ ਸਾਰੀਆਂ ਤਾਰੀਖ਼ਾਂ ਵੀ ਗਲਤ ਹਨ। ਕਰਨਲ ਨਿਸ਼ਾਨ ਨੇ, ਪਾਲ ਸਿੰਘ ਪੁਰੇਵਾਲ ਵੱਲੋਂ ਬਣਾਈ ਗਈ 500 ਸਾਲਾ ਜੰਤਰੀ ਦੇ ਹਵਾਲੇ ਨਾਲ ਦੱਸਿਆ, ਇਨ੍ਹਾਂ ਨੇ ਲਿਖਿਆ ਹੈ ਕਿ ਜੂਲੀਅਨ ਕੈਲੰਡਰ ਦੀ ਤਾਰੀਖ ਨੂੰ ਗਰੈਗੋਰੀਅਨ ਕੈਲੰਡਰ ਵਿੱਚ ਬਦਲੀ ਕਰਨ ਵੇਲੇ 1582 ਤੋਂ 1752 ਦੇ ਦਰਮਿਆਨ ਦੀਆਂ ਤਾਰੀਖ਼ਾਂ ਵਿੱਚ 10 ਜਮਾਂ ਕਰਕੇ ਤਾਰੀਖ ਕੱਢੀ ਜਾ ਸਕਦੀ ਹੈ। ਇਸ ਲਈ 22 ਦਸੰਬਰ ਵਿੱਚ 10 ਜਮਾਂ ਕਰਨ ਤੇ ਇਹ 1 ਜਨਵਰੀ 1667 ਈ: ਬਣਦੀ ਹੈ। ਕਾਸ਼! ਕਰਨਲ ਨਿਸ਼ਾਨ ਨੇ ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਨੂੰ ਚੰਗੀ ਤਰ੍ਹਾਂ ਪੜ੍ਹਿਆ/ਸਮਝਿਆ ਹੁੰਦਾ ਤਾਂ ਉਨ੍ਹਾਂ ਨੂੰ ਪਤਾ ਹੋਣਾ ਸੀ ਕਿ ਕੈਲੰਡਰ ਕਮੇਟੀ ਨੇ ਜੂਲੀਅਨ ਤਾਰੀਖ਼ਾਂ ਵਿੱਚ 10 ਜਾਂ 11 ਦਿਨ ਜਮਾਂ ਕਰਕੇ, ਨਵੀਆਂ ਤਾਰੀਖ਼ਾਂ ਨਹੀਂ ਕੱਢੀਆਂ।

ਕੈਲੰਡਰ ਕਮੇਟੀ ਵੱਲੋਂ ਬਣਾਏ ਗਏ ਨਿਯਮ, ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਵਿੱਚ ਦਰਜ ਹਨ।

ਨਿਯਮ ਨੰਬਰ (6) "ਨਾਨਕਸ਼ਾਹੀ ਸਾਲ ਦੇਪਹਿਲੇ ਪੰਜ ਮਹੀਨੇ ਚੇਤ, ਵੈਸਾਖ, ਜੇਠ, ਹਾੜ' ਸਾਵਣ (ਹਰ ਮਹੀਨੇ) ਦੇ ਦਿਨਾਂ ਦੀ ਗਿਣਤੀ 31 ਹੋਵੇਗੀ। ਪਿਛਲੇ ਸੱਤ ਮਹੀਨਿਆਂ ਭਾਦੋਂ, ਅੱਸੂ' ਕੱਤਕ' ਮੱਘਰ' ਪੋਹ' ਮਾਘ ਤੇ ਫੱਗਣ (ਹਰ ਮਹੀਨੇ) ਦੇ ਦਿਨਾਂ ਦੀ ਗਿਣਤੀ 30 ਹੋਵੇਗੀ।

ਨਿਯਮ ਨੰਬਰ (10) "ਖਾਲਸੇ ਦੇ 300 ਸਾਲਾਂ ਸਿਰਜਨਾ ਦਿਵਸ ਭਾਵ 531 ਨਾਨਕਸ਼ਾਹੀ ਮੁਤਾਬਕ 1999 ਈ: ਵਿੱਚ ਵੈਸਾਖੀ ਤੋਂ ਗੁਰਪੁਰਬਾਂ ਤੇ ਸਿੱਖ ਇਤਿਹਾਸ ਦੇ ਦਿਹਾੜਿਆਂ ਨੂੰ ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖ਼ਾਂ ਵਿੱਚ ਬਦਲ ਦਿੱਤਾ ਜਾਵੇਗਾ। ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖ਼ਾਂ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ"।

ਹੁਣ ਜਦੋਂ ਕੈਲੰਡਰ ਦਾ ਅਧਾਰ 1 ਵੈਸਾਖK 14 ਅਪ੍ਰੈਲ ਹੈ ਤਾਂ ਚੇਤ ਦੇ 31 ਦਿਨ ਪੂਰੇ ਕਰਨ ਲਈ ਇਸ ਦਾ ਆਰੰਭ 14 ਮਾਰਚ ਤੋਂ ਰੱਖਿਆ ਗਿਆ ਹੈ। ਇਸ ਤਰ੍ਹਾਂ ਹੀ ਜੇਠ 15 ਮਈ ਤੋਂ, ਹਾੜ 15 ਜੂਨ, ਸਾਵਣ 16 ਜੁਲਾਈ, ਭਾਦੋਂ 16 ਅਗਸਤ, ਅੱਸੂ 15 ਸਤੰਬਰ, ਕੱਤਕ 15 ਅਕਤੂਬਰ, ਮੱਘਰ 14 ਨਵੰਬਰ, ਪੋਹ 14 ਦਸੰਬਰ, ਮਾਘ 13 ਜਨਵਰੀ ਅਤੇ ਫੱਗਣ ਦਾ ਆਰੰਭ 12 ਫਰਵਰੀ ਤੋਂ ਹੋਵੇਗਾ। ਹੁਣ ਜਦੋਂ ਪੋਹ ਦਾ ਆਰੰਭ 14 ਦਸੰਬਰ ਤੋਂ ਹੋ ਰਿਹਾ ਹੈ ਤਾਂ 23 ਪੋਹ 5 ਜਨਵਰੀ ਨੂੰ ਹੀ ਆਵੇਗੀ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਜੋ 2 ਹਾੜ (30 ਮਈ ਜੂਲੀਅਨ) ਨੂੰ ਹੋਈ ਸੀ, ਦੀ ਤਾਰੀਖ ਕਰਨਲ ਨਿਸ਼ਾਨ ਦੀ ਖੋਜ ਮੁਤਾਬਕ (30+10) 9 ਮਈ ਬਣਦੀ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਹਾੜ ਮਹੀਨੇ ਦਾ ਆਰੰਭ 15 ਜੂਨ ਨੂੰ ਹੁੰਦਾ ਹੈ ਤਾਂ 2 ਹਾੜ ਹਰ ਸਾਲ 16 ਜੂਨ ਨੂੰ ਆਵੇਗੀ। ਹੁਣ ਜੇ ਕਰਨਲ ਨਿਸ਼ਾਨ ਦੀ ਗਣਿਤ ਮੁਤਾਬਕ ਵੈਸਾਖੀ ਦੀ ਤਾਰੀਖ ਕੱਢੀ ਜਾਵੇ ਜੋ 1756 ਬਿਕ੍ਰਮੀ ਵਿਚ 29 ਮਾਰਚ ਨੂੰ ਸੀ। (29+10) ਤਾਂ 8 ਅਪ੍ਰੈਲ ਬਣਦੀ ਹੈ। ਇਸ ਤਾਰੀਖ ਤੇ ਉਨ੍ਹਾਂ ਨੇ ਕਦੇ ਇਤਰਾਜ਼ ਨਹੀਂ ਕੀਤਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਦਰਜ ਵੈਸਾਖੀ ਦੀ ਤਾਰੀਖ 14 ਅਪ੍ਰੈਲ ਗਲਤ ਹੈ। ਸਗੋਂ ਇਥੇ ਉਹ ਇਹ ਕਹਿੰਦੇ ਹਨ ਕਿ ਅਸੀਂ ਵੈਸਾਖੀ 1 ਵੈਸਾਖ ਨੂੰ ਮਨਾਉਂਦੇ ਹਾਂ ਨਾ ਕਿ 29 ਮਾਰਚ ਜਾਂ 13-14 ਅਪ੍ਰੈਲ ਨੂੰ।

ਹੁਣ ਸਵਾਲ ਪੈਦਾ ਹੁੰਦਾ ਹੈ ਜੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ, 22 ਦਸੰਬਰ ਵਿਚ 10 ਦਿਨ ਜਮਾਂ ਕਰਕੇ 1 ਜਨਵਰੀ ਬਣਦੀ ਹੈ ਜਾਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੀ ਤਾਰੀਖ, 30 ਮਈ ਵਿਚ 10 ਜਮਾਂ ਕਰਕੇ 9 ਜੂਨ ਬਣਦੀ ਹੈ ਤਾਂ ਵੈਸਾਖੀ ਦੀ ਤਾਰੀਖ,29 ਮਾਰਚ ਵਿਚ 10 ਦਿਨ ਜਮਾਂ ਕਰਕੇ 8 ਅਪ੍ਰੈਲ ਕਿਉਂ ਨਹੀਂ? ਜੇ ਵੈਸਾਖੀ 1 ਵੈਸਾਖ ਨੂੰ ਮਨਾਈ ਜਾਂਦੀ ਹੈ (ਜੋ 16 ਦਿਨਾਂ ਦੇ ਫਰਕ ਨਾਲ 14 ਅਪ੍ਰੈਲ ਨੂੰ ਆਉਂਦੀ ਹੈ) ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਵੀ 23 ਪੋਹ ਅਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 2 ਹਾੜ ਨੂੰ ਹੀ ਮਨਾਇਆ ਜਾਂਦਾ ਹੈ, ਇਸ ਤੇ ਇਤਰਾਜ਼ ਕਿਉਂ ? ਇਸੇ ਸਮੇਂ ਦੌਰਾਨ ਹੀ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਵੀ ਹੋਈਆਂ ਸਨ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ,7 ਦਸੰਬਰ ਤੋਂ ਖਿਸਕ ਕੇ 21 ਦਸੰਬਰ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜਾ 13 ਪੋਹ, 12 ਦਸੰਬਰ ਤੋਂ ਖਿਸਕ ਕੇ ਅੱਜ 26 ਦਸੰਬਰ ਨੂੰ ਆ ਰਿਹਾ ਹੈ।ਇਨ੍ਹਾਂ ਦਿਹਾੜਿਆਂ ਦੀ ਅੱਜ ਵੀ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ 8 ਪੋਹ ਅਤੇ 13 ਹੀ ਦਰਜ ਹੈ। ਇਨ੍ਹਾਂ ਤਾਰੀਖ਼ਾ ਬਾਰੇ ਵੀ ਕਦੇ ਕੋਈ ਇਤਰਾਜ਼ ਨਹੀ ਪੜਿਆ-ਸੁਣਿਆ।

ਜੇ 1756 ਬਿਕ੍ਰਮੀ ਦੀ 1 ਵੈਸਾਖ ਅੱਜ ਵੀ 1 ਵੈਸਾਖ ਹੈ ਤਾਂ ਉਸ ਤੋਂ 33 ਸਾਲ ਪਹਿਲਾ (1723 ਬਿਕ੍ਰਮੀ) ਦੀ 23 ਪੋਹ, ਅੱਜ 23 ਪੋਹ ਕਿਵੇਂ ਨਹੀਂ ਹੈ?ਜੇ ਵੈਸਾਖੀ ਦੀ ਤਾਰੀਖ, ਜੋ 29 ਮਾਰਚ ਤੋਂ ਖਿਸਕ ਕੇ 14 ਅਪ੍ਰੈਲ ਹੋ ਗਈ ਹੈ, ਪ੍ਰਵਾਨ ਹੈ ਤਾਂ 23 ਪੋਹ ਜੋ 22 ਦਸੰਬਰ ਤੋਂ ਖਿਸਕ ਕੇ 5 ਜਨਵਰੀ ਤੇ ਪੁੱਜ ਗਈ ਹੈ, ਤੇ ਇਤਰਾਜ਼ ਕਿਉਂ? 23 ਪੋਹ ਤੇ ਮਾਪਦੰਡ ਹੋਰ ਅਤੇ 1 ਵੈਸਾਖ ਤੇ ਮਾਪਦੰਡ ਹੋਰ, ਇਹ ਕਿਧਰ ਦਾ ਨਿਆਂ ਹੈ? ਯਾਦ ਰਹੇ ਇਹ ਸਵਾਲ ਮੈਂ ਪਹਿਲਾ ਵੀ ਕਰ ਚੁੱਕਾ ਹਾਂ, ਪਰ ਕਰਨਲ ਨਿਸ਼ਾਨ ਨੇ ਜਵਾਬ ਨਹੀ ਦਿੱਤਾ।

ਜੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7, ਜੋਤੀ ਜੋਤ ਦਿਹਾੜਾ ਕੱਤਕ ਸੁਦੀ 5, ਗੁਰਗੱਦੀ ਦਿਵਸ ਗੁਰੂ ਗ੍ਰੰਥ ਸਾਹਿਬ ਜੀ, ਕੱਤਕ ਸੁਦੀ 2 ਨੂੰ ਮਨਾਉਣਾ ਹੈ ਤਾਂ ਖਾਲਸਾ ਸਾਜਣਾ ਦਿਵਸ ਚੇਤ ਸੁਦੀ 9 ਨੂੰ ਕਿਉਂ ਨਹੀਂ? ਕੁਝ ਦਿਹਾੜੇ ਵਦੀ-ਸੁਦੀ ਮੁਤਾਬਕ, ਕੁਝ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ, ਅਜੇਹਾ ਕਿਉਂ? ਜੇ ਗੁਰਪੁਰਬ ਚੰਦ ਦੇ ਕੈਲੰਡਰ ਮੁਤਾਬਕ ਮਨਾਉਣੇ ਹਨ ਤਾਂ ਇਸ ਵਿਚ ਤੇਰਵਾਂ ਮਹੀਨਾ (ਮਲ ਮਾਸ) ਜੋੜ ਕੇ ਸੂਰਜੀ ਕੈਲੰਡਰ ਦੇ ਬਰਾਬਰ ਕਿਉ ਕੀਤਾ ਜਾਂਦਾ ਹੈ? ਜੇ ਚੰਦ ਦੇ ਕੈਲੰਡਰ ਨੂੰ ਵੀ ਖਿੱਚ-ਧੂਹ ਕੇ ਸੂਰਜੀ ਕੈਲੰਡਰ ਨਾਲ ਹੀ ਨੱਥੀ ਕਰਨਾ ਹੈ ਤਾ ਸਿੱਧਾ ਸੂਰਜੀ ਕੈਲੰਡਰ ਹੀ ਕਿਉਂ ਨਹੀ?

ਨਾਨਕਸ਼ਾਹੀ ਕੈਲੰਡਰ ਦੇ ਅਲੋਚਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਜੇ ਤੁਹਾਡੇ ਵਿੱਚ ਸਮਰੱਥਾ ਹੈ ਤਾਂ ਪੁਰੇਵਾਲ ਵੱਲੋਂ ਖਿੱਚੀ ਗਈ ਲਕੀਰ ਨੂੰ ਮਿਟਾਉਣ ਦਾ ਅਸਫਲ ਯਤਨ ਕਰਨ ਦੀ ਬਿਜਾਏ, ਉਸ ਤੋਂ ਲੰਮੀ ਲਕੀਰ ਖਿੱਚਣ ਦਾ ਯਤਨ ਕਰੋ। ਜਿਹੜੇ ਮਾਪਦੰਡ ਤੁਸੀਂ ਨਾਨਕਸ਼ਾਹੀ ਕੈਲੰਡਰ ਤੇ ਠੋਸਣਾ ਚਾਹੁੰਦੇ ਹੋ, ਉਨ੍ਹਾਂ ਮਾਪਦੰਡਾਂ ਅਨੁਸਾਰ ਆਪਣਾ ਕੈਲੰਡਰ ਬਣਾ ਕੇ ਕੌਮ ਦੀ ਕਚਹਿਰੀ ਵਿੱਚ ਪੇਸ਼ ਕਰੋ ਤਾਂ ਜੋ ਉਸ ਤੇ ਵਿਚਾਰ ਕੀਤੀ ਜਾ ਸਕੇ।

# ਦੇਸ਼ ਵਿੱਚ ਉੱਚ ਸਿੱਖਿਆ ਦੀ ਖਸਤਾ ਹਾਲਾਤ

**ਸਾਲ 2011 ਦੀ ਮਰਦਮ ਸ਼ੁਮਾਰੀ ਅਨੁਸਾਰ ਸਿਰਫ 8.15 ਪੀਸਦੀ ਭਾਰਤੀ ਗਰੇਜੂਏਟ ਹਨ। ਸਾਲ 2016 ਦੇ ਪ੍ਰਾਪਤ ਅੰਕੜਿਆਂ ਅਨੁਸਾਰ ਦੇਸ਼ ਵਿੱਚ ਕੁੱਲ 864 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚ 44 ਸੈਂਟਰਲ ਯੂਨੀਵਰਸਿਟੀਆਂ, 540 ਰਾਜ ਯੂਨੀਵਰਸਿਟੀਆਂ, 122 ਡੀਅਡ ਯੂਨੀਵਰਸਿਟੀਆਂ, 90 ਪ੍ਰਾਈਵੇਟ ਯੂਨੀਵਰਸਿਟੀਆਂ ਅਤੇ 75 ਨੈਸ਼ਨਲ ਪੱਧਰ ਦੇ ਹੋਰ ਸਿੱਖਿਆ ਅਦਾਰੇ ਜਿਨ੍ਹਾਂ 'ਚ ਆਈ ਆਈ ਟੀ, ਏਮਜ਼ ਆਦਿ ਸ਼ਾਮਲ ਹਨ। ਦੇਸ਼ ਵਿੱਚ 40,026 ਸਰਕਾਰੀ, ਗੈਰ-ਸਰਕਾਰੀ ਕਾਲਜ ਹਨ, ਜਿਨ੍ਹਾ 'ਚ 1800 ਕਾਲਜ ਸਿਰਫ ਲੜਕੀਆਂ, ਔਰਤਾਂ ਲਈ ਹਨ। ਇਹਨਾ ਤੋਂ ਇਲਾਵਾ ਡਿਸਟੈਂਸ ਐਜੂਕੇਸ਼ਨ ਅਧੀਨ ਵੀ ਕੁੱਝ ਯੂਨੀਵਰਸਿਟੀਆਂ, ਸਿੱਖਿਆ ਅਦਾਰੇ ਉੱਚ ਸਿੱਖਿਆ ਪ੍ਰਦਾਨ ਕਰਦੇ ਹਨ।**



ਗੁਰਮੀਤ ਸਿੰਘ ਪਲਾਹੀ
91-98158-02070

ਪੜ੍ਹਾਈ ਲਿਖਾਈ ਦੇ ਨਾਲ-ਨਾਲ ਯੂਨੀਵਰਸਿਟੀਆਂ ਵਿੱਚ ਕੰਮ ਕਰਦੇ ਅਧਿਆਪਕ ਸਿੱਖਿਆ ਖੋਜ਼ ਵਿੱਚ ਵੀ ਅਹਿਮ ਭੂਮਿਕਾ ਅਦਾ ਕਰਦੇ ਹਨ, ਲੇਕਿਨ ਦੇਸ਼ ਦੀਆਂ ਕੇਂਦਰੀ ਯੂਨੀਵਰਸਿਟੀਆਂ ਦਾ ਇਹ ਹਾਲ ਹੈ ਕਿ ਅਧਿਆਪਕਾਂ ਦੀਆਂ 33 ਫੀਸਦੀ ਜਾਣੀ ਇੱਕ ਤਿਹਾਈ ਪੋਸਟਾਂ ਖਾਲੀ ਪਈਆਂ ਹਨ। ਇਥੋਂ ਤੱਕ ਕਿ ਆਈ ਆਈ ਟੀ ਵਿੱਚ ਵੀ 34 ਫੀਸਦੀ ਅਧਿਆਪਕਾਂ ਦੀਆਂ ਪੋਸਟਾਂ ਉਤੇ ਕੋਈ ਅਧਿਆਪਕ ਹੀ ਨਹੀਂ ਹੈ। ਪਿਛਲੇ ਦਿਨੀਂ ਲੋਕ ਸਭਾ ਵਿੱਚ ਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਕੰਮ ਕਰਨ ਵਾਲੇ ਅਧਿਆਪਕਾਂ ਪ੍ਰਤੀ ਅੰਕੜੇ ਛਪੇ ਹਨ। ਦੇਸ਼ ਦੀਆਂ ਕੁਲ ਕੇਂਦਰੀ ਯੂਨੀਵਰਸਿਟੀਆਂ ਵਿੱਚ 11486 ਅਧਿਆਪਕਾਂ ਦੀਆਂ ਅਸਾਮੀਆਂ ਹਨ, ਜਿਹਨਾਂ ਵਿੱਚ 5606 ਖਾਲੀ ਥਾਵਾਂ ਹਨ। ਆਈ ਆਈ ਟੀ ਵਿੱਚ ਅਧਿਆਪਕਾਂ ਦੀਆਂ ਕੁਲ 5428 ਅਸਾਮੀਆਂ ਵਿਚੋਂ 2802 ਉਤੇ ਕੋਈ ਅਧਿਆਪਕ ਨਹੀਂ ਹੈ।ਐਨ ਆਈ ਟੀ ਦੇ ਹਾਲਾਤ ਤਾਂ ਹੋਰ ਵੀ ਮਾੜੇ ਹਨ, ਜਿਹਨਾ ਵਿੱਚ 3235 ਅਧਿਆਪਕਾਂ ਦੀਆਂ ਪੋਸਟਾਂ ਖਾਲੀ ਹਨ ਜਦਕਿ ਕੁਲ ਮਨਜ਼ੂਰ ਸ਼ੁਦਾ ਅਸਾਮੀਆਂ 4200 ਹਨ।

ਉਧਰ ਰਾਜ ਪੱਧਰੀ ਅਤੇ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਹਾਲਾਤ ਤਾਂ ਹੋਰ ਵੀ ਖਸਤਾ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ(ਯੂ ਜੀ ਸੀ) ਨੇ ਇਹ ਅੰਕੜੇ ਜਾਰੀ ਕੀਤੇ ਹਨ ਕਿ ਦੇਸ਼ ਵਿੱਚ 80000 ਅਧਿਆਪਕ ਫਰਜ਼ੀ ਕਾਗਜ਼ਾਂ ਉਤੇ ਕੰਮ ਕਰ ਰਹੇ ਹਨ। ਇਹਨਾ ਨਕਲੀ ਅਧਿਆਪਕਾਂ, ਜਿਹਨਾ ਕੋਲ ਕੋਈ ਮਿਆਰੀ ਡਿਗਰੀ ਨਹੀਂ, ਜੇਕਰ ਕੋਈ ਡਿਗਰੀ ਹੈ ਤਾਂ ਉਹ ਫਰਜ਼ੀ ਯੂਨੀਵਰਸਿਟੀਆਂ ਵਲੋਂ ਜਾਰੀ ਕੀਤੀ ਹੋਈ ਹੈ ਅਤੇ ਇਹ ਫਰਜ਼ੀ ਅਧਿਆਪਕ ਹਜ਼ਾਰਾਂ ਰੁਪਏ ਦਾ ਚੂਨਾ ਜਿਥੇ ਕਾਲਜਾਂ, ਯੂਨੀਵਰਸਿਟੀਆਂ ਨੂੰ ਲਗਾ ਰਹੇ ਹਨ, ਉਥੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਨ।

ਸਾਲ 2011 ਦੀ ਮਰਦਮ ਸ਼ੁਮਾਰੀ ਅਨੁਸਾਰ ਸਿਰਫ 8.15 ਪੀਸਦੀ ਭਾਰਤੀ ਗਰੇਜੂਏਟ ਹਨ। ਸਾਲ 2016 ਦੇ ਪ੍ਰਾਪਤ ਅੰਕੜਿਆਂ ਅਨੁਸਾਰ ਦੇਸ਼ ਵਿੱਚ ਕੁੱਲ 864 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚ 44 ਸੈਂਟਰਲ ਯੂਨੀਵਰਸਿਟੀਆਂ, 540 ਰਾਜ ਯੂਨੀਵਰਸਿਟੀਆਂ, 122 ਡੀਅਡ ਯੂਨੀਵਰਸਿਟੀਆਂ, 90 ਪ੍ਰਾਈਵੇਟ ਯੂਨੀਵਰਸਿਟੀਆਂ ਅਤੇ 75 ਨੈਸ਼ਨਲ ਪੱਧਰ ਦੇ ਹੋਰ ਸਿੱਖਿਆ ਅਦਾਰੇ ਜਿਨ੍ਹਾਂ 'ਚ ਆਈ ਆਈ ਟੀ, ਏਮਜ਼ ਆਦਿ ਸ਼ਾਮਲ ਹਨ। ਦੇਸ਼ ਵਿੱਚ 40,026 ਸਰਕਾਰੀ, ਗੈਰ-ਸਰਕਾਰੀ ਕਾਲਜ ਹਨ, ਜਿਨ੍ਹਾ 'ਚ 1800 ਕਾਲਜ ਸਿਰਫ ਲੜਕੀਆਂ, ਔਰਤਾਂ ਲਈ ਹਨ। ਇਹਨਾਂ ਤੋਂ ਇਲਾਵਾ ਡਿਸਟੈਂਸ ਐਜੂਕੇਸ਼ਨ ਅਧੀਨ ਵੀ ਕੁੱਝ ਯੂਨੀਵਰਸਿਟੀਆਂ, ਸਿੱਖਿਆ ਅਦਾਰੇ ਉੱਚ ਸਿੱਖਿਆ ਪ੍ਰਦਾਨ ਕਰਦੇ ਹਨ।

ਪਰ ਇਹਨਾ ਲਗਭਗ ਸਾਰੀਆਂ ਯੂਨੀਵਰਸਿਟੀ, ਅਦਾਰਿਆਂ ਦੀਆਂ ਬੁਨਿਆਦੀ ਸਹੂਲਤਾਂ ਅਤੇ ਅਧਿਆਪਕਾਂ ਦੀ ਭਰਤੀ ਸਬੰਧੀ ਹਾਲਾਤ ਬਹੁਤ ਹੀ ਖਸਤਾ ਅਤੇ ਤਰਸਯੋਗ ਹਨ। ਦੇਸ਼ ਦੀਆਂ ਬਹੁਤੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਮਾਲਕ ਜਾਂ ਚਲਾਉਣ ਵਾਲੇ ਦੇਸ਼ ਦੇ ਨੇਤਾ ਜਾਂ ਵੱਡੇ ਉਦਯੋਗਪਤੀ ਹਨ, ਜਿਹਨਾ ਦਾ ਮੰਤਵ ਨੌਜਵਾਨਾਂ ਨੂੰ ਸਹੀ ਸਿੱਖਿਆ ਦੇਣਾ ਨਹੀਂ ਹੈ,ਸਗੋਂ ਸਿੱਖਿਆ ਨੂੰ ਵਪਾਰਕ ਅਦਾਰਿਆਂ ਵਜੋਂ ਚਲਾਕੇ ਮੋਟਾ ਧੰਨ ਕਮਾਉਣਾ ਹੈ। ਜਿਵੇਂ ਦੇਸ਼ ਦੇ ਪਬਲਿਕ, ਮਾਡਲ ਸਕੂਲਾਂ ਵਿੱਚ ਸਿੱਖਿਆ ਦੇ ਨਾਮ ਉਤੇ ਵੱਡੀ ਲੁੱਟ ਕੀਤੀ ਜਾਂਦੀ ਹੈ, ਫੀਸਾਂ ਅਤੇ ਹੋਰ ਫੰਡ ਵਿਦਿਆਰਥੀਆ ਦੇ ਮਾਪਿਆਂ ਤੋਂ ਵਸੂਲੇ ਜਾਂਦੇ ਹਨ, ਉਸੇ ਤਰ੍ਹਾਂ ਦੇਸ਼ ਦੀਆਂ ਪ੍ਰਾਈਵੇਟ ਯੂਨੀਵਰਸਿਟੀ ਵੱਖੋ-ਵੱਖਰੇ ਆਕਰਸ਼ਕ ਨਾਵਾਂ ਵਾਲੇ ਕੋਰਸ, ਡਿਗਰੀਆਂ ਚਲਾਕੇ ਵਿਦਿਆਰਥੀਆਂ ਦਾ ਸੋਸ਼ਣ ਕਰਦੇ ਹਨ। ਇਹ ਡਿਗਰੀਆਂ ਜਿਹਨਾ ਦਾ ਨੌਕਰੀ ਲਈ ਕੋਈ ਮੁੱਲ ਨਹੀਂ ਜਾਂ ਜਿਹੜੀਆਂ ਨੌਜਵਾਨਾਂ ਨੂੰ ਕੋਈ ਤਸੱਲੀਬਖਸ਼ ਗਿਆਨ ਵੀ ਨਹੀਂ ਦਿੰਦੀਆਂ, ਸਿਰਫ ਵਪਾਰਕ ਹਿੱਤਾਂ ਨੂੰ ਸਾਹਮਣੇ ਰੱਖਕੇ ਚਲਾਈਆਂ ਜਾਂਦੀਆਂ ਹਨ। ਬਿਹਾਰ ਵਿੱਚ ਸਰਕਾਰੀ ਨੌਕਰੀ ਵਾਸਤੇ ਦਰਜ਼ਾ ਚਾਰ (ਚਪੜਾਸੀ) ਦੀਆਂ ਅਸਾਮੀਆਂ ਲਈ 36 ਪੀ.ਐਚ.ਡੀ. ਅਤੇ ਹਜ਼ਾਰਾਂ ਗਰੇਜੂਏਟਾਂ ਨੇ ਅਪਲਾਈ ਕੀਤਾ ਹੈ! ਇਹੋ ਜਿਹੀਆਂ ਡਿਗਰੀਆਂ ਦੀ ਕੀ ਤੁਕ ਹੈ, ਜਿਹੜੀਆਂ ਗਿਆਨ ਵਿਹੂਣੀਆਂ ਤਾਂ ਹੈ ਹੀ ਹਨ, ਰੁਜ਼ਗਾਰ ਜੋਗੇ ਵੀ ਵਿਦਿਆਰਥੀਆਂ ਨੂੰ ਨਹੀਂ ਕਰਦੀਆਂ । ਅਤੇ ਉਹਨਾ ਯੂਨੀਰਸਿਟੀਆਂ ਦੀ ਆਖ਼ਿਰ ਕੀ ਸਾਰਥਕਤਾ ਹੈ, ਜਿਹੀਆਂ ਨਾਮ ਦੀਆਂ ਤਾਂ ਯੂਨੀਵਰਸਿਟੀਆਂ ਹਨ, ਪਰ ਉਹਨਾ ਪੱਲੇ ਨਾ ਗਿਆਨ ਵੰਡਣ ਵਾਲੇ ਅਧਿਆਪਕ ਹਨ, ਨਾ ਲੋੜੀਂਦਾ ਬੁਨਿਆਦੀ ਢਾਂਚਾ। ਇਹ ਪ੍ਰਾਈਵੇਟ ਯੂਨੀਵਰਸਿਟੀਆਂ ਚਲਾਉਣ ਵਾਲੇ ਤਿਕੜਮਬਾਜੀ ਨਾਲ ਪਹਿਲਾਂ ਮਾਨਤਾ ਲੈਂਦੇ ਹਨ, ਜਾਅਲੀ ਡਿਗਰੀਆਂ ਵਾਲੇ ਅਧਿਆਪਕਾਂ ਦੀ ਥੋੜ੍ਹੀਆਂ ਤਨਖਾਹਾਂ ਉਤੇ ਭਰਤੀ ਕਰਦੇ ਹਨ, ਫਿਰ ਯੂ.ਜੀ.ਸੀ. ਨਿਯਮਾਂ ਨੂੰ ਛਿੱਕੇ ਟੰਗਕੇ ਥੋੜ੍ਹੇ ਅਧਿਆਪਕਾਂ ਨਾਲ ਸਿੱਖਿਆ ਦੇਣ ਦਾ ਬੁੱਤਾ ਸਾਰਦੇ ਹਨ। ਹਾਲ ਸਰਕਾਰੀ ਯੂਨੀਵਰਸਿਟੀਆਂ ਦਾ ਵੀ ਇਹੋ ਜਿਹਾ ਹੀ ਬਣਿਆ ਹੋਇਆ ਹੈ, ਜਿਹੜੀਆਂ ਸਿਆਸੀ ਦਬਾਅ ਨਾਲ ਉਹਨਾ ਥਾਵਾਂ ਉਤੇ ਖੋਹਲੀਆਂ ਜਾਂਦੀਆਂ ਹਨ, ਜਿਥੇ ਲੋੜ ਹੀ ਨਹੀਂ , ਸਗੋਂ ਵੋਟਾਂ ਦੀ ਪ੍ਰਾਪਤੀ ਲਈ ਇੱਕ ਸਾਧਨ ਵਜੋਂ ਇਹਨਾ ਨੂੰ ਪ੍ਰਚਾਰਿਆ ਜਾਣਾ ਹੁੰਦਾ ਹੈ। ਦੇਸ਼ ਦੇ ਕੁਝ ਇੱਕ ਭਾਗਾਂ ਸਮੇਤ ਪੰਜਾਬ 'ਚ ਖੋਹਲੀਆਂ ਗਈਆਂ ਸਰਕਾਰੀ ਯੂਨੀਵਰਸਿਟੀਆਂ, ਸਰਕਾਰੀ ਕਾਲਜਾਂ ਵਿੱਚ ਲੋੜੀਂਦੇ ਅਧਿਆਪਕ ਨਹੀਂ, ਜੇ ਹਨ ਤਾਂ ਐਡਹਾਕ ਕੰਮ ਕਰ ਰਹੇ ਹਨ ਅਤੇ ਵਰ੍ਹਿਆਂ ਤੋਂ ਉਹਨਾ ਦਾ ਭਵਿੱਖ ਦਾਅ ਤੇ ਲੱਗਿਆ ਹੋਇਆ ਅਤੇ ਜਿਹੜੇ ਮਾਨਸਿਕ ਪੀੜਾ ਹੰਡਾ ਰਹੇ ਹਨ। ਸੂਬੇ ਦੀਆਂ ਲਗਭਗ ਅੱਧੀ ਦਰਜ਼ਨ ਤੋਂ ਵੱਧ ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਸਿੱਖਿਆ ਦੇਣ ਖਾਤਰ ਨਹੀਂ, ਸਗੋਂ ਵਪਾਰਕ ਅਦਾਰਿਆਂ ਵਜੋਂ ਚਲਾਈਆਂ ਜਾਂਦੀਆਂ ਹਨ, ਜਿਥੇ ਮੁੱਠੀ ਭਰ ਗੈਰ ਅਕਾਡਮਿਕ ਲੋਕ, ਅਕੈਡਮਿਕ ਲੋਕਾਂ ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ, ਵੱਡੀਆਂ ਫੀਸਾਂ ਫੰਡ ਵਿਦਿਆਰਥੀਆਂ ਤੋਂ ਚਾਰਜ ਕਰਦੇ ਹਨ, ਅਤੇ ਜਿਥੇ ਗਿਆਨ ਪ੍ਰਦਾਨ ਕਰਨ ਦੀ ਗੱਲ ਨਿਗੂਣੀ ਹੈ ਅਤੇ ਖੋਜ਼ ਦੀ ਗੱਲ ਕਰਨੀ ਤਾਂ ਇੱਕ ਅਤਿਕਥਨੀ ਵਾਂਗਰ ਹੈ।

ਦੇਸ਼ ਦੇ ਸੂਬਿਆਂ ਵਿੱਚ ਕਈ ਫਰਜ਼ੀ ਯੂਨੀਵਰਸਿਟੀਆਂ ਕੰਮ ਕਰਦੀਆਂ ਹਨ, ਜਿਹੜੀਆਂ ਵੱਡੀ ਪੱਧਰ 'ਤੇ ਵਿਦਿਆਰਥੀਆਂ ਨੂੰ ਆਪਣੀਆਂ ਭਾਂਤ-ਸੁਭਾਂਤੀ ਡਿਗਰੀਆਂ ਵਿੱਚ ਭਰਤੀ ਕਰਦੀਆਂ ਹਨ, ਉਹਨਾ ਨੂੰ ਪੈਸੇ ਲੈ ਕੇ ਡਿਗਰੀਆਂ ਦਿੰਦੀਆਂ ਹਨ। ਇਸ ਸਬੰਧੀ ਹਰ ਵਰ੍ਹੇ ਯੂ ਜੀ ਸੀ ਵਲੋਂ ਇਹਨਾ ਬਾਰੇ ਨੋਟਿਸ ਜਾਰੀ ਕੀਤੇ ਜਾਂਦੇ ਹਨ, ਪਰ ਤਦ ਵੀ ਇਹ "ਵਪਾਰਕ ਲੁੱਟ ਦਾ ਧੰਦਾ" ਦੇਸ਼ ਵਿੱਚ ਨਿਰੰਤਰ ਜਾਰੀ ਰਹਿੰਦਾ ਹੈ।

ਸਰਕਾਰ ਵਲੋਂ ਉੱਚ ਸਿੱਖਿਆ ਲਈ ਲੋੜੀਂਦੇ ਪ੍ਰਬੰਧ ਨਾ ਹੋਣ ਕਾਰਨ ਵਿਦਿਆਰਥੀ ਮਹਿੰਗੀਆਂ ਪੜ੍ਹਾਈਆਂ ਕਰਨ ਲਈ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਸ਼ਰਨ ਲੈਂਦੇ ਹਨ ਜਾਂ ਫਿਰ ਵਿਦੇਸ਼ਾਂ ਵੱਲ ਰੁਖ ਕਰਦੇ ਹਨ, ਜਿਥੇ ਉਹਨਾ ਨੂੰ ਅੰਤਰ-ਰਾਸ਼ਟਰੀ ਵਿਦਿਆਰਥੀ ਵਜੋਂ ਉਥੇ ਦੀਆਂ ਯੂਨੀਵਰਸਿਟੀਆਂ ਕਾਲਜਾਂ ਵਿੱਚ ਸਥਾਨਕ ਵਿਦਿਆਰਥੀਆਂ ਨਾਲੋਂ ਚਾਰ ਗੁਣਾ ਵੱਧ ਫੀਸਾਂ ਤਾਰਨੀਆਂ ਪੈਂਦੀਆਂ ਹਨ। ਉਂਜ ਵੀ ਇਹਨਾ ਵਿਦੇਸ਼ੀ ਯੂਨੀਵਰਸਿਟੀਆਂ 'ਚ ਦਾਖਲੇ ਲੈਣ ਲਈ ਭਾਰਤੀ ਵਿਦਿਅਰਾਥੀਆਂ ਨੂੰ "ਆਇਲਿਟਸ" (ਅੰਗਰੇਜ਼ੀ ਦਾ ਨਿਪੁੰਨਤਾ ਟੈਸਟ) ਪਾਸ ਕਰਨਾ ਪੈਂਦਾ ਹੈ, ਜਿਸ ਉਤੇ ਹਜ਼ਾਰਾਂ ਰੁਪਏ ਵਿਦਿਆਰਥੀਆਂ ਨੂੰ ਰੋੜ੍ਹਨੇ ਪੈਂਦੇ ਹਨ। ਆਇਲਿਟਸ ਦੇ ਖੁੰਭਾਂ ਵਾਂਗਰ ਖੁਲ੍ਹੇ ਹੋਏ ਸੈਂਟਰ ਜਿਥੇ ਵਿਦਿਆਰਥੀਆਂ ਦੀ ਲੁੱਟ ਦਾ ਸਾਧਨ ਬਣੇ ਹੋਏ ਹਨ, ਉਥੇ ਵਿਦੇਸ਼ਾਂ 'ਚ ਪੜ੍ਹਾਈ ਦੀ ਲਲਕ ਨੇ ਪੰਜਾਬ ਦੇ ਕਾਲਜਾਂ, ਯੂਨੀਵਰਸਿਟੀਆਂ 'ਚ ਵਿਦਿਆਰਥੀਆਂ ਦੀ ਗਿਣਤੀ ਘਟਾ ਦਿੱਤੀ ਹੈ। ਇੱਕ ਪ੍ਰਾਪਤ ਰਿਪੋਰਟ ਅਨੁਸਾਰ ਪਿਛਲੇ ਵਰ੍ਹੇ ਇੱਕਲੇ ਪੰਜਾਬ ਵਿਚੋਂ ਹੀ 1,20,000 ਵਿਦਿਆਰਥੀ ਵੀਜ਼ੇ ਲੈਕੇ ਵਿਦੇਸ਼ਾਂ ਨੂੰ ਗਏ,, ਜਿਹਨਾ ਵਿਚੋਂ ਇੱਕਲੇ ਕੈਨੇਡਾ ਵਿੱਚ ਹੀ ਇੱਕ ਲੱਖ ਵਿਦਿਆਰਥੀ ਪੁੱਜੇ। ਇੰਜ ਇਹਨਾ ਵਿਦਿਆਰਥੀਆਂ ਕਾਰਨ ਇੰਮੀਗਰੇਸ਼ਨ ਕੰਪਨੀਆਂ ਜੋ ਸਟੂਡੈਂਟ ਵੀਜ਼ਾ ਦੁਆਉਂਦੀਆਂ ਹਨ ਦੇ ਬਾਰੇ ਨਿਆਰੇ ਹੋਏ, ਪਰ ਪੰਜਾਬ ਵਿਚੋਂ ਫੀਸਾਂ ਦੇ ਨਾਮ ਉਤੇ ਅਰਬਾਂ ਰੁਪਏ ਵਿਦੇਸ਼ੀ ਯੂਨੀਵਰਸਿਟੀਆਂ ਦੀ ਝੋਲੀ ਪਏ। ਇਹ ਤਦੇ ਹੋਇਆ ਕਿ ਦੇਸ਼ ਤੇ ਸੂਬਾ ਪੰਜਾਬ ਵਿੱਚ ਯੂਨੀਵਰਸਿਟੀਆਂ ਅਤੇ ਹੋਰ ਉੱਚ ਅਦਾਰਿਆਂ ਦੀ ਹਾਲਤ ਖਸਤਾ ਹੈ ਅਤੇ ਰੋਜ਼ਗਾਰ ਦਾ ਵੀ ਕੋਈ ਉਚਿਤ ਪ੍ਰਬੰਧ ਦੇਸ਼ 'ਚ ਨਹੀਂ ਹੈ।

ਅੱਜ ਦੇ ਯੁੱਗ 'ਚ ਗਿਆਨ ਇੱਕ ਵੱਡੀ ਸ਼ਕਤੀ ਹੈ। ਜਿਸਦੇ ਪੱਲੇ ਵੱਧ ਗਿਆਨ ਹੈ, ਉਹ ਹੀ ਸ਼ਕਤੀਮਾਨ ਹੈ, ਵਿਚਾਰਾਂ ਪੱਖੋਂ ਵੀ, ਰੁਜ਼ਗਾਰ ਪੱਖੋਂ ਵੀ। ਪਰ ਭਾਰਤ ਗਿਆਨ ਪ੍ਰਾਪਤੀ ਵੱਲ ਵੀ ਪੱਛੜਿਆ ਨਜ਼ਰ ਆਉਂਦਾ ਹੈ ਅਤੇ ਰੁਜ਼ਗਾਰ ਪ੍ਰਾਪਤੀ ਵੱਲ ਵੀ ਭਾਵੇਂ ਕਿ ਦੇਸ਼ ਵਿੱਚ ਸਰਕਾਰੀ ਗੈਰ-ਸਰਕਾਰੀ ਤੌਰ 'ਤੇ ਸਿੱਖਿਆ ਦੇ ਖੇਤਰ ਵਿੱਚ ਵੱਧ ਪੈਸਾ ਲਗਾਇਆ ਜਾ ਰਿਹਾ ਹੈ। ਬਾਵਜੂਦ ਇਸ ਸਭ ਕੁਝ ਦੇ ਦੇਸ਼ ਦੇ 25 ਫੀਸਦੀ ਲੋਕ ਅਗੂਠਾ-ਛਾਪ ਹਨ, ਮਸਾਂ 15 ਫੀਸਦੀ ਹਾਈ ਸਕੂਲ ਤੱਕ ਪੁੱਜਦੇ ਹਨ ਅਤੇ 7 ਫੀਸਦੀ ਦੀ ਪਹੁੰਚ ਹੀ ਉੱਚ ਸਿੱਖਿਆ ਤੱਕ ਹੁੰਦੀ ਹੈ। ਪਿਛਲੇ ਸੱਤ ਦਹਾਕਿਆਂ ਵਿੱਚ ਦੇਸ਼ 'ਚ ਸਿੱਖਿਆ ਪ੍ਰਬੰਧ ਥਾਂ ਸਿਰ ਨਹੀਂ ਹੋ ਸਕਿਆ। ਦੁਨੀਆਂ ਦੀਆਂ 100 ਬਿਹਤਰੀਨ ਯੂਨੀਵਰਸਿਟੀਆਂ ਵਿੱਚ ਸਾਡਾ ਕਿਧਰੇ ਵੀ ਨਾਮ ਥੇਹ ਨਹੀਂ ਹੈ। ਪਿਛਲੇ ਸੱਤ ਦਹਾਕਿਆਂ 'ਚ ਕਈ ਸਰਕਾਰਾਂ ਆਈਆਂ ਕਈ ਗਈਆਂ ਪਰ ਉਹਨਾ ਵਿਚੋਂ ਕੋਈ ਵੀ ਵਿਸ਼ਵ ਪੱਧਰ ਦੀ ਸਿੱਖਿਆ 'ਚ ਭਾਰਤ ਦੀ ਪਹਿਚਾਣ ਲਈ ਕੋਈ ਸਾਰਥਕ ਉਪਰਾਲਾ ਨਹੀਂ ਕਰ ਸਕੀ। ਉਚੇਰੀ ਸਿੱਖਿਆ 'ਚ ਗਰੌਸ ਇਨਰੋਲਮੈਂਟ ਰੇਟ ਸਿਰਫ 15 ਫੀਸਦੀ ਹੈ, ਮਰਦਾਂ ਦੇ ਮੁਕਾਬਲੇ ਔਰਤਾਂ ਉੱਚ ਸਿੱਖਿਆ 'ਚ ਅਨੁਪਾਤਕ ਤੌਰ 'ਤੇ ਘੱਟ ਹਨ, ਦੇਸ਼ ਦੇ ਵੱਡੀ ਗਿਣਤੀ ਉੱਚ ਸਿੱਖਿਆ ਅਦਾਰੇ ਯੂ.ਜੀ.ਸੀ. ਵਲੋਂ ਨਿਰਧਾਰਤ ਨੇਮ ਪੂਰੇ ਨਹੀਂ ਕਰਦੇ, ਇਹਨਾਂ ਅਦਾਰਿਆਂ 'ਚ ਬੁਨਿਆਦੀ ਢਾਂਚਾ ਪੂਰਾ ਨਹੀਂ ਉਸਾਰਿਆ ਜਾ ਸਕਿਆ।

ਸਿੱਖਿਅਤ ਅਧਿਆਪਕਾਂ ਦੀ ਕਮੀ ਪਾਈ ਜਾ ਰਹੀ ਹੈ। ਇਹਨਾ ਅਦਾਰਿਆਂ 'ਚ ਖੋਜ਼ ਕਾਰਜ ਨਾਮ ਮਾਤਰ ਹਨ ਅਤੇ ਬਹੁਤੀਆਂ ਸਿੱਖਿਆ ਸੰਸਥਾਵਾਂ ਬਾਬੂਸ਼ਾਹੀ-ਅਫ਼ਸਰਸ਼ਾਹੀ ਅਤੇ ਨੇਤਾਵਾਂ ਦੀ ਮਰ ਹੇਠ ਆਕੇ ਸਿੱਖਿਆ ਦੇ ਅਸਲ ਮੰਤਵ ਤੋਂ ਮੁੱਖ ਮੋੜ ਬੈਠੀਆਂ ਹਨ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਦੇਸ਼ ਭਰ 'ਚ ਚੱਲ ਰਹੀਆਂ ਉੱਚ ਸਿੱਖਿਆ ਸੰਸਥਾਵਾਂ ਵਿਚੋਂ ਮਸਾਂ 25 ਫੀਸਦੀ "ਨੇਕ" ਐਕਰੀਡੇਟਿਡ ਹਨ। ਅਤੇ ਇਹਨਾ 25 ਫੀਸਦੀ ਐਕਰੀਡੇਟਿਡ ਉੱਚ ਸੰਸਥਾਵਾਂ ਵਿੱਚ 30 ਫੀਸਦੀ ਨੂੰ ਹੀ ਏ ਲੈਬਲ ਮਿਲ ਸਕਿਆ ਹੈ।

# ਬੈਠਣ ਦੇ ਹੱਕ ਦੀ ਲੜਾਈ

**ਅਨੁਵਾਦ:- ਗੁਰਮੀਤ ਪਲਾਹੀ**
**ਮੂਲ ਲੇਖਕ:- ਯਾਦਵੇਂਦਰ (ਪ੍ਰਸਿੱਧ ਸਾਹਿੱਤਕਾਰ)**

ਕੁਝ ਸਮਾਂ ਪਹਿਲਾਂ ਜਦੋਂ ਇਹ ਪਤਾ ਲੱਗਾ ਕਿ ਪ੍ਰਗਤੀਸ਼ੀਲ ਪਰੰਪਰਾ ਅਤੇ ਸੰਘਰਸ਼ਾਂ ਦੇ ਝੰਡਾ ਬਰਦਾਰ ਸੂਬੇ ਕੇਰਲਾ ਵਿੱਚ ਔਰਤ ਕਾਮਿਆਂ ਵਲੋਂ ਬੈਠਣ ਦੇ ਹੱਕ ਦੀ ਲੜਾਈ ਲੜੀ ਜਾ ਰਹੀ ਹੈ ਤਾਂ ਯਕੀਨ ਹੀ ਨਹੀਂ ਆਇਆ। ਕੀ ਬੈਠਕੇ ਕੰਮ ਕਰਨ ਲਈ ਵੀ ਲੜਾਈ ਲੜਨ ਦੀ ਲੋੜ ਹੈ? ਪਰ ਪਤਾ ਲੱਗਾ ਕਿ ਪੂਰੀ ਦੁਨੀਆਂ ਵਿੱਚ ਲਗਭਗ ਤਿੰਨ ਚੌਥਾਈ ਕਾਮੇ ਲਗਾਤਾਰ ਘੰਟਿਆਂ ਬੱਧੀ ਖੜੇ ਹੋ ਕੇ ਕੰਮ ਕਰਦੇ ਹਨ। ਲਗਭਗ ਦੋ ਸਾਲ ਪਹਿਲਾਂ ਮੁੰਬਈ ਵਿੱਚ ਦਸ ਗਿਆਰਾਂ ਘੰਟੇ ਤੱਕ ਸਟੋਰ ਵਿੱਚ ਖੜੇ-ਖੜੇ ਕੰਮ ਕਰਨ ਵਾਲੀ ਇੱਕ ਲੜਕੀ ਦੇ ਤੰਗ ਆਕੇ ਖੁਦਕੁਸ਼ੀ ਕਰ ਲੈਣ ਦੀ ਖਬਰ ਛਾਪੀ ਸੀ। ਦਰਅਸਲ ਦੇਰ ਤੱਕ ਖੜੇ ਰਹਿਣ ਦੇ ਕਾਰਨ ਉਸਦੀ ਸਿਹਤ ਵਿਗੜਦੀ ਜਾ ਰਹੀ ਸੀ। ਮੁੰਬਈ ਦੇ ਇੱਕ ਵੱਡੇ ਸਰਕਾਰੀ ਹਸਪਤਾਲ ਦੇ ਹੱਡੀਆਂ ਦੇ ਮਾਹਿਰ ਦਾ ਬਿਆਨ ਵੀ ਅਖਬਾਰ ਵਿੱਚ ਛਪਿਆ ਕਿ ਉਸਦੇ ਕੋਲ ਵੱਡੀ ਗਿਣਤੀ 'ਚ ਕਾਮੇ ਪਿੱਠ ਦਰਦ, ਪੈਰਾਂ ਦੀ ਸੋਜ਼ਸ਼, ਬੇਰੀਕੋਨ ਬੇਨ ਆਦਿ ਦੀ ਸ਼ਿਕਾਇਤ ਲੈਕੇ ਆਉਂਦੇ ਹਨ। ਉਹ ਸਾਰੇ ਕਾਮਿਆਂ ਨੂੰ ਕਈ ਘੰਟੇ ਖੜੇ ਹੋਕੇ ਕੰਮ ਕਰਨਾ ਪੈਦਾ ਹੈ। ਇਹ ਲੜਾਈ ਕੇਵਲ ਕੇਰਲ ਵਿੱਚ ਹੀ ਨਹੀਂ ਕਈ ਹੋਰ ਦੇਸ਼ਾਂ ਵਿੱਚ ਵੀ ਲੜੀ ਜਾ ਰਹੀ ਹੈ। ਫਿਲਪਾਈਨ ਸਰਕਾਰ ਨੇ ਇਹੋ ਜਿਹੀ ਮੰਗ ਦੇ ਬਾਅਦ ਨਵਾਂ ਕਿਰਤ ਕਾਨੂੰਨ ਬਣਾਕੇ ਇਹ ਯਕੀਨੀ ਬਣਾਇਆ ਕਿ ਹਰ ਕਰਮਚਾਰੀ ਨੂੰ ਦੋ ਘੰਟੇ ਖੜੇ ਹੋਕੇ ਕੰਮ ਕਰਨ ਤੋਂ ਬਾਅਦ ਪੰਜ ਮਿੰਟ ਆਰਾਮ ਕਰਨ ਦੀ ਛੁੱਟੀ ਮਿਲੇ। ਅਮਰੀਕਾ ਦੇ ਸੂਬੇ ਕੈਲੇਫੋਰਨੀਆਂ ਵਿੱਚ ਹੁਣੇ ਜਿਹੇ ਹੀ ਬੈਂਕਾਂ ਅਤੇ ਦਵਾਈਆਂ ਦੀ ਦੁਕਾਨਾਂ 'ਤੇ ਲੰਮੇ ਸਮੇਂ ਤੱਕ ਖੜੇ ਹੋਕੇ ਕੰਮ ਕਰਨ ਕਾਰਨ ਡਿਗਣ ਵਾਲੇ ਅਨੇਕਾਂ ਕਾਮਿਆਂ ਨੇ ਮਾਲਕਾਂ ਤੇ ਹਰਜਾਨੇ ਦੇ ਮੁੱਕਦਮੇ ਦਰਜ਼ ਕਰਵਾਏ। ਅਦਾਲਤ ਦਾ ਫੈਸਲਾ ਇਤਹਾਸਿਕ ਸੀ ਜਿਸ ਵਿੱਚ ਮਾਲਕਾਂ ਨੂੰ ਖੜੇ ਹੋਕੇ ਕੰਮ ਕਰਨ ਵਾਲਾ ਮਾਹੌਲ ਥੱਪਣ ਤੋਂ ਮਨ੍ਹਾਂ ਕੀਤਾ ਗਿਆ ਅਤੇ ਕੰਮ ਦੀ ਥਾਂ ਉਥੇ ਬੈਠਣ ਦਾ ਪ੍ਰਬੰਧ ਕਰਨ, ਰੱਖਣ ਦੀਆਂ ਭਰਪੂਰ ਸੰਭਾਵਨਾਵਾਂ ਪੈਦਾ ਕਰਨ ਲਈ ਕਿਹਾ ਗਿਆ। ਜਦ ਇੱਕ ਇਨਸਾਨ ਲੰਮੇ ਸਮੇਂ ਤੱਕ ਖੜੇ ਹੋਕੇ ਪੂਰੀ ਲਗਨ ਨਾਲ ਕੰਮ ਕਰਦਾ ਹੈ, ਤਾਂ ਉਸਨੂੰ ਬੈਠਣ ਤੋਂ ਰੋਕਣ ਦਾ ਕੋਈ ਸਿਧਾਤਕ ਅਤੇ ਨੈਤਿਕ ਹੱਕ ਨਹੀਂ ਹੈ- ਇਹ ਹੁਕਮ ਜਸਟਿਸ ਕੈਰੋਲ ਕਾਰਗਿਨ ਨੇ ਦਿੱਤਾ।

1960 ਵਿੱਚ ਬਣੇ ਕੇਰਲਾ ਸ਼ਾਪਸ ਐਂਡ ਕਮਰਸ਼ੀਅਲ ਇਸਟੈਬਲਿਸ਼ਮੈਂਟ ਐਕਟ ਵਿੱਚ ਕੇਰਲ ਸਰਕਾਰ ਨੇ ਸੋਧ ਕੀਤੀ ਹੈ, ਜਿਸ ਵਿੱਚ ਕਾਮਿਆਂ ਦੇ ਕੰਮ ਦੇ ਘੰਟਿਆਂ ਦੌਰਾਨ ਬੈਠਣ ਅਤੇ ਦੋ ਵੇਰ ਟਾਇਲਟ ਆਦਿ ਜਾਣ ਦਾ ਹੱਕ ਪ੍ਰਦਾਨ ਕੀਤਾ ਜਾਵੇਗਾ। 2010 ਵਿੱਚ ਕੋਝੀਕੋਡ ਦੀਆਂ ਔਰਤ ਕਾਮਿਆਂ ਨੇ, ਇਸ ਵਿੱਚ ਬਹੁਤੀਆਂ ਕੱਪੜੇ ਅਤੇ ਗਹਿਣਿਆਂ ਦੀਆਂ ਦੁਕਾਨਾਂ ਵਿੱਚ ਵਿਕਰੀ ਦਾ ਕੰਮ ਕਰਨ ਵਾਲੀਆਂ ਅਤੇ ਸਫਾਈ ਮਜ਼ਦੂਰ ਸਨ, ਸੰਘਰਸ਼ ਦੀ ਜੋ ਮਿਸ਼ਾਲ ਜਲਾਈ ਇਹ ਸੋਧ ਕਾਨੂੰਨ ਉਹਨਾ ਵਲੋਂ ਕੀਤੇ ਸੰਘਰਸ਼ ਦਾ ਸਿੱਟਾ ਹੈ। ਇਸ ਮੰਗ ਨੂੰ ਪੂਰਿਆਂ ਕਰਨ ਲਈ ਜੋਰ ਦੇਣ ਲਈ 2014 ਵਿੱਚ ਤ੍ਰਿਸ਼ੂਰ ਦੀ ਇੱਕ ਵੱਡੀ ਦੁਕਾਨ ਕਲਿਆਚ ਸਾੜੀਜ ਦੀਆਂ ਔਰਤ ਕਾਮਿਆਂ ਨੇ ਲੰਮੀ ਹੜਤਾਲ ਕੀਤੀ, ਜਿਸਨੇ ਦੇਸ਼ ਵਿਆਪੀ ਮੀਡੀਆ ਦਾ ਧਿਆਨ ਖਿੱਚਿਆ। ਉਹਨਾ ਦੀਆਂ ਮੰਗਾਂ 'ਚ ਸਭ ਤੋਂ ਉਪਰ ਕੰਮ ਦੇ ਲੰਮੇ ਘੰਟਿਆਂ ਦੇ ਵਿੱਚ ਬੈਠਣ ਅਤੇ ਟਾਇਲਟ ਜਾਣ ਦੀ ਵਿਵਸਥਾ ਕਰਨਾ ਸ਼ਾਮਲ ਸੀ। ਖੜੇ-ਖੜੇ ਕੰਮ ਕਰਦੇ ਰਹਿਣ ਨਾਲ ਉਹਨਾ 'ਚ ਪਿੱਠ ਦਰਦ, ਜੋੜਾਂ ਦਾ ਦਰਦ, ਪੈਰਾਂ 'ਚ ਸੋਜ਼ਸ਼, ਗੁਰਦੇ ਦੀਆਂ ਬਿਮਾਰੀਆਂ ਅਤੇ ਗੋਡਿਆਂ ਦੇ ਕੋਲ ਨਾੜਾਂ 'ਚ ਦਰਦ ਭਰਿਆ ਉਭਾਰ (ਬੇਰੀਕੋਜ ਵੇਨਜ) ਜਿਹੀਆਂ ਬਿਮਾਰੀਆਂ ਉਭਰਦੀਆਂ ਸਨ। ਇਹੋ ਜਿਹੇ ਮਾਮਲੇ ਵੀ ਸਾਹਮਣੇ ਆਏ ਕਿ ਕੰਮ ਦੇ ਘੰਟਿਆਂ ਵਿੱਚ ਕਿਸੇ ਕਾਮੇ ਨੂੰ ਮਿੰਟ-ਦੋ ਮਿੰਟ ਬੈਠੇ ਵੇਖ ਲਿਆ ਤਾਂ ਮਾਲਕਾਂ ਨੇ ਉਹਨਾ ਦੀ ਪਾਗਾਰ (ਤਨਖਾਹ) ਕਟ ਲਈ। ਉਹਨਾ ਦੀ ਮਨੁੱਖਤਾ ਵਿਰੋਧੀ ਦਲੀਲ ਸੀ ਕਿ ਜੇਕਰ ਇਹ ਔਰਤਾਂ ਕੰਮ ਦੇ ਘੰਟਿਆਂ ਵਿੱਚ ਬੈਠਣਾ ਚਾਹੁੰਦੀਆਂ ਹਨ ਤਾਂ ਸਥਾਈ ਰੂਪ 'ਚ ਘਰ ਜਾਕੇ ਬੈਠਣ। ਯੂਨੀਅਨ ਨੇ ਇਸ ਨੂੰ ਮਨੁੱਖੀ ਅਧਿਕਾਰ ਦਾ ਮਾਮਲਾ ਮੰਨਿਆ ਅਤੇ ਕੇਰਲ ਦੀਆਂ ਕਾਮਾ ਔਰਤਾਂ ਦਾ ਮਾਮਲਾ ਰਾਜ ਰਾਸ਼ਟਰੀ ਪੱਧਰ ਤੇ ਮਨਾਵ ਅਧਿਕਾਰਾਂ ਆਯੋਗਾਂ ਦੇ ਸਾਹਮਣੇ ਰੱਖਿਆ। ਮਾਲਕਾਂ ਦੀ ਦਲੀਲ ਸੀ ਕਿ ਸਮਾਨ ਦਿਖਾਉਣ ਅਤੇ ਵੇਚਣ ਵਾਲੇ ਕਰਮਚਾਰੀਆਂ ਦਾ ਖੜੇ ਰਹਿਣਾ ਗਾਹਕਾਂ ਦੇ ਪ੍ਰਤੀ ਸਨਮਾਨ ਪ੍ਰਦਰਸ਼ਨ ਹੈ, ਖੜੇ ਕਰਮਚਾਰੀ ਜਿਆਦਾ ਅਨੁਸ਼ਾਸ਼ਿਤ ਅਤੇ ਪ੍ਰੋਫੈਸ਼ਨਲ ਲੱਗਦੇ ਹਨ। ਲੰਮੇ ਸਮੇਂ ਤੋਂ ਇਹ ਧਾਰਨਾ ਲੋਕਾਂ ਦੇ ਮਨਾਂ ਵਿੱਚ ਬਿਠਾਈ ਜਾਂਦੀ ਰਹੀ ਹੈ ਕਿ ਦੇਰ ਤਕ ਬੈਠਕੇ ਕੰਮ ਕਰਨਾ ਸਹੀ ਨਹੀਂ ਹੈ- ਇਹ ਸਿਟਿੰਗ ਡਿਜੀਜ ਜਾਣੀ ਇਕ ਤਰ੍ਹਾਂ ਦੀ ਬਿਮਾਰੀ ਹੈ। ਖੋਜਾਂ ਵਿੱਚ ਸਾਬਤ ਕੀਤਾ ਗਿਆ ਕਿ ਇਹ ਬੈਠਣਾ ਮਨੁੱਖੀ ਸਰੀਰ ਨੂੰ ਵੈਸੇ ਵੀ ਖੋਖਲਾ ਕਰ ਦਿੰਦਾ ਹੈ, ਜਿਵੇਂ ਸਿਗਰਟਨੋਸ਼ੀ। ਇਸ ਲਈ ਮੈਡੀਕਲ ਸ਼ਬਦਾਵਲੀ ਵਿੱਚ ਦੇਰ ਤੱਕ ਬੈਠਣ ਨੂੰ ਨਵੀਂ ਕਿਸਮ ਦੀ ਸਿਗਰਟਨੋਸ਼ੀ ਗਰਦਾਨਿਆ ਗਿਆ। ਪਿਛਲੇ ਦਿਨੇ ਐਪਲ ਦੇ ਮੁੱਖੀ ਟਿਮ ਕੁੱਕ ਨੇ ਆਪਣੇ ਕਰਮਚਾਰੀਆਂ ਨੂੰ ਖੜੇ ਹੋਕੇ ਕੰਮ ਕਰਨ ਲਈ ਸਟੈਂਡਿੰਗ ਡੈਸਕ ਮੁਹੱਈਆ ਕਰਵਾਈ ਹੈ। ਪਰ ਜਨਵਰੀ 2018 ਦੇ ਅਮਰੀਕਨ ਜਨਰਲ ਆਫ ਐਪੀਡੇਮਿਉਲੌਜੀ ਵਿੱਚ ਛਾਪੇ ਕੈਨੇਡਾ ਦੇ ਡਾਕਟਰ ਪੀਟਰ ਸਮਿੱਥ ਅਤੇ ਉਹਦੇ ਸਾਥੀਆਂ ਦੀ ਖੋਜ ਨੇ ਖੜੇ ਹੋਕੇ ਕੰਮ ਕਰਨ ਦੀ ਧਾਰਨਾ ਨੂੰ ਪਲਟ ਦਿੱਤਾ ਹੈ। ਉਸਨੇ ਬਾਰਾਂ ਸਾਲਾਂ ਤੱਕ 7000 ਤੋਂ ਜਿਆਦਾ ਕਰਮਚਾਰੀਆਂ ਦੀ ਸਿਹਤ ਦੇ ਅੰਕੜੇ ਇੱਕਠੇ ਕਰਕੇ ਇਹ ਸਿੱਟਾ ਕੱਢਿਆ ਕਿ ਜਿਆਦਾ ਦੇਰ ਤੱਕ ਖੜੇ ਹੋਕੇ ਕੰਮ ਕਰਨ ਵਾਲਿਆਂ ਤੋਂ ਜਿਆਦਾ ਦੇਰ ਬੈਠਕੇ ਕੰਮ ਕਰਨ ਵਾਲਿਆਂ ਦੀ ਤੁਲਨਾ ਵਿੱਚ ਦਿਲ ਦੀ ਬੀਮਾਰੀ ਦੋ ਗੁਣੀ ਪਾਈ ਜਾਂਦੀ ਹੈ। ਇਹੀ ਨਹੀਂ, ਔਰਤ ਕਾਮਿਆਂ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਇਹ ਮਾਰ ਜਿਆਦਾ ਪੈਂਦੀ ਹੈ। ਜਿਆਦਾ ਦੇਰ ਤੱਕ ਖੜੇ ਹੋਕੇ ਕੰਮ ਕਰਨ ਵਾਲਿਆਂ ਦੇ ਸਰੀਰ ਦੇ ਹੇਠਲੇ ਹਿੱਸਿਆਂ ਦੀ ਨਾੜਾਂ ਵਿੱਚ ਜਿਆਦਾ ਖੂਨ ਪ੍ਰਵਾਹ ਚੱਲਣ ਕਾਰਨ ਸੋਜ ਆ ਜਾਂਦੀ ਹੈ। ਪਿੱਠ ਅਤੇ ਕਮਰ ਦਰਦ ਹੋਣ ਲੱਗਦਾ ਹੈ, ਗਰਦਨ ਅਤੇ ਬਾਹਾਂ ਵਿੱਚ ਅਕੜਾਂਦ ਆ ਜਾਂਦੀ ਹੈ, ਮਾਨਸਿਕ ਤਨਾਅ ਵੱਧਦਾ ਹੈ ਅਤੇ ਦਿਲ ਦੇ ਰੋਗਾਂ ਦਾ ਖਤਰਾ ਵੱਧ ਜਾਂਦਾ ਹੈ। ਅੱਜ ਦੀ ਵਿਗਿਆਨਕ ਖੋਜ ਇਹ ਸੁਝਾਅ ਦਿੰਦੀ ਹੈ ਕਿ ਇੱਕ ਘੰਟੇ ਬੈਠਕੇ ਅਤੇ ਇੱਕ ਘੰਟੇ ਖੜੇ ਹੋਕੇ ਕੰਮ ਕਰਨ ਲਈ ਬਰਾਬਰ ਬਰਾਬਰ ਵੰਡ ਲੈਣਾ ਜਿਆਦਾ ਚੰਗਾ ਹੈ।

# ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ



ਅਗਿਆਨ ਅਤੇ ਵਹਿਮਾਂ- ਭਰਮਾਂ ਵਿਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿਚ ਆਉਂਦੇ ਹਨ। ਰੱਬੀ ਬਾਣੀ ਰਾਹੀਂ ਮਨੁੱਖਤਾ ਨੂੰ ਸਤਿ-ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਸਿੱਖ ਧਰਮ ਦੀ ਬੁਨਿਆਦ ਸਤਿ 'ਤੇ ਰੱਖੀ ਗਈ ਹੈ, ਜਿਸਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਾਪਤ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਸਦੀਵੀ ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਗ੍ਰੰਥ ਹੈ, ਜਿਸਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸਮੁੱਚੀ ਮਾਨਵ ਜਾਤੀ ਵਾਸਤੇ ਹੈ। ਖੱਤਰੀ ਬ੍ਰਾਹਮਣ ਸੂਦ ਵੈਸ਼ ਉਪਦੇਸੁ ਚਹੁ ਵਰਨਾ ਕਉ ਸਾਂਝਾ।। ਅਨੁਸਾਰ ਸਾਰੀ ਸਿੱਖਿਆ ਅਧਿਆਤਮਕ ਜਨ-ਕਲਿਆਣ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਗੁਰੂਆਂ ਨੇ ਦੇਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ-ਗੁਰੂ ਦੇ ਲੜ ਲਾਇਆ ਹੈ। ਜੋ ਸਦੀਵੀ ਸ਼ਬਦ ਰੂਪੀ ਗੁਰੂ ਹੈ। ਗੁਰਬਾਣੀ ਗੁਰੂ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਂਚ ਦੱਸਦਾ ਹੈ। ਸਿੱਖ ਗੁਰੂਆਂ ਅਤੇ ਹੋਰ ਸੰਤਾਂ ਭਗਤਾਂ ਦੀ ਬਾਣੀ ਵਡਗੁਣੀ ਸਿੱਖਿਆ ਦਾ ਅਨਮੋਲ ਖਜ਼ਾਨਾ ਹੈ। ਇਯਦਾ ਪ੍ਰਕਾਸ਼ ਅਤੇ ਸੁਖ-ਆਸਣ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪ੍ਰਮਾਤਮਾ ਦਾ ਸਤਿਕਾਰ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਸਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ ਭੱਟਾ ਸੰਤਾਂ ਅਤੇ ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾ ਨੂੰ ਸੰਭਾਲਿਆ ਗਿਆ ਹੈ। ਜੋ ਬੰਦਗੀ ਅਤੇ ਪ੍ਰਭੂ ਮਿਲਾਪ ਦਾ ਰਾਹ ਦੱਸਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰੱਬੀ ਬਾਣੀ ਹੈ ਜੋ ਪ੍ਰਚੱਲਿਤ ਆਰੀਆ ਭਾਸ਼ਾ ਦਾ ਮਿਸ਼ਰਣ ਹੈ। ਜਿਵੇਂ ਲੋਕ ਭਾਸ਼ਾਵਾਂ, ਸੰਤ ਭਾਸ਼ਾ ਜੋ ਕਾਵਿ-ਰੂਪ ਵਿਚ ਸਾਹਿਤ ਦੀ ਬੇਸ਼ਕੀਮਤੀ ਵੰਨਗੀ ਹੈ। ਇਸ ਪ੍ਰਮਾਤਮਾ ਦੀ ਉਸਤੱਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਕਿ ਕਾਵਿਕ ਸੰਗੀਤ ਦਾ ਰਸਮਈ ਪ੍ਰਵਾਹ ਚਲਦਾ ਹੈ, ਜੋ ਆਤਮਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੀ ਬਾਣੀ ਪੋਥੀ ਰੂਮ ਵਿਚ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸੌਂਪੀ ਗਈ। ਫਿਰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੋਂ ਇਕੱਤਰ ਹੁੰਦੀ ਗਈ, ਜਿਸਦਾ ਸੰਕਲਨ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਲਿਖਵਾਇਆ। ਬਾਣੀ ਦੀ ਘੋਖ ਅਤੇ ਵਾਚਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਇਕੱਤਰ ਹੋਈ ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੰਨ ਹੋਇਆ।

1 ਸਤੰਬਰ 1604 ਈ: ਨੂੰ ਆਦਿ ਗ੍ਰੰਥ ਨਗਰ ਕੀਰਤਨ ਦੇ ਰੂਪ ਵਿਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਦੀ ਹਜ਼ੂਰੀ ਵਿਚ ਬੈਠੀਆਂ। ਪਹਿਲਾ ਹੁਕਮਨਾਮਾ ਪ੍ਰਾਪਤ ਹੋਇਆ- ਸੂਹੀ ਮਹਲਾ ਪੰਜਵਾਂ।। ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਵਾਹਿ ਆਇਆ ਰਾਮ।। ਅੰਗ 783

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਬਿ ਜੀ ਦੀ ਬਾਣੀ ਇਕੱਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ 1705 ਨੂੰ ਮੁਕੰਮਲ ਕੀਤਾ। 20 ਅਕਤੂਬਰ 1708 ਨੂੰ ਗੁਰੂ ਗੋਬਿੰਦ ਸਿੰਘਜੀ ਦੇ ਜੋਤੀ-ਜੋਤ ਸਮਾਉਣ ਵੇਲੇ ਨਾਂਦੇੜ ਸਾਹਿਬ ਵਿਖੇ ਗੁਰਿਆਈ ਆਦਿ ਗ੍ਰੰਥ ਨੂੰ ਸੌਂਪੀ ਗਈ ਤੇ ਨਾਮ ਗੁਰੂ ਗ੍ਰੰਥ ਸਾਹਿਬ ਹੋ ਗਿਆ। ਉਹਨਾਂ ਸਾਰੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਉਹਨਾਂ ਦੇ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਹੀ ਹਰ ਸਿੱਖ ਦੇ ਗੁਰੂ ਹਨ। ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿਚ ਵੰਡੇ। ਹੁਣ 1430 ਅੰਗਾਂ ਵਾਲੀ ਬੀੜ ਦੀ ਛਪਾਈ. ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਹੀ ਹੈ। ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਕੰਮਾਂ ਦੀ ਅਗਵਾਈ ਕਰਦੇ ਹਨ। ਸੰਗਤਾਂ ਦੇ ਅਥਾਹ ਵਿਸ਼ਵਾਸ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਭਾਵੇਂ ਵਿਚ ਰਹਿ ਕੇ ਚੜ੍ਹਦੀਕਲਾ ਦਾ ਵਿਸ਼ਵਾਸ ਮਿਲਦਾ ਹੈ, ਉਤਸ਼ਾਹ ਮਿਲਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਸੁਤੰਤਰ ਖਾਲਸਾ ਰਾਜ ਦੀ ਨੀਂਹ ਰੱਖੀ ਅਤੇ ਸਥਾਪਤ ਕੀਤਾ। ਉਹਨਾਂ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਰਣਜੀਤ ਸਿੰਘ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ। ਸਿੱਖਾਂ ਵਾਸਤੇ ਸ਼ਰਧਾ ਦਾ ਇਕੋ-ਇਕ ਸਮੁੱਚਾ ਗ੍ਰੰਥ ਹੈ। ਇਸ ਤੋਂ ਇਲਾਵਾ ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਇਯ ਧਾਰਮਿਕ ਗ੍ਰੰਥ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ।

**ਅੰਤਿਕਾ**

ਹੇ ਨਾਨਕ ਜੋ ਮਨੁੱਖ ਸਦਾ ਉਚੇ ਆਤਮਕ ਮੰਡਲ ਵਿਚ ਵੱਸਦਾ ਹੈ, ਉਸਦੇ ਅੰਦਰ ਆਤਮਕ ਭਾਵ ਪੈਦਾ ਹੁੰਦੇ ਹਨ, ਆਤਮਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰੱਖਦਾ ਹੈ ਤੇ ਆਤਮਕ ਹਵਾ ਵਿਚ ਉਸਦੀ ਸਰਤਿ ਜੁੜੀ ਰਹਿੰਦੀ ਹੈ। ਉਸਦੇ ਮਨ ਨੂੰ ਪ੍ਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਉਹ ਸਿਮਰਦਾ ਹੈ ਪ੍ਰੇਰਦਾ ਹੈ। ਉਹ ਸਦਾ ਜਗਤ ਮੂਲ ਪ੍ਰਭੂ ਦੀ ਹੀ ਸਿਫਤਿ-ਸਲਾਹ ਕਰਦਾ ਹੈ। ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਪਰ ਗੁਰ ਸ਼ਬਦ ਤੋਂ ਖੁੰਝ ਕੇ ਜਗਤ ਆਇਟਾ ਮੋਹ ਦੇ ਵਿਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਕ ਅਵਸਥਾ ਵਿਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸਦਾ ਮਨ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ। ਅੰਗ 634-635

# ਅਧਿਆਪਕ ਦੇ ਹੱਥ ਵਿੱਚ ਹੀ ਸਮਾਜ ਦੇ ਨਿਰਮਾਣ ਦੀ ਚਾਬੀ ਹੈ

ਹਰ ਸਮਾਜ ਅਤੇ ਦੇਸ਼ ਵਿੱਚ ਅਧਿਆਪਕ ਦਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ। ਭਾਰਤ ਵਿੱਚ ਪ੍ਰਾਚੀਨ ਸਮੇਂ ਤੋਂ ਹੀ ਗੁਰੂ ਅਤੇ ਚੇਲਾ ਦੀ ਪ੍ਰੰਪਰਾ ਚਲਦੀ ਆ ਰਹੀ ਹੈ। ਸਮਾਜ ਵਿੱਚ ਸਭਿਅਕ ਤਰੀਕੇ ਨਾਲ ਰਹਿਣ ਯੋਗ ਬਣਾਉਣ ਲਈ ਅਧਿਆਪਕ ਹੀ ਮੁੱਖ ਭੂਮਿਕਾ ਨਿਭਾਂਉਦਾ ਹੈ। ਭਾਰਤ ਵਿੱਚ ਬੇਸ਼ੱਕ ਸਦੀਆਂ ਤੱਕ ਵਿੱਦਿਆ ਦਾ ਅਧਿਕਾਰ ਕੁੱਝ ਖਾਸ ਲੋਕਾਂ ਕੋਲ ਹੀ ਸੀਮਿਤ ਰਿਹਾ ਹੈ ਅਤੇ ਇਹ ਰਾਜੇ ਮਹਾਰਾਜੇ ਅਪਣੇ ਬੱਚਿਆਂ ਨੂੰ ਪੜਾਉਣ ਲਈ ਵਿਸ਼ੇਸ਼ ਅਧਿਆਪਕ ਰੱਖਦੇ ਸਨ ਜੋਕਿ ਸਮੇਂ ਦੀ ਹਾਣੀ ਸਿੱਖਿਆ ਉਨ੍ਹਾਂ ਦੇ ਬੱਚਿਆਂ ਨੂੰ ਦੇ ਸਕਣ। ਭਾਰਤੀ ਸਮਾਜਿਕ ਢਾਂਚੇ ਅਨੁਸਾਰ ਇੱਕ ਖਾਸ ਵਰਗ ਸ਼ੂਦਰਾਂ ਅਤੇ ਮਹਿਲਾਵਾਂ ਨੂੰ ਤੱਕ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ। ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਵਰਗਾਂ ਲਈ ਵਿੱਦਿਆ ਦਾ ਚਾਨਣ ਫੈਲਾਉਣ ਲਈ ਕਈ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ। ਸਵਿਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੂਗੋਵਾਲੀਆ ਆਦਿ ਨੇ ਵਿਦਿਅਕ ਅਦਾਰੇ ਖੋਲੇ ਅਤੇ ਭਾਰੀ ਮੁਸ਼ਕਿਲਾਂ ਦੇ ਬਾਬਜੂਦ ਇਨ੍ਹਾਂ ਵਰਗਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਅਤ ਕੀਤਾ। ਦੇਸ਼ ਦੇ ਦੂਰ ਦੁਰਾਡੇ ਭਾਗਾਂ ਵਿੱਚ ਰਹਿੰਦੇ ਲੋਕਾਂ ਤੱਕ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਸਿੱਖਿਆ ਪਹੁੰਚਾਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸਮਾਜ ਦੇ ਵਿਕਾਸ ਲਈ ਅਧਿਆਪਕ ਦੀ ਮਹੱਤਤਾ ਨੂੰ ਵੇਖਦੇ ਹੋਏ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿੱਚ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਭਾਰਤ ਵਿੱਚ ਅਧਿਆਪਕ ਦਿਵਸ ਸਾਲ 1962 ਤੋਂ ਹਰ ਸਾਲ 5 ਸਤੰਬਰ ਨੂੰ ਮਨਾਇਆ ਜਾਂਦਾ ਹੈ, ਜਦਕਿ ਅੰਤਰਰਾਸ਼ਟਰੀ ਅਧਿਆਪਕ ਦਿਵਸ ਦਾ ਆਯੋਜਨ 5 ਅਕਤੂਬਰ ਨੂੰ ਹੁੰਦਾ ਹੈ। ਭਾਰਤ ਵਿੱਚ ਸਾਬਕਾ ਰਾਸ਼ਟਰਪਤੀ ਸਵਰਗੀ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਜੋਕਿ ਇੱਕ ਆਦਰਸ਼ ਅਧਿਆਪਕ ਸਨ। ਉਹਨਾਂ ਲੱਗਭੱਗ 40 ਸਾਲ ਤੱਕ ਸਿੱਖਿਆ ਦੇਣ ਦਾ ਕੰਮ ਕੀਤਾ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਸਨਮਾਨ ਵਿੱਚ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਵੱਡੇ ਵੱਡੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ, ਸਮਾਜ ਵਿੱਚ ਵਧੀਆ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਯੂਨੈਸਕੋ ਨੇ 5 ਅਕਤੂਬਰ ਨੂੰ ਅੰਤਰਰਾਸ਼ਟਰੀ ਅਧਿਆਪਕ ਦਿਵਸ ਘੋਸ਼ਿਤ ਕੀਤਾ ਸੀ ਅਤੇ 1994 ਤੋਂ ਅੰਤਰਰਾਸ਼ਟਰੀ ਅਧਿਆਪਕ ਦਿਵਸ ਹਰ ਸਾਲ 05 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਅਧਿਆਪਕਾਂ ਦੇ ਪ੍ਰਤੀ ਸਹਿਯੋਗ ਨੂੰ ਵਧਾਉਣ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਧਿਆਪਕਾਂ ਦੇ ਮਹੱਤਵ ਦੇ ਪ੍ਰਤੀ ਜਾਗਰੂਕਤਾ ਲਿਆਉਣ ਦੇ ਮਕਸਦ ਨਾਲ ਇਸਦੀ ਸ਼ੁਰੂਆਤ ਕੀਤੀ ਗਈ ਸੀ। ਇਸ ਮੌਕੇ ਤੇ ਵਿਦਿਆਰਥੀ ਆਪਣੇ ਅਧਿਆਪਕਾਂ ਦਾ ਸਨਮਾਨ ਕਰਦੇ ਹਨ। ਵਿਦਿਆਰਥੀ ਆਪਣੇ ਅਧਿਆਪਕਾਂ ਦੇ ਦੱਸੇ ਰਸਤੇ ਤੇ ਚੱਲਣ ਦਾ ਸੰਕਲਪ ਲੈਂਦੇ ਹਨ। ਇਸ ਮੌਕੇ ਤੇ ਲੱਗਭੱਗ ਸਾਰੇ ਵਿਦਿਅਕ ਅਦਾਰਿਆਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਅਤੇ ਅਧਿਆਪਕ ਦੀ ਮਹੱਤਤਾ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਸਮਾਜ ਵਿੱਚ ਵਿੱਦਿਆ, ਵਿੱਦਿਅਕ ਅਦਾਰਿਆਂ ਅਤੇ ਅਧਿਆਪਕਾਂ ਦਾ ਸਥਾਨ ਸਮਾਜ ਅਤੇ ਦੇਸ਼ ਦੇ ਵਿਕਾਸ ਲਈ ਸਭਤੋਂ ਵੱਧ ਮਹੱਤਵਪੂਰਨ ਹੈ, ਪਰ ਹੋਲੀ ਹੋਲੀ ਇਹਨਾਂ ਦੀ ਮਹੱਤਤਾ ਘਟਦੀ ਜਾ ਰਹੀ ਹੈ। ਜਿਸ ਵਿੱਦਿਆ ਨੂੰ ਮਨੁਖੀ ਵਿਕਾਸ ਲਈ ਜ਼ਰੂਰੀ ਮੰਨਿਆ ਜਾਂਦਾ ਹੈ ਅੱਜ ਵਪਾਰ ਬਣਦੀ ਜਾ ਰਹੀ ਹੈ। ਅਧਿਆਪਕ ਜਿਸਦੀ ਹਰ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਹੈ ਦਾ ਬਦਲ ਰਿਹਾ ਰੂਪ ਸਮਾਜ ਲਈ ਖਤਰਨਾਕ ਹੈ। ਅੱਜ ਅਧਿਆਪਨ ਦਾ ਕੰਮ ਸੇਵਾ ਨਾਲੋਂ ਵੱਧ ਵਿਉਪਾਰ ਬਣ ਗਿਆ ਹੈ। ਸਮਾਜ ਵਿੱਚ ਸਿੱਖਿਆ ਦੇ ਹੋ ਰਹੇ ਵਪਾਰੀਕਰਣ ਕਾਰਨ ਅੱਜ ਬਹੁਤੇ ਅਧਿਆਪਕ ਸਿੱਖਿਆ ਦੇ ਨਾਮ ਤੇ ਚੱਲਦੀਆਂ ਦੁਕਾਨਾਂ ਵਿੱਚ ਕੰਮ ਕਰ ਰਹੇ ਹਨ, ਅਧਿਆਪਕ ਜਿਸਨੇ ਸਮਾਜ ਨੂੰ ਸੇਧ ਦੇਣੀ ਹੈ ਅਤੇ ਦੇਸ਼ ਦਾ ਭਵਿੱਖ ਮੰਨੇ ਜਾਂਦੇ ਬੱਚਿਆਂ ਨੂੰ ਵਧੀਆ ਬਣਾਉਣਾ ਹੈ ਆਪ ਦਿਸ਼ਾਹੀਣ ਹੋ ਰਿਹਾ ਹੈ। ਅੱਜ ਅਧਿਆਪਕਾਂ ਤੇ ਰਾਜਨੀਤਿਕ ਪ੍ਰਭਾਵ ਵਧ ਰਿਹਾ ਹੈ ਅਤੇ ਅਧਿਆਪਕਾਂ ਨੂੰ ਪੜ੍ਹਾਉਣ ਦੇ ਨਾਲ ਨਾਲ ਹੋਰ ਕਈ ਕੰਮ ਕਰਨੇ ਪੈਂਦੇ ਹਨ ਉਨ੍ਹਾਂ ਦੀ ਅਕਸਰ ਜਨਸੰਖਿਆ ਸਰਵੇਖਣ, ਵੋਟਾਂ ਦੀ ਗਿਣਤੀ, ਪਖਾਨਿਆਂ ਦੀ ਗਿਣਤੀ, ਗਰੀਬਾਂ ਦੀ ਗਿਣਤੀ ਵਿੱਚ ਡਿਊਟੀ ਲੱਗਦੀ ਹੈ ਜਿਸ ਨਾਲ ਉਹ ਮਾਨਸਿਕ ਤੋਰ ਤੇ ਪੀੜ੍ਹਿਤ ਮਹਿਸੂਸ ਕਰਦੇ ਹਨ। ਦੇਸ ਵਿੱਚ ਬਦਲ ਰਿਹਾ ਵਿੱਦਿਅਕ ਢਾਂਚਾ ਵੀ ਅਧਿਆਪਕਾਂ ਦੀ ਭੂਮਿਕਾ ਨੂੰ ਢਾਹ ਲਾ ਰਿਹਾ ਹੈ। ਐਮ ਏ ਬੀਐਡ ਪਾਸ ਅਧਿਆਪਕ ਨਿੱਜੀ ਅਦਾਰਿਆਂ ਵਿੱਚ ਦੋ-ਤਿੰਨ ਹਜਾਰ ਦੀ ਨਿਗੂਣੀ ਤਨਖਾਹ ਤੇ ਕੰਮ ਕਰ ਰਹੇ ਹਨ। ਸਰਕਾਰ ਵਿੱਦਿਆ ਫੈਲਾਉਣ ਦੇ ਨਿਰੋਲ ਸਮਾਜਿਕ ਜਿੰਮੇਵਾਰੀ ਵਾਲੇ ਕੰਮ ਨੂੰ ਵੀ ਲਾਭਕਾਰੀ ਕੰਮ ਬਣਾ ਰਹੀ ਹੈ। ਸੈਲਫ ਫਾਇਨਾਂਸਡ ਵਿੱਦਿਅਕ ਸੰਸਥਾਵਾਂ ਦੇ ਨਾਮ ਤੇ ਵਪਾਰਿਕ ਵਿੱਦਿਅਕ ਅਦਾਰੇ ਧੜਾਧੜ ਖੁੱਲ ਰਹੇ ਹਨ। ਕਦੀ ਇਹ ਵਿੱਦਿਆ ਮਾਮੂਲੀ ਗੁਰੂ ਦਕਸ਼ਣਾ ਨਾਲ ਗ੍ਰਹਿਣ ਕੀਤੀ ਜਾਂਦੀ ਸੀ ਅੱਜ ਇਸੇ ਵਿੱਦਿਆ ਦੇ ਲਈ ਵਿਦਿਆਰਥੀਆਂ ਨੂੰ ਮੋਟੀ ਰਕਮ ਦਾਨ ਅਤੇ ਫੀਸਾਂ ਦੇ ਨਾਮ ਤੇ ਦੇਣੀ ਪੈਂਦੀ ਹੈ। ਵਪਾਰੀਕਰਨ ਅਤੇ ਨਿੱਜੀਕਰਨ ਨੇ ਸਿੱਖਿਆ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ। ਵਪਾਰਕ ਮੰਡੀ ਵਿੱਚ ਸਿੱਖਿਆ ਖਰੀਦਣ ਵੇਚਣ ਦੀ ਵਸਤੂ ਬਣਦੀ ਜਾ ਰਹੀ ਹੈ ਅਤੇ ਇਸਨੂੰ ਬਾਜ਼ਾਰ ਵਿੱਚ ਨਿਸ਼ਚਿਤ ਫੀਸ ਤੋਂ ਵੱਧ ਪੈਸਾ ਦੇ ਕੇ ਖਰੀਦਿਆ ਜਾ ਸਕਦਾ ਹੈ। ਸਮਾਜ ਅਤੇ ਦੇਸ਼ ਦਾ ਭਵਿੱਖ ਤਿਆਰ ਕਰਨ ਵਾਲੇ ਅਧਿਆਪਕ ਅੱਜ ਖੁਦ ਅਪਣੇ ਭਵਿੱਖ ਲਈ ਚਿੰਤਿਤ ਹਨ ਅਤੇ ਆਏ ਦਿਨ ਰੋਸ ਪ੍ਰਦਰਸ਼ਨ ਅਤੇ ਹੜਤਾਲ ਕਰ ਰਹੇ ਹਨ। ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਆ ਰਹੀ ਕੁੜੱਤਣ ਅਤੇ ਵਧ ਰਿਹਾ ਫਾਸਲਾ ਵੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਵਿੱਦਿਅਕ ਅਦਾਰਿਆਂ ਵਿੱਚ ਬਦਲ ਰਿਹਾ ਮਾਹੌਲ, ਵਧ ਰਿਹਾ ਅਪਰਾਧੀਕਰਨ, ਹੋ ਰਿਹਾ ਰਾਜਨੀਤਿਕਰਣ ਅਧਿਆਪਕ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ ਲਗਾ ਰਿਹਾ ਹੈ।




ਅਧਿਆਪਕ ਬਣਨ ਲਈ ਸਰਕਾਰ ਨੇ ਇੱਕ ਵਿਦਿਅਕ ਪੱਧਰ ਨਿਸ਼ਚਿਤ ਕੀਤਾ ਹੋਇਆ ਹੈ ਜਿਵੇਂ ਪ੍ਰਾਇਮਰੀ ਕਲਾਸਾਂ ਨੂੰ ਪੜਾਉਣ ਵਾਲੇ ਅਧਿਆਪਕਾਂ ਲਈ ਈ ਟੀ ਟੀ ਅਤੇ ਐਨ ਟੀ ਟੀ ਕੋਰਸ ਅਤੇ ਹਾਈ ਸਕੂਲ ਦੀਆਂ ਕਲਾਸਾਂ ਵਾਲੇ ਅਧਿਆਪਕਾਂ ਲਈ ਬੀ ਐਡ ਦੀ ਡਿਗਰੀ ਜਰੂਰੀ ਹੈ। ਪਿਛਲੇ ਕੁੱਝ ਸਾਲਾਂ ਤੋਂ ਇਨ੍ਹਾਂ ਕੋਰਸਾਂ ਨੂੰ ਮੁਕੰਮਲ ਕਰਨ ਤੋਂ ਬਾਦ ਸਰਕਾਰ ਨੇ ਇੱਕ ਅਧਿਆਪਕ ਯੋਗਤਾ ਟੈਸਟ ਪਾਸ ਕਰਨਾ ਲਾਜ਼ਮੀ ਕਰ ਦਿਤਾ ਹੈ ਜੋ ਕਿ ਭਵਿੱਖ ਦੇ ਅਧਿਆਪਕਾਂ ਲਈ ਮਾਯੂਸੀ ਅਤੇ ਸ਼ੋਸ਼ਣ ਦਾ ਕਾਰਨ ਬਣਦਾ ਜਾ ਰਿਹਾ ਹੈ ਅਤੇ ਸਰਕਾਰ ਲਈ ਕਮਾਈ ਦਾ ਸਾਧਨ ਬਣ ਗਿਆ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਹੋਏ ਇਸ ਟੈਸਟ ਨੇ ਤਾਂ ਇਹ ਸਾਬਿਤ ਹੀ ਕਰ ਦਿਤਾ ਕਿ ਐਮ ਏ ਬੀ ਐਡ ਵਿੱਚ ਟੋਪਰ ਰਹਿਣ ਵਾਲੇ ਅਧਿਆਪਕ ਵੀ ਨਿਕੰਮੇ ਹੀ ਹਨ ਅਤੇ 10 ਫਿਸਦੀ ਤੋਂ ਵੀ ਘੱਟ ਪ੍ਰੀਖਿਆਰਥੀਆਂ ਨੇ ਹੀ ਇਹ ਟੈਸਟ ਪਾਸ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਇੱਕ ਪਾਸੇ ਬੀ ਐਡ ਵਿੱਚ ਦਾਖਲੇ ਲਈ ਸਰਕਾਰ ਨੇ 40 ਫਿਸਦੀ ਅੰਕ ਦੀ ਸ਼ਰਤ ਰੱਖੀ ਹੋਈ ਹੈ ਪਰੰਤੂ ਦੂਜੇ ਪਾਸੇ ਇਸ ਟੈਸਟ ਨੂੰ ਪਾਸ ਕਰਨ ਲਈ 60 ਫਿਸਦੀ ਨੰਬਰ ਰੱਖੇ ਗਏ ਸਨ। ਸਰਕਾਰ ਵਲੋਂ ਕਰਵਾਇਆ ਜਾ ਰਿਹਾ ਅਧਿਆਪਕ ਯੋਗਤਾ ਟੈਸਟ ਹੁਣ ਟੈਸਟ ਦੇਣ ਵਾਲਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਅਧਿਆਪਕ ਭਰਤੀ ਮਾਮਲੇ ਵਿੱਚ ਦੇਸ ਦੇ ਵੱਖ ਵੱਖ ਸੂਬਿਆਂ ਵਿੱਚ ਹੋਏ ਘੋਟਾਲਿਆਂ ਕਾਰਨ ਵੀ ਅਧਿਆਪਕ ਵਰਗ ਵਿੱਚ ਬੇਚੈਨੀ ਪਾਈ ਜਾ ਰਹੀ ਹੈ। ਨਕਲੀ ਅਤੇ ਜਾਅਲੀ ਡਿਗਰੀਆਂ ਵਾਲੇ ਸਿਫਾਰਸ਼ੀ ਅਤੇ ਰਿਸ਼ਵਤ ਦੇਕੇ ਭਰਤੀ ਹੋਏ ਅਧਿਆਪਕ ਵੀ ਸਿੱਖਿਆ ਦੇ ਨਾਮ ਤੇ ਕਲੰਕ ਹਨ। ਸਮਾਜ ਅਤੇ ਦੇਸ਼ ਦਾ ਭਵਿੱਖ ਤਿਆਰ ਕਰਨ ਵਾਲੇ ਅਧਿਆਪਕ ਅੱਜ ਖੁਦ ਅਪਣੇ ਭਵਿੱਖ ਲਈ ਚਿੰਤਿਤ ਹਨ ਅਤੇ ਅਪਣੇ ਹੱਕਾਂ ਲਈ ਆਏ ਦਿਨ ਰੋਸ ਪ੍ਰਦਰਸ਼ਨ ਅਤੇ ਹੜਤਾਲ ਕਰ ਰਹੇ ਹਨ। ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਆ ਰਹੀ ਕੁੜੱਤਣ ਅਤੇ ਵਧ ਰਿਹਾ ਫਾਸਲਾ ਵੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਵਿਦਿਅਕ ਅਦਾਰਿਆਂ ਵਿੱਚ ਬਦਲ ਰਿਹਾ ਮਾਹੌਲ, ਵਧ ਰਿਹਾ ਅਪਰਾਧੀਕਰਨ, ਹੋ ਰਿਹਾ ਰਾਜਨੀਤੀਕਰਨ ਅਧਿਆਪਕ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ ਲਗਾ ਰਿਹਾ ਹੈ। ਦੇਸ਼ ਵਿੱਚ ਅਧਿਆਪਕ ਦੇ ਮਹੱਤਵ ਨੂੰ ਘਟਾ ਰਹੀ ਅਧਿਆਪਕ ਦੀ ਭੂਮਿਕਾ ਮੁੜ ਕਦੋਂ ਗੁਰੂ ਵਾਲੀ ਭੂਮਿਕਾ ਬਣੇਗੀ ਇਹ ਅਜੇ ਤੱਕ ਇੱਕ ਵੱਡਾ ਸਵਾਲ ਹੈ।



ਕੁਲਦੀਪ ਚੰਦ
91-9417563054

ਜੇਕਰ ਸਰਕਾਰਾਂ ਅਤੇ ਸਮਾਜ ਦੇ ਬੁੱਧੀਜਿਵੀ ਵਰਗ ਨੇ ਹੁਣ ਵੀ ਇਸ ਸਬੰਧੀ ਗੰਭੀਰਤਾਂ ਨਾਲ ਨਾਂ ਸੋਚਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਧਿਆਪਕ ਜਿਸਨੇ ਸਮਾਜ ਦੇ ਭਵਿਖ ਦਾ ਨਿਰਮਾਣ ਕਰਨਾ ਹੈ ਅਪਣੇ ਮੂਲ ਫਰਜ਼ ਨੂੰ ਭੁੱਲ ਜਾਵੇਗਾ ਤੇ ਹੋਲੀ ਹੋਲੀ ਇਸ ਦਿਨ ਦਾ ਵੀ ਕੋਈ ਮਹੱਤਵ ਨਹੀਂ ਰਹੇਗਾ ਅਤੇ ਇਹ ਦਿਨ ਸਿਰਫ ਇੱਕ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।

ਅੱਜ ਜਰੂਰਤ ਹੈ ਕਿ ਅਸੀਂ ਅਪਣੇ ਵਿਦਿਅਕ ਢਾਂਚੇ ਵਿੱਚ ਸੁਧਾਰ ਕਰੀਏ ਅਤੇ ਇਸਦੇ ਹੋ ਰਹੇ ਵਪਾਰੀਕਰਣ ਨੂੰ ਰੋਕੀਏ। ਸਰਕਾਰਾਂ ਨੂੰ ਵੀ ਇਸ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤਾਂ ਜੋ ਸਾਡੇ ਸਮਾਜ ਸੁਧਾਰਕਾਂ ਵਲੋਂ ਚਲਾਈ ਗਈ ਸਿਖਿੱਆ ਦੀ ਮੁਹਿੰਮ ਕਾਇਮ ਰਹਿ ਸਕੇ ਤੇ ਦੇਸ਼ ਵਿੱਚ ਅਧਿਆਪਕ ਵਰਗ ਦਾ ਰੁਤਵਾ ਸੱਚਮੁੱਚ ਸਨਮਾਨਯੋਗ ਬਣ ਸਕੇ। ਜੇਕਰ ਸਰਕਾਰ ਅਤੇ ਸਮਾਜ ਦੇ ਬੁੱਧੀਜਿਵੀ ਵਰਗ ਨੇ ਹੁਣ ਵੀ ਇਸ ਸਬੰਧੀ ਗੰਭੀਰਤਾਂ ਨਾਲ ਨਾਂ ਸੋਚਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਧਿਆਪਕ ਜਿਸਨੇ ਸਮਾਜ ਦੇ ਭਵਿਖ ਦਾ ਨਿਰਮਾਣ ਕਰਨਾ ਹੈ ਅਪਣੇ ਮੂਲ ਫਰਜ਼ ਨੂੰ ਭੁੱਲ ਜਾਵੇਗਾ ਤੇ ਹੋਲੀ ਹੋਲੀ ਇਸ ਦਿਨ ਦਾ ਵੀ ਕੋਈ ਮਹੱਤਵ ਨਹੀਂ ਰਹੇਗਾ।

# ਉਚੀਆਂ ਜਾਤੀਆਂ ਦੇ ਲੋਕ ਆਪਣੀ ਮਾਨਸਿਕਤਾ ਬਦਲਣ



ਕੁਲਦੀਪ ਨਈਅਰ

ਪਿਛਲੇ ਦਿਨੀਂ ਮੱਧ ਪ੍ਰਦੇਸ਼ ਵਿਚ ਇਕ ਵਾਰ ਫਿਰ ਕੁਝ ਔਰਤਾਂ ਦੀ ਇਸ ਕਰਕੇ ਕੁੱਟਮਾਰ ਕੀਤੀ ਗਈ ਕਿ ਉਹਨਾਂ 'ਤੇ ਗਊ ਮਾਸ ਲਿਜਾਣ ਦਾ ਸ਼ੱਕ ਸੀ। ਪ੍ਰਯੋਗਸ਼ਾਲਾ ਦੀ ਜਾਂਚ ਵਿਚ ਇਹ ਮਾਸ ਕਿਸੇ ਹੋਰ ਜਾਨਵਰ ਦਾ ਨਿਕਲਿਆ। ਕੁਝ ਸਮਾਂ ਪਹਿਲਾਂ ਦਿੱਲੀ ਵਿਚਲੇ ਕੇਰਲ ਹਾਊਸ 'ਤੇ ਗਊ ਰੱਖਿਅਕਾਂ ਨੇ ਇਹ ਕਹਿ ਕੇ ਹਮਲਾ ਕੀਤਾ ਸੀ ਕਿ ਉਥੇ ਗਊ ਮਾਸ ਪਰੋਸਿਆ ਜਾਂਦਾ ਹੈ ਪਰ ਸਭ ਤੋਂ ਸ਼ਰਮਨਾਕ ਪਹਿਲੂ ਇਹ ਹੈ ਕਿ ਅਜਿਹੀਆਂ ਘਟਨਾਵਾਂ ਬਾਰੇ ਉਚ-ਜਾਤੀਆਂ ਅਤੇ ਇੱਥੋਂ ਤੱਕ ਕਿ ਆਰ. ਐਸ. ਐਸ. ਨੂੰ ਵੀ ਕੋਈ ਪਛਤਾਵਾ ਨਹੀਂ ਹੈ ਅਤੇ ਜਿਹਨਾਂ ਤੋਂ ਸਮਾਜ ਦੀ ਉਨਤੀ ਲਈ ਕੰਮ ਕਰਨ ਲਈ ਉਮੀਦ ਕੀਤੀ ਜਾਂਦੀ ਹੈ, ਉਹਨਾਂ ਨੇ ਨਿੰਦਾ ਜਾਂ ਦੁੱਖ ਦਾ ਇਕ ਸ਼ਬਦ ਵੀ ਨਹੀਂ ਕਿਹਾ।

ਸਾਰੇ ਧਰਮ ਸਮਾਜਿਕ, ਆਰਥਿਕ ਜਾਂ ਰਾਜਨੀਤਿਕ ਭੇਦ-ਭਾਵ ਕਰਦੇ ਹਨ ਪਰ ਉਹਨਾਂ ਵਿਚ ਇਹ ਉਸ ਤਰ੍ਹਾਂ ਧਰਮ ਦਾ ਹਿੱਸਾ ਨਹੀਂ ਹੈ, ਜਿਵੇਂ ਹਿੰਦੂਆਂ ਵਿਚ ਹੈ। ਇਹ ਸਾਰਾ ਕੁਝ ਸਦੀਆਂ ਤੋਂ ਬਿਨਾਂ ਕਿਸੇ ਚੁਣੌਤੀ ਦੇ ਚਲਦਾ ਆ ਰਿਹਾ ਹੈ। ਅਜੇ ਵੀ ਭਾਰਤ ਦੇ ਕੁਝ ਹਿੱਸੇ ਅਜਿਹੇ ਹਨ, ਜਿੱਥੇ ਦਲਿਤ ਉਹਨਾਂ ਸੜਕਾਂ ਜਾਂ ਖੂਹਾਂ ਦੀ ਵਰਤੋਂ ਨਹੀਂ ਕਰ ਸਕਦੇ, ਜਿੱਥੇ ਉਚੀਆਂ ਜਾਤੀਆਂ ਵਾਲਿਆਂ ਦਾ ਆਉਣ-ਜਾਣ ਰਹਿੰਦਾ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਉਚੀਆਂ ਜਾਤੀਆਂ ਵਾਲਿਆਂ ਦੇ ਸ਼ਮਸ਼ਾਨਘਾਟ ਵੀ ਵੱਖਰੇ ਹਨ ਅਤੇ ਸਿਰਫ ਉਹਨਾਂ ਲਈ ਹੀ ਰਾਖਵੇਂ ਹਨ। ਇਸਲਾਮ ਜੋ ਬਰਾਬਰੀ ਦੀ ਸਿੱਖਿਆ ਦਿੰਦਾ ਹੈ, ਵੀ ਇਸ ਤੋਂ ਪ੍ਰਭਾਵਿਤ ਹੋਇਆ ਹੈ ਅਤੇ ਸਮਾਜਿਕ ਜੀਵਨ 'ਚ ਉਚੀ ਥਾਂ ਰੱਖਣ ਵਾਲੇ ਲੋਕਾਂ ਦੇ ਕਬਰਿਸਤਾਨ ਦੀ ਵਰਤੋਂ ਸਧਾਰਨ ਮੁਸਲਮਾਨ ਨਹੀਂ ਕਰ ਸਕਦੇ। ਅਸਲ ਵਿਚ ਇਸਲਾਮ 'ਚ ਵੱਖਰੀ ਕਿਸਮ ਦਾ ਜਾਤੀਵਾਦ ਹੈ। ਮੁਸਲਿਮ ਭਾਈਚਾਰੇ ਵਿਚ ਸਈਅਦ ਲੋਕਾਂ ਨੂੰ ਹਿੰਦੂਆਂ ਵਿਚਲੇ ਬ੍ਰਾਹਮਣਾਂ ਵਾਂਗ ਮੰਨਿਆ ਜਾਂਦਾ ਹੈ ਅਤੇ ਜਦੋਂ ਵਿਆਹ ਜਾਂ ਮੌਤ ਦਾ ਮਾਮਲਾ ਆਉਂਦਾ ਹੈ ਤਾਂ ਉਹ ਹਿੰਦੂਆਂ ਵਰਗਾ ਹੀ ਵਿਹਾਰ ਕਰਦੇ ਹਨ। ਉਹ ਆਪਣੇ ਲੋਕਾਂ ਦੀਆਂ ਮ੍ਰਿਤਕ ਦੇਹਾਂ ਵੀ ਸਾਂਝੇ ਕਬਰਿਸਤਾਨ ਵਿਚ ਨਹੀਂ ਲਿਜਾਂਦਾ।

ਅਸਲ ਵਿਚ ਸਧਾਰਨ ਮੁਸਲਮਾਨਾਂ ਨੂੰ ਦੋਵਾਂ ਪਾਸਿਆਂ ਤੋਂ ਭੁਗਤਣਾ ਪੈਂਦਾ ਹੈ। ਇਕ ਤਾਂ ਉਹ ਗਰੀਬ ਹਨ ਅਤੇ ਦੂਜਾ ਉਹਨਾਂ ਨੂੰ ਉਚੇ ਰੁਤਬੇ ਵਾਲੇ ਮੁਸਲਮਾਨਾਂ ਦੇ ਬਰਾਬਰ ਨਹੀਂ ਸਮਝਿਆ ਜਾਂਦਾ। ਇੱਥੇ ਆਰਥਿਕ ਕਾਰਨ ਆਪਣੀ ਭੂਮਿਕਾ ਨਿਭਾਉਣ ਲੱਗਦੇ ਹਨ। ਫਿਰ ਪਸੰਦ ਅਤੇ ਪੱਖਪਾਤ ਵੀ ਇਸ ਵਿਚ ਸ਼ਾਮਲ ਹੋ ਕੇ ਸਧਾਰਨ ਮੁਸਲਮਾਨਾਂ ਦੀ ਹਾਲਤ ਵਧੇਰੇ ਤਰਸਯੋਗ ਬਣਾ ਦਿੰਦੇ ਹਨ। ਸਹੀ ਹੈ ਕਿ ਭਾਰਤੀ ਸੰਵਿਧਾਨ ਧਰਮ ਜਾਂ ਜਾਤ ਦੇ ਨਾਂ 'ਤੇ ਭੇਦ-ਭਾਵ ਦੀ ਆਗਿਆ ਨਹੀਂ ਦਿੰਦਾ ਪਰ ਅਜਿਹਾ ਹਰ ਥਾਂ ਹੁੰਦਾ ਹੈ ਅਤੇ ਇੱਥੋਂ ਤੱਕ ਕਿ ਪੁਲਿਸ ਬਲ ਵੀ ਦੂਸ਼ਿਤ ਹੋ ਗਏ ਹਨ, ਉਹ ਬਿਨਾਂ ਕਿਸੇ ਇਤਰਾਜ਼ ਦੇ ਸੰਵਿਧਾਨ ਦੀ ਉਲੰਘਣਾ ਵਿਚ ਉਚੀਆਂ ਜਾਤੀਆਂ ਦਾ ਸਾਥ ਦਿੰਦੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਆਉਣ ਦੇ ਬਾਅਦ ਤੋਂ ਇਹ ਸਾਰਾ ਕੁਝ ਵਧੇਰੇ ਉਭਰਵਾਂ ਅਤੇ ਨਿਰੰਤਰ ਨਜ਼ਰ ਆਉਣ ਵਾਲਾ ਬਣ ਗਿਆ ਹੈ। ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਵਿਚ ਅਹਿਮ ਅਹੁਦਿਆਂ 'ਤੇ ਉਚੀ ਜਾਤੀ ਦੇ ਲੋਕਾਂ ਨੂੰ ਨਿਯੁਕਤ ਕੀਤੇ ਜਾਣ ਕਾਰਨ ਕਈ ਪ੍ਰਭਾਵਸ਼ਾਲੀ ਦਿਮਾਗ ਰੁਲ ਰਹੇ ਹਨ। ਆਰ. ਐਸ. ਐਸ. ਇਹ ਯਕੀਨੀ ਬਣਾਉਂਦਾ ਹੈ ਕਿ 'ਸਹੀ' ਪਿਛੋਕੜ ਵਾਲੇ ਲੋਕਾਂ ਦੀ ਹੀ ਨਿਯੁਕਤੀ ਹੋਵੇ ਤਾਂ ਕਿ ਹਿੰਦੂਤਵ ਦੇ ਫਲਸਫੇ ਤੋਂ ਮਾਰਗ ਦਰਸ਼ਨ ਲਿਆ ਜਾਵੇ। ਵਧੇਰੇ ਸਮਾਂ ਨਹੀਂ ਹੋਇਆ ਕਿ ਪੁਣੇ ਦੀ ਫਿਲਮ ਸੰਸਥਾ ਵਿਚ ਮਹੀਨਿਆਂ ਤੱਕ ਹੜਤਾਲ ਰਹੀ, ਜਦੋਂ ਉਸਦੇ ਮੁਖੀ ਨੂੰ ਬਦਲ ਕੇ ਉਸਦੀ ਥਾਂ 'ਤੇ ਅਜਿਹੇ ਟੈਲੀਵਿਜਨ ਕਲਾਕਾਰ ਨੂੰ ਲਾ ਦਿੱਤਾ ਗਿਆ, ਜਿਸ ਨੂੰ ਆਰ. ਐਸ. ਐਸ. ਦਾ ਆਸ਼ੀਰਵਾਦ ਹਾਸਲ ਸੀ। ਇਸ ਦਾ ਹਰ ਪਾਸਿਉਂ ਵਿਰੋਧ ਹੋਣ ਦੇ ਬਾਵਜੂਦ ਸਰਕਾਰ ਨੇ ਆਪਣਾ ਫੈਸਲਾ ਨਹੀਂ ਬਦਲਿਆ। ਅੰਤ ਵਿਚ ਵਿਦਿਆਰਥੀਆਂ ਨੂੰ ਹੀ ਹਾਰ ਮੰਨਣੀ ਪਈ ਕਿਉਂਕਿ ਉਹਨਾਂ ਦਾ ਭਵਿੱਖ ਬਰਬਾਦ ਹੋ ਰਿਹਾ ਸੀ।

**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਆਉਣ ਦੇ ਬਾਅਦ ਤੋਂ ਇਹ ਸਾਰਾ ਕੁਝ ਵਧੇਰੇ ਉਭਰਵਾਂ ਅਤੇ ਨਿਰੰਤਰ ਨਜ਼ਰ ਆਉਣ ਵਾਲਾ ਬਣ ਗਿਆ ਹੈ। ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਵਿਚ ਅਹਿਮ ਅਹੁਦਿਆਂ 'ਤੇ ਉਚੀ ਜਾਤੀ ਦੇ ਲੋਕਾਂ ਨੂੰ ਨਿਯੁਕਤ ਕੀਤੇ ਜਾਣ ਕਾਰਨ ਕਈ ਪ੍ਰਭਾਵਸ਼ਾਲੀ ਦਿਮਾਗ ਰੁਲ ਰਹੇ ਹਨ। ਆਰ. ਐਸ. ਐਸ. ਇਹ ਯਕੀਨੀ ਬਣਾਉਂਦਾ ਹੈ ਕਿ 'ਸਹੀ' ਪਿਛੋਕੜ ਵਾਲੇ ਲੋਕਾਂ ਦੀ ਹੀ ਨਿਯੁਕਤੀ ਹੋਵੇ ਤਾਂ ਕਿ ਹਿੰਦੂਤਵ ਦੇ ਫਲਸਫੇ ਤੋਂ ਮਾਰਗ ਦਰਸ਼ਨ ਲਿਆ ਜਾਵੇ। ਵਧੇਰੇ ਸਮਾਂ ਨਹੀਂ ਹੋਇਆ ਕਿ ਪੁਣੇ ਦੀ ਫਿਲਮ ਸੰਸਥਾ ਵਿਚ ਮਹੀਨਿਆਂ ਤੱਕ ਹੜਤਾਲ ਰਹੀ, ਜਦੋਂ ਉਸਦੇ ਮੁਖੀ ਨੂੰ ਬਦਲ ਕੇ ਉਸਦੀ ਥਾਂ 'ਤੇ ਅਜਿਹੇ ਟੈਲੀਵਿਜਨ ਕਲਾਕਾਰ ਨੂੰ ਲਾ ਦਿੱਤਾ ਗਿਆ, ਜਿਸ ਨੂੰ ਆਰ. ਐਸ. ਐਸ. ਦਾ ਆਸ਼ੀਰਵਾਦ ਹਾਸਲ ਸੀ। ਇਸ ਦਾ ਹਰ ਪਾਸਿਉਂ ਵਿਰੋਧ ਹੋਣ ਦੇ ਬਾਵਜੂਦ ਸਰਕਾਰ ਨੇ ਆਪਣਾ ਫੈਸਲਾ ਨਹੀਂ ਬਦਲਿਆ। ਅੰਤ ਵਿਚ ਵਿਦਿਆਰਥੀਆਂ ਨੂੰ ਹੀ ਹਾਰ ਮੰਨਣੀ ਪਈ ਕਿਉਂਕਿ ਉਹਨਾਂ ਦਾ ਭਵਿੱਖ ਬਰਬਾਦ ਹੋ ਰਿਹਾ ਸੀ।**

ਆਪਣੇ ਅੰਦਰ ਝਾਕਣ ਦਾ ਸਮਾਂ ਆ ਗਿਆ ਹੈ। ਉਚੀ ਜਾਤੀ ਵਾਲਿਆਂ ਨੇ ਦਲਿਤਾਂ ਜਾਂ ਇੱਥੋਂ ਤੱਕ ਕਿ ਹੋਰ ਪੱਛੜੇ ਵਰਗਾਂ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ। ਗੁਜਰਾਤ, ਉਤਰ ਪ੍ਰਦੇਸ਼ ਜਾਂ ਦੇਸ਼ ਦੇ ਹੋਰ ਹਿੱਸਿਆਂ ਵਿਚ ਹੋਏ ਢੇਰ ਸਾਰੇ ਅੰਦੋਲਨਾਂ ਨੇ ਵੀ ਉਚੀਆਂ ਜਾਤੀਆਂ ਦੀ ਅੰਤਰ ਆਤਮਾ ਨੂੰ ਝੰਜੋੜਿਆ ਨਹੀਂ ਹੈ। ਇਹ ਇਸ ਗੱਲ ਦਾ ਨਤੀਜਾ ਹੈ ਕਿ 1950 ਵਿਚ ਸੰਵਿਧਾਨ ਸਭਾ ਵੱਲੋਂ 10 ਸਾਲ ਦਾ ਸਮਾਂ ਹੱਦ ਤਹਿ ਕੀਤੇ ਜਾਣ ਦੇ ਬਾਵਜੂਦ ਰਿਜ਼+ਵੇਸ਼ਨ ਨੂੰ ਸਰਕਾਰ ਵੱਲੋਂ ਅਜੇ ਤੱਕ ਜਾਰੀ ਰੱਖਿਆ ਗਿਆ ਹੈ। ਮੈਨੂੰ ਯਾਦ ਹੈ ਕਿ ਸੰਵਿਧਾਨ ਸਭਾ ਦੀ ਚਰਚਾ ਦੌਰਾਨ ਦਲਿਤਾਂ ਦੇ ਮਾਣਯੋਗ ਆਗੂ ਡਾ. ਬੀ. ਆਰ. ਅੰਬੇਡਕਰ ਨੇ ਕਿਹਾ ਸੀ ਕਿ ਉਹ ਰਾਖਵਾਂਕਰਨ ਨਹੀਂ ਚਾਹੁੰਦੇ। ਉਹਨਾਂ ਨੂੰ ਇਸ ਭਰੋਸੇ 'ਤੇ ਰਾਜ਼ੀ ਕੀਤਾ ਗਿਆ ਸੀ ਕਿ ਇਸ ਦਾ ਸਮਾਂ 10 ਸਾਲ ਤੋਂ ਵਧੇਰੇ ਨਹੀਂ ਹੋਵੇਗਾ। ਪਰ ਹੁਣ ਸਥਿਤੀ ਇਹ ਹੈ ਕਿ ਜਦੋਂ ਇਹ ਸਮਾਂ ਹੱਦ ਪੂਰੀ ਹੁੰਦੀ ਹੈ ਤਾਂ ਸੰਸਦ ਇਸ ਨੂੰ ਸਰਬਸੰਮਤੀ ਨਾਲ ਦਸ ਹੋਰ ਸਾਲਾਂ ਲਈ ਅੱਗੇ ਵਧਾ ਦਿੰਦੀ ਹੈ। ਖੱਬੇ ਪੱਖੀਆਂ ਸਮੇਤ ਕੋਈ ਵੀ ਸਿਆਸੀ ਪਾਰਟੀ ਇਸ ਨੂੰ ਰੋਕਣ ਅਤੇ ਇਹ ਕਹਿਣ ਲਈ ਉਠ ਕੇ ਖੜ੍ਹੀ ਨਹੀਂ ਹੁੰਦੀ ਕਿ ਹੁਣ ਬਹੁਤ ਹੋ ਗਿਆ ਹੈ।

ਹੁਣ ਜਦੋਂ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਵਿਚ ਥੋੜ੍ਹੇ ਸਮੇਂ ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਤਾਂ ਦਲਿਤ ਆਗੂ ਕੁਮਾਰੀ ਮਾਇਆਵਤੀ ਨੂੰ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਰਿਝਾਇਆ ਜਾ ਰਿਹਾ ਹੈ ਪਰ ਉਹਨਾਂ ਨੇ ਕਿਹਾ ਹੈ ਕਿ ਉਹਨਾਂ ਦੀ ਪਾਰਟੀ ਇਕੱਲੀ ਹੀ ਚੋਣਾਂ ਲੜੇਗੀ ਅਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਚੋਣਾਂ ਵਿਚ ਬਹੁਮਤ ਹਾਸਲ ਕਰੇਗੀ। ਉਹਨਾਂ ਨੂੰ ਇਹ ਸਹੂਲਤ ਹਾਸਲ ਹੈ ਕਿ ਦਲਿਤ ਵੋਟਰ ਉਹਨਾਂ ਦੇ ਆਦੇਸ਼ ਦੀ ਪਾਲਣਾ ਕਰਦੇ ਹਨ। ਉਹ ਇਕੱਲੀ ਆਗੂ ਹਨ ਜੋ ਦਲਿਤ ਵੋਟਾਂ ਕਿਸੇ ਹੋਰ ਪਾਰਟੀ ਨੂੰ ਤਬਦੀਲ ਕਰਵਾ ਸਕਦੀ ਹੈ। ਭਾਵੇਂ ਕਾਂਗਰਸ ਰਵਾਇਤੀ ਤੌਰ 'ਤੇ ਸਮਾਜਿਕ ਨਿਆਂ ਲਈ ਲੜਦੀ ਰਹੀ ਹੈ ਪਰ ਮਹਾਤਮਾ ਗਾਂਧੀ ਇਕੱਲੇ ਅਜਿਹੇ ਆਗੂ ਸਨ, ਜੋ ਦਲਿਤਾਂ ਨੂੰ ਬਰਾਬਰ ਦਾ ਦਰਜਾ ਦੇਣ ਵਿਚ ਵਿਸ਼ਵਾਸ ਰੱਖਦੇ ਸਨ। ਇਹ ਹੀ ਸਹੀ ਹੈ ਕਿ ਮਹਾਤਮਾ ਗਾਂਧੀ ਵੱਲੋਂ ਦਿੱਤਾ ਗਿਆ ਸ਼ਬਦ 'ਹਰੀਜਨ' ਦਲਿਤਾਂ ਨੇ ਪਸੰਦ ਨਹੀਂ ਕੀਤਾ, ਕਿਉਂਕਿ ਉਹਨਾਂ ਨੂੰ ਜਾਪਿਆ ਕਿ ਇਸ ਵਿਚ ਮਿਹਰਬਾਨੀ ਦਾ ਭਾਵ ਹੈ। ਸੰਵਿਧਾਨ ਸਭਾ ਦੇ ਪ੍ਰਧਾਨ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਤੋਂ ਬਾਅਦ ਡਾ. ਰਾਜਿੰਦਰ ਪ੍ਰਸਾਦ ਨੂੰ ਸਿਹਤ ਮੰਤਰੀ ਨਿਯੁਕਤ ਕੀਤਾ ਗਿਆ ਸੀ। ਉਹ ਆਪਣੀ ਰਿਹਾਇਸ਼ ਬਾਰੇ ਸਲਾਹ ਲੈਣ ਲਈ ਗਾਂਧੀ ਜੀ ਕੋਲ ਗਏ। ਮਹਾਤਮਾ ਗਾਂਧੀ ਉਦੋਂ ਦਲਿਤਾਂ ਦੀ ਕਾਲੋਨੀ ਵਿਚ ਰਹਿੰਦੇ ਸਨ। ਉਹਨਾਂ ਨੇ ਰਾਜਿੰਦਰ ਪ੍ਰਸਾਦ ਨੂੰ ਆਪਣੇ ਨਾਲ ਵਾਲੀ ਰਿਹਾਇਸ਼ ਵਿਚ ਰਹਿਣ ਲਈ ਕਿਹਾ। ਰਾਜਿੰਦਰ ਪ੍ਰਸਾਦ ਇਸ ਵਿਚਾਰ ਤੋਂ ਇੰਨਾ ਡਰ ਗਏ ਕਿ ਉਹ ਤਤਕਾਲੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਕੋਲ ਗਏ ਅਤੇ ਗਾਂਧੀ ਜੀ ਦੀ ਸਲਾਹ ਬਾਰੇ ਸ਼ਿਕਾਇਤ ਕੀਤੀ।

ਭਾਰਤ ਵਿਚ ਜੋ ਤਜਰਬਾ ਰਿਹਾ ਹੈ, ਉਸ ਦੇ ਮੱਦੇਨਜ਼ਰ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਕਾਨੂੰਨ ਨਾਲ ਫਾਇਦਾ ਨਹੀਂ ਹੋਵੇਗਾ। ਲੋੜ ਇਸ ਗੱਲ ਦੀ ਹੈ ਕਿ ਉਚੀ ਜਾਤੀ ਵਾਲੇ ਆਪਣੀ ਮਾਨਸਿਕਤਾ ਬਦਲਣ। ਉਹ ਲੋਕਤੰਤਰ ਵਿਚ ਵਿਸ਼ਵਾਸ ਕਰਦੇ ਹਨ ਪਰ ਬਰਾਬਰੀ ਵਿਚ ਨਹੀਂ। ਜੋ ਲੋਕਤੰਤਰੀ ਵਿਵਸਥਾ ਦਾ ਅਨਿੱਖੜਵਾਂ ਹਿੱਸਾ ਹੈ।

ਦੁਨੀਆਂ ਵਿਚ ਲੋਕਾਂ ਨੂੰ ਥੋੜ੍ਹੇ ਕੀਤਿਆਂ ਇਹ ਯਕੀਨ ਹੀ ਨਹੀਂ ਹੁੰਦਾ ਕਿ ਮੰਗਲ ਗ੍ਰਹਿ 'ਤੇ ਰਾਕਟ ਭੇਜਣ ਵਾਲੇ ਦੇਸ਼, ਜਿਸ ਤੋਂ ਵਿਕਸਤ ਦੇਸ਼ਾਂ ਨੂੰ ਵੀ ਈਰਖਾ ਹੁੰਦੀ ਹੈ, ਵਿਚ ਲੋਕਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ। ਵਿਦੇਸ਼ੀ ਲੋਕਾਂ ਦੀ ਹੈਰਾਨੀ ਵੇਖਣ ਲਾਇਕ ਹੁੰਦੀ ਹੈ ਕਿ ਜਿਸ ਜਮਹੂਰੀ ਦੇਸ਼ ਵਿਚ ਲੋਕ ਆਪਣਾ ਆਗੂ ਚੁਣਨ ਲਈ ਵੋਟਿੰਗ ਮਸ਼ੀਨਾਂ ਦੇ ਸਾਹਮਣੇ ਕਤਾਰ ਵਿਚ ਖੜ੍ਹੇ ਰਹਿੰਦੇ ਹਨ, ਉਹ ਆਪਣੇ ਉਹਨਾਂ ਤੁਅੱਸਬਾਂ ਨੂੰ ਖਤਮ ਨਹੀਂ ਕਰ ਸਕਿਆ ਜੋ ਇਸ ਨੂੰ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਵਿਰਾਸਤ ਵਿਚ ਮਿਲੇ ਹਨ, ਜਦੋਂ ਲੋਕਾਂ 'ਤੇ ਆਸਾਨੀ ਨਾਲ ਰਾਜ ਕਰਨ ਲਈ ਸਮਾਜ ਨੂੰ ਜਾਤ ਅਤੇ ਧਰਮ ਦੇ ਨਾਂ 'ਤੇ ਵੰਡਿਆ ਗਿਆ ਸੀ।

**(ਇਕ ਪੁਰਾਣੀ ਲਿਖਤ)**

# ਆਦੀਵਾਸੀਆਂ ਦਾ ਸੱਭਿਅਤਾ, ਸੰਸਕ੍ਰਿਤੀ, ਭਾਸ਼ਾ ਤੇ ਵਜੂਦ ਖਤਰੇ 'ਚ



ਪ੍ਰੋ ਬਲਵਿੰਦਰਪਾਲ ਸਿੰਘ
91-98157-00916

ਭਾਰਤ ਵਿਚ ਲਗਭਗ 11 ਕਰੋੜ ਆਦੀਵਾਸੀ ਰਹਿੰਦੇ ਹਨ, ਜੋ ਕੁਲ ਅਬਾਦੀ ਦਾ 7 ਪ੍ਰਤੀਸ਼ਤ ਹੈ। ਭਾਰਤ ਵਿਚ ਕਈ ਕਿਸਮਾਂ ਦੇ ਆਦੀਵਾਸੀ ਪੂਰੇ ਦੇਸ ਵਿਚ ਫੈਲੇ ਹੋਏ ਹਨ। ਉਨ੍ਹਾਂ ਦੀ ਆਪਣੀ ਆਪਣੀ ਭਾਸ਼ਾ ਹੈ, ਆਪਣਾ ਸਮਾਜ ਹੈ। ਆਦੀਵਾਸੀ ਭਾਰਤ ਵਿਚ ਵਿਕਾਸ ਦੇ ਨਾਂ 'ਤੇ ਜਲ, ਜੰਗਲ, ਜ਼ਮੀਨ ਤੋਂ ਉਜਾੜੇ ਜਾਣ ਕਾਰਨ ਵੱਡੇ ਦੁਖਾਂਤ ਦਾ ਸਾਹਮਣਾ ਕਰ ਰਹੇ ਹਨ। ਵੱਖ-ਵੱਖ ਅੰਕੜਿਆਂ ਦਾ ਵਿਸ਼ਲੇਸ਼ਣ ਕਰੀਏ ਤਾਂ ਹਰ ਦਸਵਾਂ ਆਦੀਵਾਸੀ ਆਪਣੀ ਜ਼ਮੀਨ ਤੋਂ ਉਜਾੜਿਆ ਗਿਆ ਹੈ। ਪਿਛਲੇ ਇਕ ਦਹਾਕੇ ਵਿਚ ਹੀ ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਝਾਰਖੰਡ ਤੇ ਉੜੀਸਾ ਵਿਚ 14 ਲੱਖ ਲੋਕ ਉਜਾੜੇ ਹਨ। ਉਨ੍ਹਾਂ ਵਿਚ 89ਗ ਅਬਾਦੀ ਆਦੀਵਾਸੀਆਂ ਦੀ ਹੈ। ਜੰਗਲ ਨੂੰ ਆਪਣਾ ਘਰ ਸਮਝਣ ਵਾਲੇ ਜਨਜਾਤੀਆਂ ਦੇ ਉਜਾੜੇ ਦੇ ਦਰਦ ਨੂੰ ਕਿਸੇ ਸਰਕਾਰੀ ਮੁਆਵਜ਼ੇ ਨਾਲ ਦੂਰ ਨਹੀਂ ਕੀਤਾ ਜਾ ਸਕਦਾ। ਆਦੀਵਾਸੀ ਆਪਣੇ ਜੀਵਨ, ਰੁਜ਼ਗਾਰ ਅਤੇ ਸਭਿਆਚਾਰਕ ਪਛਾਣ ਦੇ ਲਈ ਜੰਗਲਾਂ ਤੇ ਨਿਰਭਰ ਹਨ। ਉਜਾੜੇ ਦੇ ਨਾਲ ਨਾਲ ਜਿਨ੍ਹਾਂ ਵੱਡੀਆਂ ਸਮੱਸਿਆਵਾਂ ਨਾਲ ਆਦੀਵਾਸੀ ਸਮਾਜ ਜੂਝ ਰਿਹਾ ਹੈ, ਉਨ੍ਹਾਂ ਵਿਚ ਮੁਖ ਹੈ ਸਿੱਖਿਆ, ਰੁਜ਼ਗਾਰ, ਸਿਹਤ ਤੇ ਰਾਜਨੀਤਕ ਭੇਦਭਾਵ। ਛੱਤੀਸਗੜ੍ਹ ਪ੍ਰਾਚੀਨ ਆਦੀਵਾਸੀ ਖੇਤਰ ਹੈ ਤੇ ਉਸ ਦੀ ਪਛਾਣ ਜੰਗਲ ਤੇ ਆਦੀਵਾਸੀਆਂ ਦੇ ਲਈ ਹੈ, ਪਰ ਕੁਝ ਸਾਲਾਂ ਵਿਚ ਇਸਪਾਤ, ਲੋਹਾ ਤੇ ਖਨਨ ਯੋਜਨਾ ਨੇ ਆਦੀਵਾਸੀਆਂ ਦੇ ਜੀਵਨ ਨੂੰ ਸੰਕਟ ਵਿਚ ਪਾ ਦਿੱਤਾ ਹੈ। ਬਸਤਰ, ਦੰਤੇਵਾੜਾ ਜ਼ਿਲ੍ਹਿਆਂ ਵਿਚ ਜਿੱਥੇ ਨਕਸਲਵਾਦ ਕਾਰਨ ਆਦੀਵਾਸੀਆਂ ਦਾ ਜੀਵਨ ਔਖਾ ਹੋ ਗਿਆ ਹੈ। ਆਦੀਵਾਸੀ ਸਮਾਜ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਆਪਣਾ ਵਿਕਾਸ ਚਾਹੁੰਦਾ ਹੈ, ਪਰ ਉਸ ਨੂੰ ਉਸ ਦੀਆਂ ਜੜ੍ਹਾਂ ਨਾਲੋਂ ਵਿਕਾਸ ਦੇ ਨਾਮ 'ਤੇ ਤੋੜਿਆ ਜਾ ਰਿਹਾ ਹੈ। ਕੇਂਦਰ ਅਤੇ ਰਾਜ ਸਰਕਾਰ ਦੀ ਰੁਜ਼ਗਾਰ ਗਾਰੰਟੀ ਯੋਜਨਾ ਸਹਿਤ ਦੂਸਰੀਆਂ ਯੋਜਨਾਵਾਂ ਤੋਂ ਇਹ ਆਦੀਵਾਸੀ ਪੂਰੀ ਤਰ੍ਹਾਂ ਦੂਰ ਹਨ। ਇਥੇ ਜ਼ਿਕਰਯੋਗ ਹੈ ਕਿ ਭਾਰਤੀ ਅਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਆਦੀਵਾਸੀਆਂ ਦੇ ਸੰਘਰਸ਼ ਦਾ ਪਾਠ ਵੀ ਦਰਜ ਹੈ। ਸੰਥਾਲ ਪ੍ਰਗਨਾ ਵਿਚ ਤਿਲਕਾ ਮਾਜੀ ਦੀ ਅਗਵਾਈ ਵਿਚ ਚੱਲੇ ਦਾਮਿਨ ਸੰਘਰਸ਼ ਦੇ 13 ਸਾਲ (1771-1784) ਦੌਰਾਨ ਉਨ੍ਹਾਂ ਦੀਆਂ ਵੀਰ ਗਾਥਾਵਾਂ ਪ੍ਰੇਰਨਾ ਦਾ ਸਰੋਤ ਰਹੀਆਂ ਹਨ। ਬੁੱਧੂ ਭਗਤ ਦੇ ਲਰਕਾ ਅੰਦੋਲਨ (1828 ਤੋਂ 1832) ਦੇ ਵੇਰਵੇ ਹੈਰਾਨ ਕਰਨ ਵਾਲੇ ਹਨ। ਸਿੱਧੂ ਮੁਰਮੂ ਤੇ ਕਾਨੂ ਮੁਰਮੂ ਦਾ ਵਿਦਰੋਹ (1855) ਝਾਰਖੰਡ ਦੇ ਸਾਸੀ ਤੇ ਆਦੀਵਾਸੀ ਯੋਧਿਆਂ ਦੇ ਸੰਘਰਸ਼ ਦੀ ਉਸ ਪਰੰਪਰਾ ਦੀ ਇਕ ਲੜੀ ਹੈ, ਜਿਸ ਦਾ ਸਿਖਰ ਬਿਰਸਾ ਮੁੰਡਾ ਤੇ ਉਨ੍ਹਾਂ ਦੇ ਉਲਗੁਲਾਨ (1894 ਤੋਂ 1900) ਵਿਚ ਦੇਖਿਆ ਜਾ ਸਕਦਾ ਹੈ। ਛੱਤੀਸਗੜ੍ਹ ਵਿਚ ਵੀਰ ਨਰਾਇਣ ਸਿੰਘ ਦੀ ਸ਼ਹਾਦਤ (1857) ਤੇ ਮੱਧ ਪ੍ਰਦੇਸ਼ ਦੇ ਨਿਮਾੜ ਦੇ ਘਣੇ ਜੰਗਲਾਂ ਵਿਚ ਰਹਿਣ ਵਾਲੇ ਟਾਂਟਿਆ ਭੀਲ ਦਾ ਬਲੀਦਾਨ (1889) ਆਦੀਵਾਸੀਆਂ ਦੀ ਅਜ਼ਾਦੀ ਦੇ ਪ੍ਰਤੀ ਸੰਘਰਸ਼ ਨੂੰ ਦਰਸਾਉਂਦੇ ਹਨ। ਅਜ਼ਾਦੀ ਦੇ ਅੰਦੋਲਨ ਦੇ ਇਤਿਹਾਸ ਵਿਚ ਅਜਿਹੇ ਸੈਂਕੜੇ ਉਦਾਹਰਣ ਪਏ ਹਨ, ਜੋ ਆਦੀਵਾਸੀਆਂ ਦੇ ਲਈ ਪਰੇਰਨਾ ਸਰੋਤ ਹਨ। ਇਨ੍ਹਾਂ ਦੀਆਂ ਦੰਦ ਕਥਾਵਾਂ, ਲੋਕ ਗੀਤ, ਲੋਕ ਸਾਹਿਤ ਅੱਜ ਵੀ ਜੀਵਤ ਹੈ। ਆਦੀਵਾਸੀਆਂ ਦੀ ਅਜ਼ਾਦੀ ਉਨ੍ਹਾਂ ਦੀ ਸਭਿਅਤਾ, ਜੰਗਲ ਤੇ ਭਾਸ਼ਾ ਦਾ ਜਿਉਂਦੇ ਰਹਿਣਾ ਹੈ। ਪਿਛਲੇ ਸਾਲ ਸੰਯੁਕਤ ਰਾਸ਼ਟਰ ਦੀ 'ਦਾ ਸਟੇਟ ਆਫ਼ ਦ ਵਰਲਡਜ਼ ਇੰਡੀਜਿਨਸ ਪੀਪਲਜ਼' ਨਾਮ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਮੂਲ ਨਿਵਾਸੀ ਤੇ ਆਦੀਵਾਸੀ ਜਾਤੀਆਂ ਭਾਰਤ ਸਹਿਤ ਸੰਪੂਰਨ ਵਿਸ਼ਵ ਵਿਚ ਆਪਣੀ ਜ਼ਮੀਨ, ਸੰਸਕ੍ਰਿਤੀ ਤੇ ਵਜੂਦ ਤੋਂ ਵਿਛੜ ਕੇ ਗਾਇਬ ਹੋਣ ਦੇ ਕਿਨਾਰੇ ਹਨ। ਰਿਪੋਰਟ ਦੇ ਮੁਤਾਬਕ ਖਨਨ ਕਾਰਜ ਦੇ ਕਾਰਨ ਹਰ ਰੋਜ਼ ਹਜ਼ਾਰਾਂ ਆਦੀਵਾਸੀ ਪਰਿਵਾਰ ਉਜੜ ਰਹੇ ਹਨ ਤੇ ਉਨ੍ਹਾਂ ਦੀ ਸਾਰ ਨਹੀਂ ਲਈ ਜਾ ਰਹੀ। ਉਜਾੜੇ ਕਾਰਨ ਉਨ੍ਹਾਂ ਵਿਚ ਗਰੀਬੀ, ਬਿਮਾਰੀ ਤੇ ਬੇਰੁਜ਼ਗਾਰੀ ਫੈਲ ਰਹੀ ਹੈ।

ਨੈਸ਼ਨਲ ਫੈਮਿਲੀ ਹੈਲਥ ਸਰਵੇ ਵਿਚ ਇਹ ਜਾਣਕਾਰੀ ਮਿਲਦੀ ਹੈ ਕਿ ਕੋਲਨ (ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ), ਕੋਰਗਾ (ਕਰਨਾਟਕ), ਚੋਲਾਨਾ ਨਾਇਕਨ (ਕੇਰਲਾ), ਮਲਪਹਾੜੀਆ (ਬਿਹਾਰ), ਕੋਟਾ (ਤਾਮਿਲਨਾਡੂ), ਬਿਰਹੋਰ (ਉੜੀਸਾ) ਅਤੇ ਸ਼ਾਪੈਨ (ਅੰਡੇਮਾਨ ਤੇ ਨਿਕੋਬਾਰ) ਦੇ ਸੰਵੇਦਨਸ਼ੀਲ ਆਦੀਵਾਸੀ ਸਮੂਹਾਂ ਦੀ ਸੰਖਿਆ ਘੱਟ ਰਹੀ ਹੈ ਤੇ ਆਦੀਵਾਸੀ ਬੱਚਿਆਂ ਦੀ ਮੌਤ ਦਰ ਰਾਸ਼ਟਰੀ ਔਸਤ ਤੋਂ ਦੁੱਗਣੇ ਪੱਧਰ 'ਤੇ ਪਹੁੰਚ ਗਈ ਹੈ। ਇਸ ਰਿਪੋਰਟ ਦੇ ਮੁਤਾਬਕ ਆਦੀਵਾਸੀ ਬੱਚਿਆਂ ਦੀ ਮੌਤ ਦਰ 35.8 ਫੀਸਦੀ ਹੈ। ਜਦ ਕਿ ਰਾਸ਼ਟਰੀ ਔਸਤ ਦਰ 18.4 ਫੀਸਦੀ ਹੈ। ਆਦੀਵਾਸੀਆਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਤੋਂ ਇਲਾਵਾ ਸਾਮਾਜਿਕ ਸਮੱਸਿਆਵਾਂ ਨੇ ਉਨ੍ਹਾਂ ਨੂੰ ਚੌਰਾਹੇ 'ਤੇ ਖੜਾ ਕਰ ਦਿੱਤਾ ਹੈ। ਆਦੀਵਾਸੀਆਂ ਦੀ ਸੰਸਕ੍ਰਿਤੀ ਤੇ ਸਭਿਅਤਾ 'ਤੇ ਦੂਸਰਾ ਹਮਲਾ ਕਾਰਪੋਰੇਟ ਜਗਤ ਦਾ ਹੈ। ਜੰਗਲ ਨੂੰ ਆਪਣੀ ਮਾਂ ਭੂਮੀ ਸਮਝਣ ਵਾਲੇ ਆਦੀਵਾਸੀਆਂ ਦੇ ਇਸ ਘਰ ਨੂੰ ਉਜਾੜੇ ਦਾ ਕਾਰਨ ਖੁਦ ਸਰਕਾਰਾਂ ਬਣ ਰਹੀਆਂ ਹਨ। ਜੰਗਲਾਂ ਨੂੰ ਕੱਟ ਕੇ ਤੇ ਫੂਕ ਕੇ ਉਸ ਭੂਮੀ ਨੂੰ ਯੋਜਨਾਬੱਧ ਢੰਗ ਨਾਲ ਕਾਰਪੋਰੇਟ ਜਗਤ ਨੂੰ ਸੌਂਪਿਆ ਜਾ ਰਿਹਾ ਹੈ। ਇਸ ਕਾਰਨ ਆਦੀਵਾਸੀ 1990 ਤੋਂ ਆਪਣੀ ਪਰੰਪਰਾਗਤ ਭੂਮੀ ਤੋਂ ਬੇਦਖਲ ਹੋ ਰਹੇ ਹਨ। ਆਦੀਵਾਸੀ ਰੁਜ਼ਗਾਰ ਦੇ ਸੰਕਟ ਨਾਲ ਜੂਝ ਰਹੇ ਹਨ ਤੇ ਨਾਲ ਹੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਜੇਕਰ ਵਿਕਸਤ ਦੇਸ ਅਮਰੀਕਾ ਦੀ ਗੱਲ ਕਰੀਏ ਤਾਂ ਇੱਥੇ ਆਮ ਆਦਮੀ ਦੀ ਤੁਲਨਾ ਵਿਚ ਜਨਜਾਤੀ ਭਾਈਚਾਰੇ ਦੇ ਲੋਕਾਂ ਨੂੰ ਟੀ.ਬੀ. ਹੋਣ ਦੀ ਸੰਭਾਵਨਾ 600 ਗੁਣਾ ਜ਼ਿਆਦਾ ਹੈ। ਉਨ੍ਹਾਂ ਵਿਚ ਆਤਮ-ਹੱਤਿਆ ਕਰਨ ਦੀ ਸੰਭਾਵਨਾ 62 ਫੀਸਦੀ ਤੋਂ ਜ਼ਿਆਦਾ ਹੈ। ਅਸਟਰੇਲੀਆ ਵਿਚ ਕਬੀਲਿਆਂ ਦਾ ਕੋਈ ਬੱਚਾ ਕਿਸੇ ਹੋਰ ਭਾਈਚਾਰੇ ਜਾਂ ਕੌਮ ਦੇ ਬੱਚੇ ਦੀ ਤੁਲਨਾ ਵਿਚ 20 ਸਾਲ ਪਹਿਲਾਂ ਮਰ ਜਾਂਦਾ ਹੈ। ਨੇਪਾਲ ਵਿਚ ਹੋਰ ਕੌਮਾਂ ਦੇ ਬੱਚਿਆਂ ਤੋਂ ਕਬੀਲਿਆਂ ਦੇ ਬੱਚਿਆਂ ਦੀ ਉਮਰ 20 ਸਾਲ, ਗਵਾਟੇਮਾਲ ਵਿਚ 13 ਸਾਲ ਤੇ ਨਿਊਜ਼ੀਲੈਂਡ ਵਿਚ 11 ਸਾਲ ਘੱਟ ਹੁੰਦੀ ਹੈ। ਅਰਥਾਤ ਉਹ ਘੱਟ ਉਮਰ ਭੋਗਦੇ ਹਨ। ਵਿਸ਼ਵ ਪੱਧਰ 'ਤੇ ਦੇਖੀਏ ਤਾਂ ਆਦੀਵਾਸੀ ਕਬੀਲਿਆਂ ਦੇ ਕੁਲ 50 ਫੀਸਦੀ ਲੋਕ ਟਾਈਪ-2 ਸ਼ੂਗਰ ਤੋਂ ਪੀੜਤ ਹਨ। ਆਦੀਵਾਸੀ ਭਾਈਚਾਰਾ ਭਾਸ਼ਾ ਤੇ ਸੰਕਟ ਨਾਲ ਵੀ ਜੂਝ ਰਿਹਾ ਹੈ। ਭਾਸ਼ਾ ਰਿਸਰਚ ਐਂਡ ਪਬਲੀਕੇਸ਼ਨ ਸੈਂਟਰ ਦੁਆਰਾ ਕੀਤੇ ਗਏ 'ਭਾਰਤੀ ਭਾਸ਼ਾਵਾਂ ਦੇ ਲੋਕ ਸਰੱਖਿਆ' ਦਾ ਅਧਿਐਨ ਦੱਸਦਾ ਹੈ ਕਿ ਪਿਛਲੇ 50 ਸਾਲਾਂ ਵਿਚ ਭਾਰਤ ਵਿਚ ਬੋਲੀਆਂ ਜਾਣ ਵਾਲੀਆਂ 850 ਭਾਸ਼ਾਵਾਂ ਵਿਚ ਤਕਰੀਬਨ 250 ਭਾਸ਼ਾਵਾਂ ਅਲੋਪ ਹੋ ਚੁੱਕੀਆਂ ਹਨ ਤੇ 139 ਤੋਂ ਜ਼ਿਆਦਾ ਭਾਸ਼ਾਵਾਂ ਦਾ ਵਜੂਦ ਖਤਰੇ ਵਿਚ ਹੈ।

ਅਲੋਪ ਹੋਣ ਵਾਲੀਆਂ ਭਾਸ਼ਾਵਾਂ ਵਿਚ ਜ਼ਿਆਦਾਤਰ ਆਦੀਵਾਸੀ ਦੁਆਰਾ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਹਨ। ਸੋਧ ਦੇ ਮੁਤਾਬਕ ਅਸਾਮ ਦੀ 55, ਮੇਘਾਲਿਆ ਦੀ 31, ਮਣੀਪੁਰ ਦੀ 28, ਨਾਗਾਲੈਂਡ ਦੀ 17, ਤ੍ਰਿਪੁਰਾ ਦੀਆਂ 10 ਭਾਸ਼ਾਵਾਂ ਅਲੋਪ ਹੋਣ ਦੇ ਕਿਨਾਰੇ ਹਨ। ਇਨ੍ਹਾਂ ਭਾਸ਼ਾਵਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਘੱਟਦੀ ਜਾ ਰਹੀ ਹੈ। ਸਿੱਕਮ ਵਿਚ ਮਾਝੀ ਬੋਲਣ ਵਾਲਿਆਂ ਦੀ ਸੰਖਿਆ ਸਿਰਫ ਚਾਰ ਰਹਿ ਗਈ ਹੈ। ਛੋਟੇ ਜਿਹੇ ਰਾਜ ਅਰੁਣਾਂਚਲ ਵਿਚ ਹੀ 90 ਤੋਂ ਜ਼ਿਆਦਾ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਸ ਤਰ੍ਹਾਂ ਉੜੀਸਾ ਵਿਚ 47, ਮਹਾਰਾਸ਼ਟਰ ਤੇ ਗੁਜਰਾਤ ਵਿਚ 50 ਤੋਂ ਜ਼ਿਆਦਾ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਜਿਸ ਕੌਮ ਜਾਂ ਕਬੀਲੇ ਦੀ ਭਾਸ਼ਾ ਖਤਮ ਹੋ ਜਾਂਦੀ ਹੈ, ਉਹ ਕਬੀਲਾ ਆਪਣੇ ਆਪ ਖਤਮ ਹੋ ਜਾਂਦਾ ਹੈ, ਕਿਉਂਕਿ ਭਾਸ਼ਾ ਹੀ ਕਿਸੇ ਕੌਮ ਕਬੀਲੇ ਦਾ ਮੁਖ ਆਧਾਰ ਹੁੰਦੀ ਹੈ। ਵਿਸ਼ਵ ਪੱਧਰ 'ਤੇ ਅੰਕੜਿਆਂ 'ਤੇ ਝਾਤੀ ਮਾਰੀਏ ਤਾਂ ਦੁਨੀਆਂ ਭਰ ਵਿਚ 189 ਭਾਸ਼ਾਵਾਂ ਅਜਿਹੀਆਂ ਹਨ, ਜੋ ਆਦੀਵਾਸੀ ਖੇਤਰਾਂ ਵਿਚ ਬੋਲੀ ਜਾਂਦੀਆਂ ਹਨ ਤੇ ਹੁਣ ਉਨ੍ਹਾਂ ਦੇ ਬੋਲਣ ਤੇ ਲਿਖਣ ਵਾਲੇ ਲੋਕਾਂ ਦੀ ਗਿਣਤੀ 12 ਤੋਂ ਵੀ ਘੱਟ ਰਹਿ ਗਈ ਹੈ। ਯੂਕਰੇਨ ਵਿਚ ਬੋਲੀ ਜਾਣ ਵਾਲੀ ਕੈਰਮ ਵੀ ਇਨ੍ਹਾਂ ਭਾਸ਼ਾਵਾਂ ਵਿਚ ਇਕ ਹੈ, ਜਿਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਸਿਰਫ਼ 6 ਰਹਿ ਗਈ ਹੈ। ਇੰਡੋਨੇਸ਼ੀਆ ਵਿਚ ਲੇਂਗਿਲੂ ਬੋਲਣ ਵਾਲਿਆਂ ਦੀ ਗਿਣਤੀ ਸਿਰਫ ਚਾਰ ਰਹਿ ਗਈ ਹੈ।

ਇਸ ਤਰ੍ਹਾਂ ਵਿਸ਼ਵ ਵਿਚ 178 ਭਾਸ਼ਾਵਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ 150 ਤੱਕ ਹੈ। ਪਰ ਇਹ ਕਿੱਡਾ ਵੱਡਾ ਦੁਖਾਂਤ ਹੈ ਕਿ ਇਸ ਵੰਨ ਸਵੰਨੀ ਭਾਸ਼ਾਵਾਂ ਤੇ ਸਭਿਆਚਾਰ ਨੂੰ ਬਚਾਉਣ ਦੀ ਕੋਈ ਠੋਸ ਪਹਿਲ ਨਹੀਂ ਕੀਤੀ ਜਾ ਰਹੀ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਲ, ਜੰਗਲ ਤੇ ਜ਼ਮੀਨ ਦੇ ਮਾਲਕ ਆਦਿਵਾਸੀ ਹਨ, ਜਿਨ੍ਹਾਂ ਨਾਲ ਉਨ੍ਹਾਂ ਦਾ ਵਜੂਦ ਤੇ ਅਜ਼ਾਦੀ ਜੁੜੀ ਹੋਈ ਹੈ। ਯੂਐਨਓ ਨੇ ਵੀ ਮੰਨਿਆ ਹੈ ਕਿ ਇਸ 'ਤੇ ਆਦੀਵਾਸੀਆਂ ਦਾ ਹੱਕ ਹੈ। ਇਹੀ ਨਹੀਂ ਜ਼ਮੀਨ ਦੇ ਅੰਦਰ ਖਣਿਜ ਦੇ ਮਾਲਕ ਆਦੀਵਾਸੀ ਹਨ। ਇਹ ਠੀਕ ਹੈ ਕਿ ਆਦੀਵਾਸੀਆਂ ਦਾ ਇਕ ਵਰਗ ਪੜ੍ਹ ਲਿਖ ਕੇ ਨੌਕਰੀਆਂ ਵਿਚ ਆਇਆ ਹੈ, ਪਰ ਉਹ ਆਦੀਵਾਸੀ ਸਮਾਜ ਦਾ ਚਿਹਰਾ ਨਹੀਂ ਹੈ, ਬਹੁਗਿਣਤੀ ਆਦੀਵਾਸੀ ਉਜਾੜੇ ਦਾ ਦੁਖਾਂਤ ਭੋਗ ਰਹੇ ਹਨ, ਕਿਉਂਕਿ ਉਨ੍ਹਾਂ ਦਾ ਜੰਗਲਾਂ 'ਤੇ ਅਧਿਕਾਰ ਨਹੀਂ ਰਿਹਾ। ਇਸ ਕਾਰਨ ਹੀ ਨਸਲਵਾਦ ਨੇ ਭਿਅੰਕਰ ਰੂਪ ਲਿਆ ਹੈ। ਸਰਕਾਰ ਨੂੰ ਇਸ ਸੰਬੰਧੀ ਡੂੰਘਿਆਈ ਨਾਲ ਵਿਚਾਰ ਕਰਨੀ ਹੋਵੇਗੀ ਤੇ ਆਦੀਵਾਸੀ ਕਬੀਲਿਆਂ ਦੇ ਹਿੱਤਾਂ ਦੀ ਰਾਖੀ ਕਰਨੀ ਹੋਵੇਗੀ।

# ਸਾਰਾਗੜ੍ਹੀ ਦੀ ਜੰਗ : ਬੇਮਿਸਾਲ ਬਹਾਦਰੀ ਦਾ ਕਿੱਸਾ



ਸੰਤੋਖ ਸਿੰਘ ਸੰਧ
+64 220 710 935


ਸਾਰਾਗੜ੍ਹੀ ਦਾ ਬਹਾਦਰੀ ਦਾ ਕਿੱਸਾ ਦੁਨੀਆਂ ਦੀਆਂ ਉਨ੍ਹਾਂ ਅੱਠ ਕਹਾਣੀਆਂ ਵਿੱਚੋਂ ਇੱਕ ਹੈ, ਜਿਹੜੀਆਂ UNESCO (United Nations Educational, Scientific and Cultural Organization) ਵੱਲੋਂ ਸਮੂਹਿਕ ਬਹਾਦਰੀ ਲਈ ਛਾਪੀਆਂ ਗਈਆਂ ਹਨ। ਇਹ ਘਟਨਾ ਦੁਨੀਆਂ ਦੀਆਂ ਆਪਣੀ ਕਿਸਮ ਦੀਆਂ ਸਭ ਤੋਂ ਪ੍ਰਮੁੱਖ ਪੰਜ ਘਟਨਾਵਾਂ ਵਿੱਚੋਂ ਇੱਕ ਹੈ, ਜਿਨ੍ਹਾਂ ਵਿੱਚ 480 ਬੀ.ਸੀ. ਦੀ Thermoplyae ਜੰਗ ਹੈ, ਜਿਸ ਵਿੱਚ Xerxes ਦੀ ਤਾਕਤਵਰ ਪਰਸੀਅਨ ਫੌਜ ਦੇ ਨਾਲ ਛੋਟੀ ਜਿਹੀ ਯੂਨਾਨੀ ਫੌਜੀ ਟੁਕੜੀ ਵੱਲੋਂ ਬਹਾਦਰੀ ਨਾਲ ਕੀਤਾ ਗਿਆ ਮੁਕਾਬਲਾ ਸ਼ਾਮਿਲ ਹੈ। ਸਾਰਾਗੜ੍ਹੀ ਦਾ ਕਿੱਸਾ 36 ਸਿੱਖ ਰੈਜਮੈਂਟ (ਜੋ ਕਿ ਇਸ ਵੇਲੇ 4 ਸਿੱਖ ਰੈਜਮੈਂਟ ਦੇ ਨਾਂ ਹੇਠ ਗਠਿਤ ਹੈ) ਦੇ ਉਨ੍ਹਾਂ 21 ਫੌਜੀ ਜਵਾਨਾਂ ਦੀ ਅਜ਼ੀਮ ਬਹਾਦਰੀ ਦੀ ਕਹਾਣੀ ਹੈ, ਜਿਨ੍ਹਾਂ ਨੇ ਆਪਣੀ ਡਿਊਟੀ ਦੀ ਪਾਲਣਾ ਕਰਦਿਆਂ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਦਿੱਤੀ ਸੀ।

ਸਿੱਖ ਕੌਮ ਦੁਨੀਆਂ ਦੀਆਂ ਪ੍ਰਮੁੱਖ ਕੌਮਾਂ ਵਿੱਚੋਂ ਉਮਰ ਅਤੇ ਆਕਾਰ ਵਿੱਚ ਸਭ ਤੋਂ ਛੋਟੀ ਕੌਮ ਹੈ, ਪਰ ਬਹਾਦਰੀ ਦੇ ਕਾਰਨਾਮਿਆਂ ਵਿੱਚ ਹੋਰ ਸਾਰੀਆਂ ਕੌਮਾਂ ਇਸਦੇ ਸਾਹਮਣੇ ਛੋਟੀਆਂ ਪੈ ਜਾਂਦੀਆਂ ਹਨ। ਇਸੇ ਕਰਕੇ ਸਿੱਖ ਦੁਨੀਆਂ ਦੇ ਜਹੜੇ ਵੀ ਕੋਨੇ ਵਿੱਚ ਰਹਿੰਦੇ ਹਨ ਉਥੇ ਸ਼ਾਨ ਤੇ ਮੜ੍ਹਕ ਨਾਲ ਸਿਰ ਉੱਚਾ ਕਰਕੇ ਵਿਚਰਦੇ ਹਨ। ਸ਼ਾਇਦ ਇਸੇ ਕਰਕੇ ਇਨ੍ਹਾਂ ਨੂੰ ਦੇਸ-ਵਿਦੇਸ ਵਿੱਚ ਈਰਖਾ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਪਾਕਿਸਤਾਨ, ਅਫਗਾਨਿਸਤਾਨ, ਇੰਗਲੈਂਡ, ਅਮਰੀਕਾ ਅਤੇ ਅਸਟ੍ਰੇਲੀਆ ਵਿੱਚ ਸਿੱਖ ਵਿਰੋਧੀ ਵਾਪਰਦੀਆਂ ਘਟਨਾਵਾਂ ਸ਼ੋਸ਼ਲ ਮੀਡੀਆ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਆਪਣੇ ਦੇਸ ਭਾਰਤ ਵਿੱਚ ਵੀ ਸਿੱਖਾਂ ਨੂੰ ਅਜਿਹੀਆਂ ਘਟਨਾਵਾਂ ਝੱਲਣੀਆਂ ਪੈਂਦੀਆਂ ਹਨ, ਜਿਸਦੀ ਮਿਸਾਲ ਸੰਨ 1984 ਦਾ ਸਿੱਖ-ਕਤਲੇਆਮ ਹੈ।

ਸਿੱਖਾਂ ਵੱਲੋਂ ਲੜੀਆਂ ਗਈਆਂ ਹੋਰ ਕਈ ਯੰਗਾਂ ਵਾਂਗ ਹੀ ਸਾਰਾਗੜ੍ਹੀ ਦੀ ਯੰਗ ਵੀ ਅਦੁੱਤੀ ਬਹਾਦਰੀ ਦਾ ਪ੍ਰਮਾਣ ਹੈ। ਇਸ ਯੰਗ ਵਿੱਚ ਮੁੱਠੀ ਭਰ, ਭਾਵ 21 ਸਿੱਖ ਫੌਜੀ ਜਵਾਨਾਂ ਨੇ ਉਨ੍ਹਾਂ 10-12 ਹਜ਼ਾਰ ਕਬਾਇਲੀ ਮੁਸਲਮਾਨਾਂ ਦਾ ਮੁਕਾਬਲਾ ਕੀਤਾ ਸੀ ਜਿਨ੍ਹਾਂ ਨੇ ਸਾਰਾਗੜ੍ਹੀ ਦੀ ਚੌਕੀ ਨੂੰ ਤਬਾਹ ਕਰਨ ਲਈ ਹਮਲਾ ਕੀਤਾ ਸੀ। ਸਾਰਾਗੜ੍ਹੀ ਦੀ ਚੌਕੀ ਹਿੰਦੂਕੁਸ਼ ਤੇ ਸੁਲੇਮਾਨ ਦੀਆਂ ਪਹਾੜੀਆਂ ਉਤੇ ਉਤਰ-ਪੱਛਮੀ ਸਰਹੱਦੀ ਸੂਬੇ ਵਿੱਚ ਤਾਇਨਾਤ ਫੌਜੀਆਂ ਦੀ ਕਬਾਇਲੀ ਲਸ਼ਕਰਾਂ ਤੋਂ ਸੁਰੱਖਿਆ ਕਰਨ ਲਈ ਬਰਤਾਨਵੀ ਹਕੂਮਤ ਵੱਲੋਂ ਉਸਾਰੇ ਗਏ ਦੋ ਕਿਲ੍ਹਿਆਂ-ਲਾਕਹਟ ਅਤੇ ਗੁਲਿਸਤਾਨ ਵਿਚਕਾਰ ਸੰਦੇਸ਼ ਪ੍ਰਕ੍ਰਿਆ ਨੂੰ ਚਾਲਿਤ ਰੱਖਣ ਲਈ ਕਾਇਮ ਕੀਤੀ ਗਈ ਸੀ। ਇਸ ਖਿੱਤੇ ਵਿੱਚ ਤਾਇਨਾਤ ਫੌਜੀਆਂ ਨਾਲ ਕਬਾਇਲੀਆਂ ਦੇ ਛੋਟੇ ਮੋਟੇ ਗਰੁੱਪਾਂ ਨਾਲ ਮੁੱਠਭੇੜਾਂ ਹੋਣੀਆਂ ਆਮ ਗੱਲ ਸੀ। ਕਈ ਵਾਰ ਗੰਭੀਰ ਮੁੱਠਭੇੜਾਂ ਵੀ ਹੁੰਦੀਆਂ ਸਨ। ਇਸ ਕਰਕੇ ਬ੍ਰਤਾਨਵੀ ਹਕੂਮਤ ਇਸ ਖਿੱਤੇ ਉਤੇ ਨਿਯੰਤ੍ਰਣ ਰੱਖਣ ਵਿੱਚ ਬਹੁਤੀ ਕਾਮਯਾਬ ਨਹੀਂ ਹੋਈ ਸੀ। ਇਸ ਲਈ ਸੰਦੇਸ਼ ਵਾਹਕਾਂ ਦੀ ਸੁਰੱਖਿਆ ਲਈ ਸਾਰਾਗੜ੍ਹੀ ਨਾਮੀ ਛੋਟੇ ਕਿਲ੍ਹੇ ਦੀ ਕਾਫੀ ਮਜ਼ਬੂਤ ਉਸਾਰੀ ਕੀਤੀ ਗਈ ਸੀ।

ਸੰਨ 1897 ਵਿੱਚ ਅਫਗਾਨੀਆਂ ਵੱਲੋਂ ਉਤਰ-ਪੱਛਮੀ ਸੂਬੇ ਦੇ ਕਬਾਲੀਆਂ ਦੇ ਗੁੱਸੇ ਨੂੰ ਅੰਗ੍ਰੇਜ਼ਾਂ ਵਿਰੁੱਧ ਵਰਤਣ ਲਈ ਇੱਕ ਆਮ ਬਗਾਵਤ ਸ਼ੁਰੂ ਕੀਤੀ ਗਈ। ਇਸ ਬਗਾਵਤ ਵਿੱਚ ਮੁਸਲਿਮ ਧਾਰਮਿਕ ਆਗੂਆਂ ਵੱਲੋਂ ਮੁੱਖ ਭੂਮਿਕਾ ਅਦਾ ਕੀਤੀ ਗਈ ਸੀ। ਲਾਕਹਟ ਅਤੇ ਗੁਲਿਸਤਾਨ ਦੇ ਕਿਲ੍ਹਿਆਂ ਦੀ ਰਖਵਾਲੀ 36 ਸਿੱਖ ਰੈਜਮੈਂਟ ਦੇ ਹਵਾਲੇ ਸੀ। ਓਰਾਕਜ਼ਈ ਅਤੇ ਅਫ਼ਰੀਦੀ ਲਸ਼ਕਰਾਂ ਨੇ ਗੁਲਿਸਤਾਨ ਕਿਲ੍ਹੇ ਉਤੇ 3 ਅਤੇ 9 ਸਤੰਬਰ, 1897 ਨੂੰ ਦੋ ਹਮਲੇ ਕੀਤੇ। ਉਨ੍ਹਾਂ ਦੇ ਦੋਹਾਂ ਹੀ ਹਮਲਿਆਂ ਨੂੰ ਨਾਕਾਮ ਬਣਾ ਦਿੱਤਾ ਗਿਆ। ਸਥਿਤੀ ਨੂੰ ਵੇਖਦੇ ਹੋਇਆਂ ਸਾਰਾਗੜ੍ਹੀ ਵਿਖੇ ਤਾਇਨਾਤ ਸੰਦੇਸ਼ ਵਾਹਕਾਂ ਦੀ ਸੁਰੱਖਿਆਂ ਲਈ ਲਾਕਹਟ ਕਿਲ੍ਹੇ ਤੋਂ ਇੱਕ ਫੌਜੀ ਦਸਤਾ ਭੇਜਿਆ ਗਿਆ। ਇਸ ਦਸਤੇ ਵਿੱਚ ਇੱਕ ਹੌਲਦਾਰ, ਇੱਕ ਨਾਇਕ, ਇੱਕ ਲਾਂਸ ਨਾਇਕ ਅਤੇ ਅਠਾਰਾਂ ਸਿਪਾਹੀ ਸ਼ਾਮਿਲ ਸਨ। ਬੰਗਾਲ ਇਨਫੈਂਟਰੀ ਦੀ 36 ਸਿੱਖ ਰੈਜਮੈਂਟ ਦੇ ਇਨ੍ਹਾਂ ਬਹਾਦਰ ਸਿੱਖ ਸ਼ਹੀਦ ਸੈਨਿਕਾਂ ਦੀ ਯਾਦ ਵਿੱਚ ਭਾਰਤ ਸਰਕਾਰ ਵੱਲੋਂ ਇੱਕ ਯਾਦਗਾਰ ਦੀ ਉਸਾਰੀ ਕਰਵਾਈ ਗਈ ਹੈ ਜਿਸ ਉਤੇ ਇਨ੍ਹਾਂ ਦੇ ਨਾਮ ਉਕਰੇ ਗਏ ਹਨ।

| ਰੈ. ਨੰਬਰ | ਰੈਂਕ | ਨਾਮ | ਰੈ. ਨੰਬਰ | ਰੈਂਕ | ਨਾਮ |
|---|---|---|---|---|---|
| 165 | ਹੌਲਦਾਰ | ਈਸ਼ਰ ਸਿੰਘ | 814 | ਸਿਪਾਹੀ | ਗੁਰਮੁਖ ਸਿੰਘ |
| 332 | ਨਾਇਕ | ਲਾਲ ਸਿੰਘ | 834 | ਸਿਪਾਹੀ | ਨਰਾਇਣ ਸਿੰਘ |
| 546 | ਲਾਂਸ ਨਾਇਕ | ਚੰਦਾ ਸਿੰਘ | 871 | ਸਿਪਾਹੀ | ਜੀਵਨ ਸਿੰਘ |
| 163 | ਸਿਪਾਹੀ | ਰਾਮ ਸਿੰਘ | 1221 | ਸਿਪਾਹੀ | ਨੰਦ ਸਿੰਘ |
| 182 | ਸਿਪਾਹੀ | ਸਾਹਿਬ ਸਿੰਘ | 1257 | ਸਿਪਾਹੀ | ਭਗਵਾਨ ਸਿੰਘ |
| 287 | ਸਿਪਾਹੀ | ਰਾਮ ਸਿੰਘ | 1265 | ਸਿਪਾਹੀ | ਭਗਵਾਨ ਸਿੰਘ |
| 359 | ਸਿਪਾਹੀ | ਹੀਰਾ ਸਿੰਘ | 1321 | ਸਿਪਾਹੀ | ਸੁੰਦਰ ਸਿੰਘ |
| 492 | ਸਿਪਾਹੀ | ਉਤਰ ਸਿੰਘ | 1556 | ਸਿਪਾਹੀ | ਬੂਟਾ ਸਿੰਘ |
| 687 | ਸਿਪਾਹੀ | ਦਇਆ ਸਿੰਘ | 1651 | ਸਿਪਾਹੀ | ਜੀਵਨ ਸਿੰਘ |
| 760 | ਸਿਪਾਹੀ | ਜੀਵਨ ਸਿੰਘ | 1733 | ਸਿਪਾਹੀ | ਗੁਰਮੁਖ ਸਿੰਘ |
| 791 | ਸਿਪਾਹੀ | ਭੋਲਾ ਸਿੰਘ | | | |



ਫਿਰ 12 ਸਤੰਬਰ, 1897 ਨੂੰ ਕਬਾਇਲੀ ਲਸ਼ਕਰਾਂ ਨੇ ਤੀਸਰਾ ਹਮਲਾ ਲਾਕਹਟ ਕਿਲ੍ਹੇ ਅਤੇ ਸਾਰਾਗੜ੍ਹੀ ਚੌਕੀ ਉਤੇ ਕੀਤਾ। ਉਨ੍ਹਾਂ ਦਾ ਮਕਸਦ ਸੀ ਕਿ ਲਾਕਹਟ ਕਿਲ੍ਹੇ ਤੋਂ ਸਾਰਾਗੜ੍ਹੀ ਚੌਕੀ ਵਾਸਤੇ ਕੋਈ ਸੈਨਿਕ ਮਦਦ ਨਾ ਪਹੁੰਚ ਸਕੇ ਅਤੇ ਚੌਕੀ ਨੂੰ ਤਬਾਹ ਕਰ ਦਿੱਤਾ ਜਾਵੇ ਤਾਂ ਜੋ ਲਾਕਹਟ ਅਤੇ ਗੁਲਿਸਤਾਨ ਕਿਲ੍ਹਿਆਂ ਵਿਚਕਾਰ ਸੰਦੇਸ਼ ਸੰਚਾਰ ਦੀ ਪ੍ਰਣਾਲੀ ਖ਼ਤਮ ਹੋ ਜਾਵੇ। ਫਿਰ ਵਾਰੀ ਵਾਰੀ ਕਿਲ੍ਹਿਆਂ ਉਤੇ ਹਮਲੇ ਕੀਤੇ ਜਾਣੇ ਸੌਖੇ ਹੋ ਜਾਣਗੇ। ਇਸ ਹਮਲੇ ਸਮੇਂ 36 ਸਿੱਖ ਰੈਜਮੈਂਟ ਦਾ ਕਮਾਂਡਿੰਗ ਅਫਸਰ ਲੈਫ. ਕਰਨਲ ਹੌਘਨ ਲਾਕਹਟ ਕਿਲ੍ਹੇ ਵਿੱਚ ਮੌਜੂਦ ਸੀ। ਉਹ ਹੈਲੀਗ੍ਰਾਫੀ ਸੰਚਾਰ ਮਾਧਿਅਮ ਰਾਹੀਂ ਸਾਰਾਗੜ੍ਹੀ ਚੌਕੀ ਨਾਲ ਜੁੜਿਆ ਹੋਇਆ ਸੀ। ਚੌਕੀ ਦੇ ਰਾਖਿਆਂ ਨੇ ਆਪਣੇ ਕਮਾਂਡਰ ਹੌਲਦਾਰ ਈਸ਼ਰ ਸਿਘ ਦੀ ਦ੍ਰਿੜ ਅਤੇ ਹੌਸਲਾ ਭਰਪੂਰ ਅਗਵਾਈ ਹੇਠ ਆਪਣੀ ਕੌਮ ਅਤੇ ਰੈਜਮੈਂਟ ਦੀਆਂ ਸਰਵੁਤਮ ਰਵਾਇਤਾਂ ਅਨੁਸਾਰ ਚੌਕੀ ਦੀ ਰਾਖੀ ਕਰਨ ਦਾ ਰਸਤਾ ਚੁਣਿਆ। ਉਨ੍ਹਾਂ ਨੂੰ ਪਤਾ ਸੀ ਕਿ ਪੱਥਰ ਅਤੇ ਗਾਰੇ ਦੀ ਚਿਣਾਈ ਨਾਲ ਉਸਾਰੀਆਂ ਚੌਕੀ ਦੀਆਂ ਦੀਵਾਰਾਂ ਅਤੇ ਲੱਕੜੀ ਦਾ ਦਰਵਾਜ਼ਾ ਹਜ਼ਾਰਾਂ ਦੀ ਗਿਣਤੀ ਵਾਲੇ ਕਬਾਇਲੀ ਹਮਲਾਵਰਾਂ ਮੂਹਰੇ ਬਹੁਤੇ ਸੁਰੱਖਿਅਤ ਨਹੀਂ ਹਨ। ਫਿਰ ਵੀ ਉਨ੍ਹਾਂ ਨੇ ਚੌਕੀ ਨੂੰ ਦੁਸ਼ਮਣ ਦੇ ਹਵਾਲੇ ਕਰਕੇ ਆਪ ਕਿਸੇ ਸੁਰੱਖਿਅਤ ਜਗ੍ਹਾ ਵੱਲ ਜਾਣ ਨੂੰ ਤਰਜੀਹ ਨਾ ਦਿੱਤੀ। ਉਨ੍ਹਾਂ ਨੇ ਆਖਿਰੀ ਦਮ ਤੱਕ ਦੁਸ਼ਮਣ ਨਾਲ ਲੜਨ ਦਾ ਰਸਤਾ ਅਪਨਾਇਆ।

ਚੌਕੀ ਨੂੰ ਘੇਰਾ ਪਾ ਕੇ ਬੈਠੇ 10 -12 ਹਜ਼ਾਰ ਕਬਾਲੀਆਂ ਨੇ ਤੜਕਸਾਰ ਚੌਕੀ ਨੂੰ ਢਾਹੁਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਸਿੱਖ ਰੈਜਮੈਂਟ ਦੇ ਉਨ੍ਹਾਂ ਬਹਾਦਰ ਸੈਨਿਕਾਂ ਵੱਲੋਂ ਬਾਗੀਆਂ ਦੀਆਂ ਨਾਪਾਕ ਕੋਸ਼ਿਸ਼ਾਂ ਦੇ ਮੂੰਹ ਤੋੜ ਜਵਾਬ ਦਿੱਤੇ ਗਏ। ਬਾਗੀਆਂ ਦੀ ਕੋਈ ਪੇਸ਼ ਨਾ ਜਾਂਦੀ ਵੇਖ ਕੇ ਉਨ੍ਹਾਂ ਦੇ ਆਗੂਅ ਨੇ ਸੈਨਿਕਾਂ ਨੂੰ ਲਾਲਚ ਦੇਣੇ ਸ਼ੁਰੂ ਕੀਤੇ ਅਤੇ ਕਿਹਾ ਕਿ ਉਹ ਆਤਮ ਸਮਰਪਨ ਕਰਕੇ ਆਪਣੀਆਂ ਜ਼ਾਨਾਂ ਬਚਾ ਸਕਦੇ ਹਨ। ਪਰ ਹੌਲਦਾਰ ਈਸ਼ਰ ਸਿੰਘ ਅਤੇ ਉਸਦੇ ਸਾਥੀਆਂ ਨੇ ਦੁਸ਼ਮਣ ਦੀਆਂ ਲੁਭਾਉਣੀਆਂ ਚਾਲਾਂ ਨੂੰ ਅਣਗੌਲਿਆਂ ਕਰਦਿਆਂ ਉਨ੍ਹਾਂ ਨਾਲ ਮੁਕਾਬਲਾ ਕਰਨਾ ਜਾਰੀ ਰੱਖਿਆ। ਲਾਕਹਟ ਕਿਲ੍ਹੇ ਤੋਂ ਸਾਰਾਗੜ੍ਹੀ ਦੇ ਸੈਨਿਕਾਂ ਦੀ ਮਦਦ ਲਈ ਸੈਨਿਕ ਦਸਤਾ ਭੇਜਣ ਦੀਆਂ ਕੁਝ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਬਾਗੀਆਂ ਨੇ ਕਾਮਯਾਬ ਨਾ ਹੋਣ ਦਿੱਤੀਆਂ। ਸਾਰਾਗੜ੍ਹੀ ਵਿਖੇ ਬਾਗੀਆਂ ਨੇ ਚੌਕੀ ਦੇ ਮੁੱਖ ਦਰਵਾਜ਼ੇ ਤੱਕ ਪਹੁੰਚਣ ਦੇ ਦੋ ਭਰਪੂਰ ਯਤਨ ਕੀਤੇ ਪਰ ਚੌਕੀ ਦੇ ਰਾਖੇ ਸੇਨਿਕਾਂ ਨੇ ਨਾਕਾਮ ਕਰ ਦਿੱਤੇ। ਇਨ੍ਹਾਂ ਕੋਸ਼ਿਸ਼ਾਂ ਵਿੱਚ ਦੁਸ਼ਮਣ ਦਾ ਭਾਰੀ ਜ਼ਾਨੀ ਨੁਕਸਾਨ ਹੋਇਆ। ਦੋਹਾਂ ਪਾਸਿਆਂ ਤੋਂ ਭਾਰੀ ਗੋਲੀਬਾਰੀ ਕੀਤੀ ਜਾ ਰਹੀ ਸੀ। ਸੈਨਿਕਾਂ ਕੋਲ ਅਸਲੇ ਦੀ ਘਾਟ ਹੋਈ ਜਾ ਰਹੀ ਸੀ। ਸਿਪਾਹੀ ਗੁਰਮੁਖ ਸਿੰਘ ਮੁੱਖ ਦਫ਼ਤਰ ਨੂੰ ਹਾਲਾਤ ਦੀ ਮਿੰਟ ਮਿੰਟ ਦੀ ਖ਼ਬਰ ਭੇਜ ਰਿਹਾ ਸੀ। ਬਾਗੀਆਂ ਨੇ ਜਦੋਂ ਚੌਕੀ ਉਤੇ ਕੀਤੇ ਜਾ ਰਹੇ ਹਮਲੇ ਨਾਕਾਮ ਹੁੰਦੇ ਵੇਖੇ ਤਾਂ ਉਨ੍ਹਾਂ ਨੇ ਆਸ ਪਾਸ ਦੀਆਂ ਝਾੜੀਆਂ ਨੂੰ ਅੱਗ ਲਾ ਦਿੱਤੀ। ਧੂੰਏਂ ਦੀ ਆੜ ਵਿੱਚ ਕੁਝ ਬਾਗੀ ਚੌਕੀ ਦੀ ਪਿਛਲੀ ਦੀਵਾਰ ਦੇ ਕੋਲ ਪਹੁੰਚ ਗਏ, ਜਿੱਥੋਂ ਕਿ ਉਹ ਸੈਨਿਕਾਂ ਦੇ ਨਜ਼ਰੀਂ ਨਹੀਂ ਪੈਂਦੇ ਸਨ। ਉਨ੍ਹਾਂ ਨੇ ਚੌਕੀ ਦੀ ਦੀਵਾਰ ਵਿੱਚ ਮਘੋਰਾ ਕਰ ਦਿੱਤਾ। ਲਾਕਹਟ ਕਿਲ੍ਹੇ ਵਿੱਚੋਂ ਦੁਸ਼ਮਣ ਦੀ ਇਸ ਕੋਸ਼ਿਸ਼ ਨੂੰ ਨੋਟ ਕੀਤਾ ਗਿਆ ਅਤੇ ਚੌਕੀ ਦੇ ਰਾਖੇ ਸੈਨਿਕਾਂ ਨੂੰ ਇਸ ਬਾਰੇ ਅਗਾਹ ਕੀਤਾ ਗਿਆ। ਕੁਝ ਸੈਨਿਕ ਤੁਰੰਤ ਉਸ ਮਘੋਰੇ ਵੱਲ ਭੇਜੇ ਗਏ। ਬਾਗੀ ਵੀ ਚੌਕੀ ਦੇ ਮੁੱਖ ਦਰਵਾਜ਼ੇ ਅਤੇ ਉਸ ਮਘੋਰੇ ਵੱਲ ਵਧ ਆਏ। ਫਿਰ ਹੱਥੋ-ਹੱਥੀ ਦੀ ਲੜਾਈ ਸ਼ੁਰੂ ਹੋ ਗਈ। ਇੱਕ ਸਿਪਾਹੀ ਜੋ ਕਿ ਗੰਭੀਰ ਜ਼ਖਮੀ ਹੋ ਗਿਆ ਸੀ ਅਤੇ ਉਸਦੇ ਬਦਨ ਵਿੱਚੋਂ ਖੂਬ ਖੂੰਨ ਵਹਿ ਰਿਹਾ ਸੀ, ਨੇ ਗਾਰਡ ਰੂਮ ਦੀ ਜਿੰਮੇਂਵਾਰੀ ਸੰਭਾਲ ਲਈ। ਜਦ ਦੁਸ਼ਮਣ ਦੇ ਕੁਝ ਬੰਦੇ ਉਸ ਵੱਲ ਵਧ ਰਹੇ ਸਨ ਤਾਂ ਉਸਨੇ ਉਥੋਂ ਹੀ ਗੋਲੀ ਚਲਾ ਕੇ ਚਾਰ ਬਾਗੀ ਢੇਰ ਕਰ ਦਿੱਤੇ। ਲਾਕਹਟ ਕਿਲ੍ਹੇ ਵਿੱਚੋਂ ਕਮਾਂਡਿੰਗ ਅਫਸਰ ਹੌਘਨ ਅਤੇ ਦੂਸਰੇ ਅਧਿਕਾਰੀ ਸਾਰਾਗੜ੍ਹੀ ਵਿੱਚ ਮੁੱਠੀ ਭਰ ਸੈਨਿਕਾਂ ਵੱਲੋਂ ਕੀਤੇ ਜਾ ਰਹੇ ਬੇਮਿਸਾਲ ਬਹਾਦਰੀ ਦੇ ਕਾਰਨਾਮਿਆਂ ਨੂੰ ਨੋਟ ਕਰ ਰਹੇ ਸਨ। ਹੱਥੋ-ਹੱਥੀ ਦੀ ਇਹ ਲੜਾਈ ਹੈਲੀਗ੍ਰਾਫੀ ਸੰਚਾਰ ਪ੍ਰਣਾਲੀ ਉਤੇ ਬੈਠੇ ਹੋਏ ਸਿਪਾਹੀ ਗੁਰਮੁਖ ਸਿੰਘ ਤੱਕ ਪਹੁੰਚ ਗਈ। ਉਸਨੇ ਮੁਖ ਦਫ਼ਤਰ ਤੋਂ ਸੰਚਾਰ ਮਾਧਿਅਮ ਨੂੰ ਬੰਦ ਕਰਨ ਦੀ ਅਗਿਆ ਲੈ ਕੇ ਆਪਣੀ ਬੰਦੂਕ ਉਠਾਈ, ਉਸ ਉਤੇ ਬਾਇਨਟ ਲਗਾਈ ਅਤੇ ਬਾਗੀਆਂ ਉਤੇ ਇੰਝ ਝਪਟ ਪਿਆ ਜਿਵੇਂ ਸ਼ੇਰ ਆਪਣੇ ਸ਼ਿਕਾਰ ਉਤੇ ਝਪਟਦਾ ਹੈ। ਉਹ ਦੁਸ਼ਮਣ ਦੇ 20 ਬੰਦਿਆਂ ਨੂੰ ਮੌਤ ਦੇ ਘਾਟ ਉਤਾਰਦਾ ਹੋਇਆ ਵੀਰ ਗੱਦੀ ਨੂੰ ਪ੍ਰਾਪਤ ਹੋ ਗਿਆ।

ਬਾਗੀਆਂ ਨੇ ਹੁਣ ਚੌਕੀ ਨੂੰ ਅੱਗ ਲਗਾ ਦਿੱਤੀ। ਚੌਕੀ ਦੇ ਰਾਖੇ ਸਾਰੇ ਸੈਨਿਕ ਵੀਰ ਗੱਦੀ ਨੂੰ ਪ੍ਰਾਪਤ ਹੋ ਗਏ ਸਨ। ਅਗਲੇ ਦਿਨ ਰਾਹਤ ਦਸਤਾ ਵੀ ਚੌਕੀ 'ਤੇ ਪਹੁੰਚ ਗਿਆ। ਉਸ ਦਸਤੇ ਨੇ ਚੌਕੀ ਦੇ ਸ਼ਹੀਦ ਸੈਨਿਕਾਂ ਦੀ ਵੀਰਤਾ ਭਰੀ ਲੜਾਈ ਦੇ ਸਾਰੇ ਨਿਸ਼ਾਨ ਵੇਖੇ। ਇਸ ਲੜਾਈ ਵਿੱਚ 180 ਬਾਗੀ ਮਾਰੇ ਗਏ ਅਤੇ ਅਣਗਿਣਤ ਜ਼ਖਮੀ ਹੋ ਗਏ ਸਨ। ਬ੍ਰਤਾਨਵੀ ਸੰਸਦ ਵਿੱਚ ਕੁਝ ਮੈਂਬਰਾਂ ਵੱਲੋ ਜਦੋਂ ਇਨ੍ਹਾਂ ਸ਼ਹੀਦ ਸੈਨਿਕਾਂ ਦੀ ਬਹਾਦਰੀ ਦੀ ਦਾਸਤਾਨ ਸੁਣਾਈ ਗਈ ਤਾਂ ਸਾਰੇ ਸੰਸਦ ਮੈਂਬਰਾਂ ਨੇ ਖੜੇ ਹੋ ਕੇ ਇਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਦਿੱਤੀ। ਮਹਾਰਾਣੀ ਵਿਕਟੋਰੀਆ ਨੂੰ ਵੀ ਬੇਮਿਸਾਲ ਬਹਾਦਰੀ ਦੀ ਇਹ ਕਹਾਣੀ ਸੁਣਾਈ ਗਈ।ਸਮੁੱਚੇ ਵਿਸ਼ਵ ਵੱਲੋਂ ਇਨ੍ਹਾਂ ਸੈਨਿਕਾਂ ਦੀ ਬਹਾਦਰੀ ਦੀ ਸਰਾਹਨਾ ਕੀਤੀ ਗਈ। ਇਨ੍ਹਾਂ ਸਾਰੇ 21 ਸੈਨਿਕਾਂ ਨੂੰ ਮਰਨ ਉਪਰੰਤ Indian Order of Merit Class III ਦਾ ਸਨਮਾਨ ਦਿੱਤਾ ਗਿਆ। ਇਹ ਸਨਮਾਨ ਭਾਰਤੀ ਫੌਜ ਦੇ ਮੌਜੂਦਾ ਸਨਮਾਨ ਵੀਰ ਚੱਕਰ ਦੇ ਬਰਾਬਰ ਦਾ ਹੈ। ਇਸ ਜੰਗ ਦੇ ਹਰੇਕ ਬਹਾਦਰ ਸ਼ਹੀਦ ਸੈਨਿਕ ਦੇ ਆਸ਼ਰਿਤਾਂ ਨੂੰ 50 - 50 ਏਕੜ ਜ਼ਮੀਨ ਅਤੇ 500 ਰੁਪਏ ਦੀ ਰਾਸ਼ੀ ਦਿੱਤੀ ਗਈ। ਇਸਤੋਂ ਪਹਿਲਾਂ ਜਾਂ ਬਾਅਦ ਵਿੱਚ ਸੈਨਿਕਾਂ ਦੇ ਕਿਸੇ ਵੀ ਗਰੁੱਪ ਨੇ ਇੱਕੋ ਕਾਰਵਾਈ ਵਿੱਚ ਬਹਾਦਰੀ ਦਾ ਅਜਿਹਾ ਸਨਮਾਨ ਹਾਸਿਲ ਨਹੀਂ ਕੀਤਾ। ਦਰਅਸਲ ਭਾਰਤੀ ਫੌਜ ਦੇ ਬਹਾਦਰੀ ਦੇ ਇਤਿਹਾਸਕ ਕਾਰਨਾਮਿਆਂ ਵਿੱਚ 36 ਸਿੱਖ ਰੈਜਮੈਂਟ ਦਾ ਇਹ ਇੱਕ ਅਜ਼ੀਮ ਕਾਰਨਾਮਾ ਹੈ।

# ਸ਼ਿਕਾਗੋ ਕਬੱਡੀ ਕੱਪ ’ਤੇ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਬਣੀ ਚੈਂਪੀਅਨ

## ਦਲਜੀਤ ਸੌਸਪੁਰ ਅਤੇ ਚੰਨਾ ਭੇਟਾਵਾਲਾ ਬਣੇ ਟੂਰਨਾਮੈਂਟ ਦੇ ਸਰਵੋਤਮ ਖਿਡਾਰੀ

ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਮੇਰੀ ਅਮਰੀਕਾ-ਕੈਨੇਡਾ ਦੀ ਯਾਤਰਾ ਦੌਰਾਨ ਮੈਨੂੰ ਸ਼ਿਕਾਗੋ ਦਾ ਖੇਡ ਮੇਲਾ ਦੇਖਣਾ ਨਸੀਬ ਹੋਇਆ। ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵੱਲੋਂ ਕਰਾਏ ਗਏ ਕਬੱਡੀ ਕੱਪ ਅਤੇ ਵਾਲੀਬਾਲ ਟੂਰਨਾਮੈਂਟ ’ਚ ਦੁਨੀਆ ਦੇ ਨਾਮੀ ਖਿਡਾਰੀ ਅਤੇ ਨਾਮੀ ਟੀਮਾਂ ਨੇ ਹਿੱਸਾ ਲਿਆ। ਇਸ ਟੂਰਨਾਮੈਂਟ ਦੇ ਪ੍ਰਬੰਧਕਾਂ ’ਚ ਚੇਅਰਮੈਨ ਅਮਰਜੀਤ ਸਿੰਘ ਢੀਡਸਾ ਤੇ ਪ੍ਰਧਾਨ ਦਰਸ਼ਨ ਸਿੰਘ ਪੰਮਾ, ਪਰਵਿੰਦਰ ਸਿੰਘ ਵਾਲੀਆ, ਦੀਪਾ ਬਦੇਸ਼ਾਂ, ਵਿੱਕੀ ਸ਼ੰਮੀਪੁਰੀਆ, ਅਵਤਾਰ ਤਾਰੀ ਡੱਬ੍ਹ ਅਤੇ ਉਨ੍ਹਾਂ ਦੇ ਸਾਥੀਆਂ ਦੀ ਪੂਰੀ ਟੀਮ ਨੇ ਇਸ ਟੂਰਨਾਮੈਂਟ ਦੀ ਕਾਮਯਾਬੀ ਵਿਚ ਆਪਣੀ ਵਿਲੱਖਣ ਭੂਮਿਕਾ ਨਿਭਾਈ।

ਕਬੱਡੀ ਦੀਆਂ ਖੇਡੀਆਂ ਚਾਰ ਟੀਮਾਂ ਵਿਚ ਪੰਜਾਬ ਸਪੋਰਟਸ ਕਲੱਬ ਸਿਆਟਲ, ਸ਼ੇਰੇ ਪੰਜਾਬ ਸਪੋਰਟਸ ਕਲੱਬ ਕੈਲੀਫੋਰਨੀਆ, ਬਾਬਾ ਮੱਖਣ ਸ਼ਾਹ ਲੁਬਾਣਾ ਸਪੋਰਟਸ ਕਲੱਬ ਸਾਊਥ ਵਿੰਗ, ਸ਼ੇਰੇ ਪੰਜਾਬ ਸ਼ਿਕਾਗੋ ਸਮੇਤ ਚਾਰ ਟੀਮਾਂ ਖੇਡੀਆਂ। ਕਬੱਡੀ ਦਾ ਫਾਈਨਲ ਮੁਕਾਬਲਾ ਮੁੱਖ ਖਿੱਚ ਦਾ ਕੇਂਦਰ ਰਿਹਾ। ਜਿਸ ਵਿਚ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਨੇ ਸ਼ੇਰੇ ਪੰਜਾਬ ਕੈਲੀਫੋਰਨੀਆ ਨੂੰ 41-35 ਨਾਲ ਧੋਬੀ ਪਟਕਾ ਮਾਰਿਆ। ਇਹ ਮੁਕਾਬਲਾ ਬਹੁਤ ਹੀ ਰੁਮਾਂਚਕ ਤੇ ਫਸਵਾਂ ਰਿਹਾ। ਭਾਵੇਂ ਅੰਕਾਂ ਦੀ ਬੜ੍ਹਤ ਲੈਣ ਦੀ ਸ਼ੁਰੂਆਤ ਸ਼ੇਰੇ ਪੰਜਾਬ ਕਲੱਬ ਨੇ ਕੀਤੀ, ਪਰ ਸਿਆਟਲ ਵਾਲਿਆਂ ਨੇ ਲਗਾਤਾਰ ਜੱਫੇ ਮਾਰਦਿਆਂ ਅਖੀਰ ਮੈਚ ਦਾ ਪਾਸਾ ਪਲਟਿਆ। ਜੇਤੂ ਟੀਮ ਵੱਲੋਂ ਸਾਬਕਾ ਕਬੱਡੀ ਸਟਾਰ ਤੇ ਪ੍ਰੀਤਮ ਸਿੰਘ ਸੌਸਪੁਰੀਆ ਦੇ ਮੁੰਡੇ ਦਲਜੀਤ ਸਿੰਘ ਦੱਲੀ ਨੇ 22 ਕਬੱਡੀਆਂ ਪਾਉਂਦਿਆਂ ਇੱਕ ਵਾਰ ਵੀ ਜੱਫਾ ਨਹੀਂ ਖਾਧਾ। ਜਦਕਿ ਬੁਢਾਪੇ ਦੀ ਜਵਾਨੀ ’ਚ ਖੇਡ ਰਹੇ ਗੁਰਲਾਲ ਘਨੌਰ ਨੇ ਬਾ-ਕਮਾਲ ਖੇਡੀ, 13 ਕਬੱਡੀਆਂ ਪਾਈਆਂ ਤੇ 13 ਵਿਚ ਹੀ ਉਹ ਸਫਲ ਰਿਹਾ। ਇਸਤੋਂ ਇਲਾਵਾ ਗੁਰਮੀਤ ਮੰਡੀਆਂ, ਸੁੱਖੀ ਲੱਖਣਕੇ ਪੱਡਾ ਅਤੇ ਬਾਨਾ ਧਾਲੀਵਾਲ ਦਾ ਕਬੱਡੀ ਹੁਨਰ ਖੂਬ ਚਮਕਿਆ, ਜਦਕਿ ਜਾਫੀਆਂ ’ਚ ਸੁੱਖਾ ਭੰਡਾਲ, ਚੰਨਾ ਭੇਟਾਵਾਲਾ, ਤੋਤਾ ਮੱਲ੍ਹੀਆਂ, ਜਿੰਦਰ ਰੱਕੜਾਂ,





ਬਲਜੀਤ ਭੁੱਲਰ, ਨੇ ਜੱਫੇ ਲਾ ਕੇ ਟੂਰਨਾਮੈਂਟ ’ਚ ਵੱਖਰੀ ਖਿੱਚ ਪੈਦਾ ਕੀਤੀ। ਜਦਕਿ ਕੈਲੀਫੋਰਨੀਆ ਵੱਲੋਂ ਜੱਗਾ ਰੰਧਾਵਾ, ਰਵੀ ਆਲੋਵਾਲ, ਮਨਿੰਦਰ ਕਿਸ਼ਨਪੁਰਾ, ਬਿੱਲਾ ਖੁੱਡਾ, ਮੰਨਾ ਲੱਸੜ, ਆਦਿ ਖਿਡਾਰੀਆਂ ਦੀ ਅਣਥੱਕ ਮਿਹਨਤ ਵੀ ਮੈਚ ਜਿਤਾ ਨਾ ਸਕੀ। ਅਖੀਰ, ਦਲਜੀਤ ਦੱਲੀ ਸੌਸਪੁਰ ਨੂੰ ਟੂਰਨਾਮੈਂਟ ਦਾ ਵਧੀਆ ਧਾਵੀ ਅਤੇ ਚੰਨਾ ਭੇਟਾਵਾਲਾ ਨੂੰ ਵਧੀਆ ਜਾਫੀ ਐਲਾਨਿਆ ਗਿਆ। ਉੱਘੇ ਖੇਡ ਕੁਮੈਂਟੇਟਰ ਮੱਖਣ ਅਲੀ ਨੇ ਆਪਣੀ ਕੁਮੈਂਟਰੀ ਨਾਲ ਟੂਰਨਾਮੈਂਟ ਦਾ ਵਾਹਵਾ ਰੰਗ ਬੰਨ੍ਹਿਆ।

ਪੰਜਾਬ ਸਪੋਰਟਸ ਸਿਆਟਲ ਕਬੱਡੀ ਕਲੱਬ ਦੇ ਮੁੱਖ ਪ੍ਰਬੰਧਕ ਮੋਹਣਾ ਜੋਧਾਂ, ਬਰੈਟੀ ਗਿੱਲ, ਬਲਜੀਤ ਸਿੰਘ ਸੰਧੂ, ਸੰਦੀਪ ਸਿੰਘ ਗੁਰਨਾ, ਵਰਿੰਦਰ ਗਰੇਵਾਲ, ਤੀਰਥ ਗਾਖਲ, ਲੱਖਾ ਗਾਜੀਪੁਰ ਨੇ ਇਸ ਟੂਰਨਾਮੈਂਟ ਦੀ ਕਾਮਯਾਬੀ ’ਚ ਅਹਿਮ ਭੂਮਿਕਾ ਨਿਭਾਈ। ਇਸ ਟੂਰਨਾਮੈਂਟ ਦੀ ਵਿਲੱਖਣ ਗੱਲ ਇਹ ਰਹੀ ਕਿ ਪਾਲਾ ਜਲਾਲਪੁਰੀਆ, ਸੰਦੀਪ ਸੁਰਖਪੁਰੀਆ, ਸੰਦੀਪ ਨੰਗਲ ਅੰਬੀਆਂ ਦੀ ਗੈਰਹਾਜ਼ਰੀ ਦੇ ਬਾਵਜੂਦ ਸਿਆਟਲ ਕਬੱਡੀ ਵਾਲੇ ਚੈਂਪੀਅਨ ਬਣੇ। ਸਿਆਟਲ ਕਲੱਬ ਨੇ ਆਖਰ ਇਹ ਸਿੱਧ ਕਰ ਦਿੱਤਾ ਕਿ ਜਿੱਤ ਦਾ ਸਵਾਦ ਉਦੋਂ ਆਉਂਦਾ ਜਦੋਂ ਤੁਹਾਨੂੰ ਬਹੁਤੇ ਲੋਕ ਹਾਰਦੇ ਦੇਖਣਾ ਚਾਹੁੰਦੇ ਹੋਣ ਤੇ ਤੁਸੀ ਚੈਂਪੀਅਨ ਬਣ ਜਾਵੋ। ਇਹੋ ਜਿਹਾ ਕਾਰਨਾਮਾ ਵੱਡੇ ਖਿਡਾਰੀਆਂ ਦੀ ਗੈਰ ਹਾਜ਼ਰੀ ਵਿਚ ਸਿਆਟਲ ਕਬੱਡੀ ਕਲੱਬ ਨੇ ਕੀਤਾ। ਇਸਤੋਂ ਇਲਾਵਾ ਵਾਲੀਬਾਲ ਵਿਚ ਸ਼ਿਕਾਗੋ ਵਾਲਿਆਂ ਦੀ ਚੜ੍ਹਤ ਰਹੀ। ਕੁੱਲ ਮਿਲਾ ਕੇ ਸ਼ਿਕਾਗੋ ਦਾ ਮੇਲਾ ਖੱਟੀਆਂ-ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ।

# 5 ਸਤੰਬਰ ਅਧਿਆਪਕ ਦਿਵਸ 'ਤੇ ਵਿਸ਼ੇਸ਼



ਮੁਹੰਮਦ ਬਸ਼ੀਰ
91-94171-58300

ਅੱਜ ਮੁਕਾਬਲੇ ਦੇ ਪਦਾਰਥੀਵਾਦੀ ਯੁੱਗ ਵਿੱਚ ਜਦੋਂ ਇੱਕ-ਦੂਜੇ ਨੂੰ ਪਛਾੜਣ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਦੂਜੇ ਨੂੰ ਨੁਕਸਾਨ ਪਹੁੰਚਾਉਣ ਤੋਂ ਜਰ੍ਹਾ ਵੀ ਗੁਰੇਜ ਨਹੀਂ ਕੀਤਾ ਜਾਂਦਾ ਅਜਿਹੇ ਸਮੇਂ ਚ' ਕੇਵਲ ਅਧਿਆਪਕ ਹੀ ਇੱਕ ਅਜਿਹਾ ਵਿਅਕਤੀ ਹੈ ਜੋ ਕਿ ਦੂਸਰਿਆਂ ਨੂੰ ਪੜ੍ਹਾ ਲਿਖਾ ਕੇ ਇੱਕ ਚੰਗਾ ਇਨਸਾਨ ਬਣਾਉਣ ਦੇ ਨਾਲ-ਨਾਲ ਉੱਚ ਅਹੁਦਿਆਂ ਤੇ ਪਹੁੰਚਦਾ ਦੇਖ ਕੇ ਖੁਸ਼ੀ ਮਹਿਸੂਸ ਕਰਦਾ ਹੈ। ਅਧਿਆਪਕ ਦਾ ਕਿੱਤਾ ਦੁਨੀਆਂ ਦੇ ਸਭ ਕੰਮਾਂ ਦੇ ਨਾਲੋਂ ਚੰਗਾ, ਉੱਤਮ ਅਤੇ ਸਤੀਕਾਰ ਵਾਲਾ ਹੈ। ਇਸ ਕਰਕੇ ਪੈਸਾ ਕਮਾਉਣ ਜਾ ਰੋਜ਼ੀ-ਰੋਟੀ ਦਾ ਜੁਗਾੜ੍ਹ ਕਰਨ ਲਈ ਇਸ ਕਿੱਤੇ ਨੂੰ ਅਪਣਾਉਣ ਵਾਲੇ ਲੋਕਾਂ ਨੂੰ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਇਸ ਕਿੱਤੇ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਕਿੱਤੇ ਵਿੱਚ ਕੇਵਲ ਇਸ ਤਰ੍ਹਾਂ ਦੇ ਲੋਕਾਂ ਨੂੰ ਹੀ ਆਉਣਾ ਚਾਹੀਦਾ ਹੈ ਜੋ ਪੜ੍ਹਾਉਣ ਨੂੰ ਇੱਕ ਕੰਮ ਨਾ ਸਮਝ ਕੇ ਇੱਕ ਮਿਸ਼ਨ ਦੇ ਰੂਪ ਵਿੱਚ ਲੈਣ ਕਿਉਂਕਿ ਮਿਸ਼ਨ ਨੂੰ ਪੂਰਾ ਕਰਨ ਲਈ ਆਉਣ ਵਾਲੀਆਂ ਰਸਤੇ ਦੀਆਂ ਰੁਕਾਵਟਾਂ ਨੂੰ ਮਨੁੱਖ ਹੱਸਦੇ ਹੱਸਦੇ ਸਹਾਰਦਾ ਹੋਇਆ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਅੱਗੇ ਵੱਧਦਾ ਜਾਂਦਾ ਹੈ। ਅਧਿਆਪਕ ਦੇ ਕਿੱਤੇ ਦੀ ਮਹੱਤਤਾ ਨੂੰ ਸਮਝਦੇ ਹੋਏ ਵਿਸ਼ਵ ਦੇ ਬਹੁਤੇ ਵਿਕਸਤ ਰਾਸ਼ਟਰਾਂ ਵਿੱਚ ਅੱਜ ਵੀ ਅਧਿਆਪਕ ਨੂੰ ਦੇਸ਼ ਦੇ ਮਹੱਤਵਪੂਰਨ ਵਿਅਕਤੀ ਵਿੱਚ ਸ਼ਾਮਿਲ ਕਰਕੇ ਉਸਨੂੰ ਸਨਮਾਨ ਦਿੱਤਾ ਜਾ ਰਿਹਾ ਹੈ ਪਰ ਅਫਸੋਸ ਅੱਜ ਭਾਰਤ ਵਿੱਚ ਇਸ ਕਿੱਤੇ ਨਾਲ ਸਬੰਧਤ ਵਿਅਕਤੀ ਨੂੰ ਲੋਕਤੰਤਰੀ ਸਰਕਾਰਾਂ ਦੇ ਰਹਿਨੁਮਾਵਾਂ ਵੱਲੋਂ ਇੱਕ ਵਿਹਲੜ ਜਿਹਾ ਵਿਅਕਤੀ ਸਮਝਿਆ ਜਾ ਰਿਹਾ ਹੈ ਜੋ ਕੇ ਦੇਸ਼ ਦੇ ਪ੍ਰਾਚੀਨ ਉੱਚ ਸੱਭਿਆਚਾਰ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਪਤਨ ਦੀ ਮੂੰਹ ਬੋਲਦੀ ਤਸਵੀਰ ਹੈ।

ਅੰਤਰਰਾਸ਼ਟਰੀ ਪੱਧਰ ਤੇ ਅਧਿਆਪਕ ਦਿਵਸ 1994 ਤੋਂ ਹਰ ਸਾਲ 5 ਅਕਤੂਬਰ ਨੂੰ ਬਹੁਤ ਹੀ ਉਤਸ਼ਾਹ, ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ ਇਸ ਦਾ ਮੁੱਖ ਮੰਤਵ ਹੈ ਅਧਿਆਪਕ ਵਰਗ ਨੂੰ ਸਹਿਯੋਗ ਅਤੇ ਉੱਚਿਤ ਸਨਮਾਨ ਦੇਣਾ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗੇ ਨਾਗਰਿਕ ਬਣਾਇਆ ਜਾ ਸਕੇ। ਭਾਵੇਂ ਕਿ ਯੂਨੈਸਕੋ ਨੇ ਅਧਿਆਪਕ ਦਿਵਸ ਲਈ 5 ਅਕਤੂਬਰ ਦਾ ਦਿਨ ਨਿਸਚਿਤ ਕੀਤਾ ਹੈ ਪਰ ਕਈ ਦੇਸ਼ਾ ਦੁਆਰਾ ਅਲੱਗ ਅਲੱਗ ਦਿਨ ਇਹ ਦਿਵਸ ਮਨਾਇਆ ਜਾਂਦਾ ਹੈ ਤੇ ਇਸੀ ਕਾਰਨ ਭਾਰਤ ਵਿੱਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਸਰਵਪਲੀ ਡਾ. ਰਾਧਾ ਕ੍ਰਿਸ਼ਨਨ ਜੀ ਦੇ ਜਨਮ ਦਿਨ ਭਾਵ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ (ਉਨ੍ਹਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਸਮਾਜ ਲਈ ਕੀਤੇ ਗਏ ਕੰਮਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਚਿੰਨ ਦੇ ਰੂਪ 'ਚ) ਮਨਾਇਆ ਜਾਂਦਾ ਹੈ।

ਡਾ. ਰਾਧਾ ਕ੍ਰਿਸ਼ਨਨ ਸਿੱਖਿਆ ਦੇ ਕੱਟੜ ਸਮਰਥੱਕ, ਉੱਚ ਕੋਟੀ ਦੇ ਵਿਦਵਾਨ, ਚੰਗੇ ਲੇਖਕ, ਇਮਾਨਦਾਰ ਰਾਜਸੀ ਨੇਤਾ, ਮਹਾਨ ਸੁਤੰਤਰਤਾ ਸੈਨਾਨੀ ਅਤੇ ਇੱਕ ਆਦਰਸ਼ ਅਧਿਆਪਕ ਸਨ। ਉਨ੍ਹਾਂ ਦੇ ਅਧਿਆਪਕ ਦੇ ਕਿੱਤੇ ਨਾਲ ਬੇਹੱਦ ਲਗਾਓ ਦੇ ਕਾਰਨ ਹੀ ਉਹਨਾਂ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਾਂ-ਬਾਪ ਮਿਲਕੇ ਬੱਚੇ ਨੂੰ ਅਰਸ਼ ਤੋਂ ਫਰਸ਼ ਤੱਕ ਲਿਆਉਣ ਦਾ ਸਫਰ ਤੈਅ ਕਰਵਾਉਂਦੇ ਹਨ ਤੇ ਇੱਕ ਅਧਿਆਪਕ ਆਪਣੀ ਯੋਗਤਾ, ਸਮਰੱਥਾ, ਲਗਨ ਅਤੇ ਸਮਰਪਣ ਦੇ ਨਾਲ ਬੱਚੇ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਅਧਿਆਪਕ ਹੀ ਹਰੇਕ ਵਿਦਿਆਰਥੀ ਦੀ ਯੋਗਤਾ ਨੂੰ ਸਮਝ ਕੇ ਉਸਦੀ ਯੋਗਤਾ ਅਤੇ ਸਮਰੱਥਾ ਦੇ ਅਨੁਸਾਰ ਉਸਦੇ ਹੁਨਰ ਨੂੰ ਸ਼ਿਲਪਕਾਰ ਦੀ ਮਨਮੋਹਣੀ ਮੂਰਤ ਅਤੇ ਘੁੰਮਹਾਰ ਦੇ ਭਾਂਡੇ ਦੀ ਤਰ੍ਹਾਂ ਤਰਾਸ਼ ਕੇ ਉਸ ਨੂੰ ਹੀਰਾ ਬਣਾ ਦਿੰਦਾ ਹੈ । ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਇੱਕ ਚੰਗਾ ਅਧਿਆਪਕ ਚੰਗੀ ਸਿੱਖਿਅਕ ਪ੍ਰਣਾਲੀ ਦੀ ਨੀਂਹ ਹੈ ਜਿਸ ਤੋਂ ਬਿਨ੍ਹਾਂ ਮਿਆਰੀ ਸਿੱਖਿਆ ਦੇਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਪਰ ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਅੱਜ ਇਸ ਤਰ੍ਹਾਂ ਦੇ ਚੰਗੇ ਅਧਿਆਪਕਾਂ ਦੀ ਦੇਸ਼ ਵਿੱਚ ਕਾਫੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਹੁਣ ਇੰਝ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ ਕਿ ਚੰਗੇ ਅਧਿਆਪਕ ਵੀ ਮਾੜੀ ਰਾਜਨੀਤਿਕ ਅਤੇ ਸਿੱਖਿਆ ਪ੍ਰਣਾਲੀ ਦੀ ਭੇਟ ਚੜ੍ਹ ਗਏ ਜਾਪਦੇ ਹਨ। ਇਸੀ ਕਾਰਨ ਤਾਂ ਭਾਰਤ ਅਨੇਕਾਂ ਸਮੱਸਿਆਵਾਂ ਦਾ ਸ਼ਿਕਾਰ ਹੋ ਚੁੱਕਾ ਹੈ।

ਪ੍ਰਾਚੀਨ ਸਮੇਂ ਤੋਂ ਹੀ ਭਾਰਤ 'ਚ ਗੁਰੂ ਜਾਂ ਅਧਿਆਪਕ ਦਾ ਬਹੁਤ ਸਨਮਾਨ ਕੀਤਾ ਜਾਂਦਾ ਰਿਹਾ ਹੈ। ਇਸ ਕਾਰਨ ਹੀ ਕਿਹਾ ਜਾਂਦਾ ਸੀ ਕਿ ਉਰਾਜਾ ਜਨਤਾ ਤੇ ਸ਼ਾਸਨ ਕਰਦਾ ਹੈ ਤੇ ਗੁਰੂ ਰਾਜੇ ਤੇ"। ਪ੍ਰਾਚੀਨ ਧਾਰਮਿਕ ਅਤੇ ਇਤਿਹਾਸਕ ਗ੍ਰੰਥਾਂ ਵਿੱਚ ਅਸੀਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਸਮਾਜ ਦਾ ਹਰੇਕ ਮਨੁੱਖ ਗੁਰੂ ਦਾ ਸਨਮਾਨ ਕਰਦਾ ਸੀ, ਇਥੋਂ ਤੱਕ ਕਿ ਰਾਜੇ ਮਹਾਰਾਜੇ ਵੀ ਗੁਰੂ ਦੇ ਸਨਮਾਨ ਵਿਚ ਆਪਣਾ ਸਿਰ ਝੁਕਾ ਦਿੰਦੇ ਸਨ ਪਰ ਜੇ ਅਸੀਂ ਅੱਜ ਦੇ ਭਾਰਤ ਦੀ ਗੱਲ ਕਰੀਏ ਤਾਂ ਅਧਿਆਪਕ ਨੂੰ ਦੇਸ਼ ਦੇ ਨਿਰਮਾਤਾ ਆਦਿ ਦੇ ਲਕਵ ਨਾਲ ਸਨਮਾਨਿਆਂ ਤਾ ਜਾਂਦਾ ਹੈ ਪਰ ਅਸਲ ਸਥਿਤੀ ਬਹੁਤ ਖਰਾਬ ਹੈ। ਨਿੱਤ ਰੋਜ ਦੇਸ਼ ਦੇ ਨਿਰਮਾਤਾਵਾਂ ਉੱਪਰ ਦੇਸ਼ ਦੀਆਂ ਲੋਕਤੰਤਰੀ ਸਰਕਾਰਾਂ ਵੱਲੋਂ ਲਾਠੀ ਚਾਰਜ ਕੀਤਾ ਜਾ ਰਿਹਾ ਹੈ, ਅਥਰੂ ਗੈਸ ਦੇ ਗੋਲੇ ਸੁੱਟੇ ਜਾ ਰਹੇ ਹਨ, ਪਾਣੀ ਦੀਆਂ ਬੁਛਾਰਾਂ ਮਾਰੀਆਂ ਜਾ ਰਹੀਆਂ ਹਨ। ਦੇਸ਼ ਦੇ ਨਿਰਮਾਤਾ ਨੂੰ ਇੱਕ ਵਾਧੂ ਜਿਹਾ ਇਨਸਾਨ ਸਮਝਿਆ ਜਾ ਰਿਹਾ ਹੈ। ਅੱਜ ਦੇਸ਼ ਦੇ ਨਿਰਮਾਤਾ ਨੂੰ ਠੇਕੇ ਤੇ ਨਿਗੂਣੀਆਂ ਤਨਖਾਹਾਂ (ਮਜਦੂਰਾਂ ਨਾਲੋਂ ਵੀ ਘੱਟ) ਤੇ ਭਰਤੀ ਕਰਨ ਦੇ ਕਾਰਨ ਉਹ ਖੁਦ ਹੀ ਆਰਥਿਕ ਜਰੂਰਤਾਂ ਨੂੰ ਪੂਰਾ ਕਰਨ ਦੀ ਘੁੰਮਨ-ਘੇਰੀ ਵਿੱਚ ਫਸਿਆ ਮਹਿਸੂਸ ਕਰ ਰਿਹਾ ਹੈ। ਜੇਕਰ ਅਸੀਂ ਅਧਿਆਪਕ ਨੂੰ ਦੇਸ਼ ਜਾਂ ਸਮਾਜ ਦਾ ਨਿਰਮਾਤਾ ਕਹਿ ਕੇ ਫੋਕਾ ਸਨਮਾਨ ਦੇਣ ਦੀ ਬਜਾਏ ਉਸ ਦੀਆਂ ਜਾਇਜ਼ ਸਮੱਸਿਆਵਾਂ ਨੂੰ ਹੱਲ ਕਰਕੇ ਉਸ ਨੂੰ ਆਰਥਿਕ ਅਤੇ ਮਾਨਸਿਕ ਤੌਰ ਤੇ ਸਤੁੰਸ਼ਟ ਕਰਨ ਦੀ ਕੋਸ਼ਿਸ ਕਰੀਏ ਤਾਂ ਦੇਸ਼ ਦੀਆਂ ਕਈ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ ਕਿਉਂਕਿ ਇੱਕ ਸਤੁੰਸ਼ਟ ਵਿਅਕਤੀ ਆਪਣੇ ਕਿੱਤੇ ਦੇ ਪ੍ਰਤੀ ਸਮਰਪਿੱਤ ਹੋ ਸਕਦਾ ਹੈ ਅਤੇ ਸਤੁੰਸ਼ਟ ਨਾਗਰਿਕ ਪੈਦਾ ਕਰਕੇ, ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦਾ ਹੈ। ਇਸ ਲਈ ਸਕੂਲਾਂ ਵਿੱਚ ਭਰਤੀ ਦੀ ਠੇਕਾ ਪ੍ਰਣਾਲੀ ਨੂੰ ਖਤਮ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ, ਅਧਿਆਪਕ-ਵਿਦਿਆਰਥੀ ਅਨੁਪਾਤ ਨੂੰ ਠੀਕ ਕੀਤਾ ਜਾਵੇ ਤਾਂ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਸਮਝ ਸਕੇ ਅਤੇ ਉਹਨਾਂ ਨਾਲ ਭਾਵਨਾਤਮਕ ਲਗਾਓ ਬਣਾ ਸਕੇ। ਅਧਿਆਪਕ ਵਰਗ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਆਪ ਨੂੰ ਡਾ. ਰਾਧਾ ਕ੍ਰਿਸ਼ਨਨ ਦੀ ਤਰ੍ਹਾਂ ਅਮਲੀ ਰੂਪ ਵਿੱਚ ਦੇਸ਼ ਦਾ ਨਿਰਮਾਤਾ ਬਣਾਉਣ ਲਈ ਹਰ ਤਰ੍ਹਾਂ ਦਾ ਬਲੀਦਾਨ ਦੇਣ ਲਈ ਹਰ ਸਮੇਂ ਤਿਆਰ ਰੱਖੇ। ਆਪਣੇ ਨਿੱਜੀ ਹਿੱਤਾਂ ਦਾ ਦੇਸ਼ ਦੇ ਹਿੱਤਾਂ ਲਈ ਤਿਆਗ ਕਰਨ। ਆਪਣੇ ਆਪ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਦੇ ਹੋਏ ਵਿਦਿਆਰਥੀਆਂ ਲਈ ਅਤੇ ਸਮਾਜ ਲਈ ਰੋਲ ਮਾਡਲ ਬਣ ਕੇ ਦਿਖਾਉਣ। ਜਿਸ ਤਰ੍ਹਾਂ ਮੋਮਬੱਤੀ ਖੁਦ ਜਲ ਕਿ ਦੂਜਿਆਂ ਨੂੰ ਰੌਸ਼ਨੀ ਦੇ ਕੇ ਹੋਰਨਾਂ ਲਈ ਪ੍ਰੇਰਣਾ ਸਰੋਤ ਬਣਦੀ ਆ ਰਹੀ ਹੈ ਉਸੇ ਤਰ੍ਹਾਂ ਅਧਿਆਪਕ ਵਰਗ ਨੂੰ ਵੀ ਆਪਣੀਆਂ ਸੁੱਖ ਸੁਵੀਧਾਵਾਂ, ਆਪਣੀਆਂ ਇੱਛਾਵਾਂ, ਆਪਣੇ ਨਿੱਜੀ ਹਿੱਤਾਂ ਆਦਿ ਨੂੰ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਕੁਰਬਾਨ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ, ਦੇਸ਼ ਵਿੱਚ ਅਮਨ-ਸ਼ਾਂਤੀ ਲਿਆਉਣ, ਫਿਰਕੂ ਸਦਭਾਵਨਾ ਬਣਾ ਕੇ ਰੱਖਣ , ਭਾਰਤੀ ਅਮੀਰ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਆਦਿ ਲਈ ਜਰੂਰੀ ਹੈ ਕਿ ਅਧਿਆਪਕ ਦੇ ਮਾਣ-ਸਨਮਾਨ ਨੂੰ ਬਹਾਲ ਕੀਤਾ ਜਾਵੇ। ਇਸਦੇ ਨਾਲ ਹੀ ਅਧਿਆਪਕ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਕਿੱਤੇ ਦੀ ਪਵਿੱਤਰਤਾ ਨੂੰ ਸਮਝੇ, ਇਸ ਨੂੰ ਕੇਵਲ ਇੱਕ ਪੇਸ਼ੇ ਦੇ ਰੂਪ ਵਿੱਚ ਨਾ ਅਪਣਾ ਕੇ ਸਗੋਂ ਦੇਸ਼ ਨਿਰਮਾਣ ਵਿੱਚ ਨਵੀਂ ਸੋਚ ਬਣ ਕੇ ਇਸ ਨੂੰ ਇੱਕ ਮਿਸ਼ਨ ਦੇ ਰੂਪ ਵਿੱਚ ਅਪਣਾਏ।

# 'ਜੋਗਾ ਸਿੰਘ ਬਿਰਦੀ ਦਾ ਰਚਨਾ ਸੰਸਾਰ' ਪੁਸਤਕ ਰਿਲੀਜ਼ ਹੋਈ

**ਜਲੰਧਰ (ਬਿਊਰੋ):-** ਪ੍ਰੈੱਸ ਕਲੱਬ ਵਿਖੇ 'ਜੋਗਾ ਸਿੰਘ ਬਿਰਦੀ ਦਾ ਰਚਨਾ ਸੰਸਾਰ' ਪੁਸਤਕ ਦਾ ਰਿਲੀਜ਼ ਸਮਾਗਮ ਹੋਇਆ। ਇਹ ਸਮਾਗਮ ਐੱਲ. ਪੀ. ਯੂ. ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਕਿਰਨਦੀਪ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ। ਇਸ ਵਿਸ਼ੇਸ਼ ਮੌਕੇ 'ਤੇ ਉਨਾਂ ਨੇ ਇਸ ਪੁਸਤਕ ਨੂੰ ਬੜੀ ਮਿਹਨਤ ਅਤੇ ਲਗਨ ਨਾਲ ਅਨੁਵਾਦਿਤ ਅਤੇ ਸੰਪਾਦਿਤ ਕਰਨ ਦਾ ਕਾਰਜ ਨੇਪੜੇ ਚਾੜਨ ਵਾਲੇ ਐੱਲ. ਪੀ. ਯੂ. ਦੇ ਪੰਜਾਬੀ ਵਿਭਾਗ, ਪੀ. ਐੱਚ. ਡੀ. ਦੇ ਖੋਜਾਰਥੀ ਸ੍ਰੀ ਬਲਵੀਰ ਮੰਨਣ ਨੂੰ ਵਧਾਈ ਦੇਣ ਦੇ ਨਾਲ-ਨਾਲ ਇਸ ਪੁਸਤਕ ਬਾਰੇ ਚਰਚਾ ਵੀ ਕੀਤੀ। ਇਸ ਮੌਕੇ 'ਤੇ ਬੋਲਦਿਆਂ ਡਾ. ਕਿਰਨਦੀਪ ਸਿੰਘ ਨੇ ਦੱਸਿਆ ਕਿ ਇਸ ਪੁਸਤਕ ਵਿੱਚ ਉਨਾਂ ਸੱਭਿਆਚਾਰਕ ਕਾਵਿ-ਰਚਨਾਵਾਂ ਤੇ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜਿਨਾਂ ਨੂੰ ਲੇਖਕ ਜੋਗਾ ਸਿੰਘ ਬਿਰਦੀ ਨੇ ਵਿਸ਼ੇਸ਼ ਸ਼ੈਲੀ ਰਾਹੀਂ ਪੇਸ਼ ਕੀਤਾ ਹੈ। ਉਨਾਂ ਨੇ ਇਸ ਗੱਲ ਦੀ ਵੀ ਸਰਾਹਨਾ ਕੀਤੀ ਕਿ ਖੋਜਾਰਥੀ ਬਲਵੀਰ ਚੰਦ ਨੇ ਇਸ ਪੁਸਤਕ ਨੂੰ ਅਨੁਵਾਦਿਤ ਤੇ ਸੰਪਾਦਿਤ ਕਰਕੇ ਸਵਰਗੀ ਜੋਗਾ ਸਿੰਘ ਬਿਰਦੀ ਦੀਆਂ ਵਧੀਆ ਰਚਨਾਵਾਂ ਨੂੰ ਸੰਭਾਲਣ ਦਾ ਸੁਹਿਰਦ ਉਪਰਾਲਾ ਕੀਤਾ ਹੈ। ਨਾਲ਼ ਹੀ ਇਸ ਗੱਲ 'ਤੇ ਵੀ



ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਕਿ ਜੋਗਾ ਸਿੰਘ ਬਿਰਦੀ 37 ਸਾਲ ਦੀ ਉਮਰ ਵਿੱਚ ਹੀ ਸਵਰਗ ਸਿਧਾਰ ਗਏ ਸਨ। ਸਮਾਗਮ ਵਿੱਚ ਇਹ ਵਿਚਾਰ ਚਰਚਾ ਵੀ ਹੋਈ ਕਿ ਸਵਰਗੀ ਜੋਗਾ ਸਿੰਘ ਬਿਰਦੀ ਦੇ ਸ੍ਰੀਮਤੀ ਮਾਤਾ ਰਤਨ ਕੌਰ ਤੇ ਪਤਨੀ ਸ੍ਰੀਮਤੀ ਕਸ਼ਮੀਰ ਕੌਰ ਦੇ ਉਚੇਚੇ ਉਪਰਾਲੇ ਨਾਲ ਪੁਸਤਕ ਦੇ ਅਨੁਵਾਦਕ ਤੇ ਸੰਪਾਦਕ ਬਲਵੀਰ ਮੰਨਣ ਨੇ ਬੜੀ ਮਿਹਨਤ ਨਾਲ ਇਸ ਪੁਸਤਕ ਦਾ ਅਨੁਵਾਦ ਤੇ ਸੰਪਾਦਨ ਦਾ ਕੰਮ ਨੇਪੜੇ ਲਾਇਆ ਹੈ। ਇਸ ਮੌਕੇ ਡਾ. ਬਲਵਿੰਦਰ ਸਿੰਘ ਥਿੰਦ (ਮੁਖੀ ਪੰਜਾਬ ਵਿਭਾਗ, ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ, ਜਲੰਧਰ), ਡਾ. ਵਿਨੋਦ ਰਾਏ (ਮੁਖੀ ਹਿੰਦੀ ਵਿਭਾਗ ਐੱਲ. ਪੀ. ਯੂ.), ਡਾ ਸਤਵੰਤ ਸਿੰਘ ਪ੍ਰੋਫ਼ੈਸਰ ਪੰਜਾਬੀ ਵਿਭਾਗ ਐੱਲ. ਪੀ. ਯੂ., ਡਾ. ਪਰਮਜੀਤ ਸਿੰਘ ਆਦਿ ਨੇ ਇਸ ਪੁਸਤਕ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਵਿੱਚ ਪ੍ਰੋਫ਼ੈਸਰ ਮਲਕੀਤ ਜੌੜਾ, ਡਾ. ਬਲਵਿੰਦਰ ਸਿੰਘ, ਮਾਸਟਰ ਲੈਂਬਰ ਰਾਮ, ਮੱਲ ਸਿੰਘ ਮੱਲ, ਮਾਸਟਰ ਪ੍ਰਵੀਨ ਕੁਮਾਰ, ਅਸ਼ੋਕ ਕੁਮਾਰ, ਰਾਜਿੰਦਰ ਸਿੰਘ, ਕੁਲਵੀਰ ਕੁਮਾਰ, ਜਸਵਿੰਦਰ ਦੂਹੜਾ, ਬਿੰਦਰ ਬਸਰਾ ਤੋਂ ਇਲਾਵਾ ਕਈ ਹੋਰ ਸਖ਼ਸ਼ੀਅਤ ਵੀ ਹਾਜ਼ਰ ਸਨ।

# ਗੀਤਕਾਰੀ ਤੇ ਦੋਗਾਣਾ ਗਾਇਕੀ ਦੇ ਬਾਬਾ ਬੋਹੜ ਹਾਕਮ ਬਖਤੜੀ ਅਤੇ ਬੀਬੀ ਦਲਜੀਤ ਕੌਰ




ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਗਾਇਕੀ ਅਤੇ ਗੀਤਕਾਰੀ ਦਾ ਮੁਜੱਸਮਾ, ਹਰ ਇੱਕ ਲਈ ਦਿਲੋਂ ਪਿਆਰ, ਦਿਲੀ ਖਿੱਚ ਵਾਲਾ ਵਿਵਹਾਰ, ਨਿਮਾਣਾਪਣ, ਦੋਗਾਣਾ ਗਾਇਕੀ ਦਾ ਬਾਬਾ ਬੋਹੜ੍ਹ, ਰੂਹਾਨੀਅਤ ਦਾ ਪੁਤਲਾ,ਗੀਤਕਾਰਾਂ ਅਤੇ ਗਾਇਕਾਂ ਸਤਿਕਾਰਤ ਗਾਇਕ ਹਾਕਮ ਸਿੰਘ ਬਖਤੜੀ ਵਾਲਾ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ।

ਜਿੰਨੀ ਸ਼ੋਹਰਤ ਅਤੇ ਸੱਭਿਆਚਾਰਕ ਪਿਆਰ ਉਸਤਾਦ ਹਾਕਮ ਬਖਤੜੀ ਦੇ ਹਿੱਸੇ ਆਇਆ ਹੈ,ਉਨਾਂ ਬਹੁਤ ਵਿਰਲੇ ਵਿਆਕਤੀਆਂ ਦੇ ਹਿੱਸੇ ਆਉਂਦਾ ਹੈ। ਜੇਕਰ ਉਹਨਾਂ ਨੂੰ ਸਾਹਿਤਕ ਅਤੇ ਸੱਭਿਆਚਾਰਕ ਕਲਾਵਾਂ ਦਾ ਗੁਲਦਸਤਾ ਕਹਿ ਲਈਏ ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ।

ਮਾਲਵੇ ਦੇ ਜਿਲ੍ਹਾ ਸੰਗਰੂਰ ਦੀ ਸਬ ਤਹਿਸੀਲ ਭਵਾਨੀਗੜ੍ਹ(ਪੁਰਾਣਾ ਨਾਮ ਢੋਡੇ) ਦੀ ਉੱਤਰੀ ਬੱਖੀ ਚ ਕਕਰੀਲੇ ਟਿੱਬਿਆਂ ਚ ਵਸੇ ਪਿੰਡ ਬਖਤੜੀ ਵਿੱਚ ਹਾਕਮ ਸਿੰਘ ਨੇ ਮਾਤਾ ਸ੍ਰੀਮਤੀ ਲੀਲਾਵਤੀ ਦੀ ਸੁਲੱਖਣੀ ਕੁੱਖੋਂ 5 ਜਨਵਰੀ 1961 'ਚ ਪਿਤਾ ਸ੍ਰ.ਟਿੱਕਾ ਸਿੰਘ ਦੇ ਵਿਹੜੇ ਸੁਰ ਅਤੇ ਲੈਅ ਚ ਪਹਿਲੀ ਕਿਲਕਾਰੀ ਨਾਲ ਘਰ ਦੀਆਂ ਖੁਸ਼ੀਆਂ ਨੂੰ ਚੌਗੁਣਾ ਕੀਤਾ। ਰੇਤਲੇ ਟਿੱਬਿਆਂ ਤੋਂ ਮਲ੍ਹਿਆਂ ਦੇ ਬੇਰ ਖਾਂਦਿਆਂ ਅਤੇ ਪੜ੍ਹਾਈ ਕਰਦਿਆਂ ਗੀਤਕਾਰੀ ਦੀ ਚੇਟਕ ਲਾ ਬੈਠਾ। ਆਪਣੀ ਜਿੰਦਗੀ ਦੀਆਂ 57 ਕੁ ਪਤਝੜਾਂ ਅਤੇ ਹੁਸੀਨ ਬਹਾਰਾਂ ਦਾ ਆਨੰਦ ਮਾਣ ਚੁੱਕੇ ਉਸਤਾਦ ਹਾਕਮ ਬਖਤੜੀ ਦ੍ਰਿੜ ਇਰਾਦੇ ਨਾਲ ਹੌਸਲੇ ਬੁਲੰਦ ਰੱਖ ਕੇ ਮਿਹਨਤ ਦੀ ਸਖਤ ਘਾਲਣਾ ਨਾਲ ਗੀਤਕਾਰੀ ਅਤੇ ਗਾਇਕੀ ਦੇ ਇਸ ਤਿਲਕਣੇ ਪਿੜ ਚ ਸਾਬਤ ਕਦਮੀਂ ਖਲੋਣ ਅਤੇ ਮਾਨਾਮੱਤੀ ਸ਼ੋਹਰਤ ਇਕੱਠੀ ਕਰ ਸਕਣ ਦੇ ਯੋਗ ਹੋਏ ਹਨ।

ਉਹਨਾਂ ਇੱਕ ਸੰਖੇਪ ਮੁਲਾਕਾਤ ਦੌਰਾਨ ਦੱਸਿਆ ਕਿ ਸਕੂਲ ਪੜਦਿਆ 13 ਸਾਲ ਦੀ ਉਮਰ ਚ ਉਹਨਾਂ ਦਾ ਪਹਿਲਾ ਗੀਤ "ਰੰਗਪੁਰ ਰੰਗ ਲਾਉਣ ਵਾਲੀ ਏ" ਗਾਇਕਾ ਪਰਮਿੰਦਰ ਸੰਧੂ ਦੀ ਆਵਾਜ਼ ਰਿਕਾਰਡ ਹੋਇਆ ਸੀ, ਜਿਸਦੀ ਦੇਸ਼ ਵਿਦੇਸ਼ ਪ੍ਰਸਿੱਧੀ ਨੇ ਉਸਨੂੰ ਗੀਤਕਾਰੀ ਦੇ ਖੇਤਰ ਮਜਬੂਤ ਗੀਤਕਾਰ ਵਜੋਂ ਖੜ੍ਹਾ ਕਰ ਦਿੱਤਾ।ਗੀਤਕਾਰੀ ਦੀ ਬਾਰੀਕੀਆਂ ਨੂੰ ਜਾਨਣ ਅਤੇ "ਗੁਰੂ ਬਿਨਾਂ ਗਤ ਨਹੀਂ" ਨੂੰ ਸੱਚ ਸਾਬਿਤ ਕਰਨ ਲਈ ਉਹਨਾਂ ਗੀਤਕਾਰ ਸਾਜਨ ਰਾਏਕੋਟੀ ਨੂੰ ਆਪਣਾ ਗਰੂ ਧਾਰਣ ਕੀਤਾ।ਬੱਸ ਫਿਰ ਕੀ ਸੀ ਕਿਸਮਤ ਦਿਆਂ ਪਰਾਂ ਤੇ ਐਸੀ ਭਰਵੀਂ ਉਡਾਰੀ ਭਰੀ ਮੁੜ ਪਿੱਛੇ ਨਹੀਂ ਦੇਖਿਆ।ਗਾਇਕ ਸੁਰਿੰਦਰ ਛਿੰਦਾ ਨੇ ਲੋਕ ਤੱਥ "ਨਮਕ ਹਰਾਮੀ ਬੰਦਾ ਮਾੜਾ" ਅਤੇ ਕੁਲਦੀਪ ਕੌਰ ਨਾਲ ਦੋਗਾਣਾ "ਘੁੰਡ ਚੱਕ ਮਾਰਦੇ ਸਲੂਟ ਗੋਰੀਏ, ਚੱਲੇ ਭੌਰ ਪ੍ਰਦੇਸੀ" ਨਾਲ ਉਹਨਾਂ ਦੀ ਚੁਫੇਰੇ ਤੂਤੀ ਬੋਲਣ ਲੱਗ ਪਈ। ਉਹਨਾਂ ਦੇ ਲਿਖੇ ਗੀਤਾਂ ਨੂੰ ਗਾਕੇ ਗਾਇਕ ਮਾਣ ਮਹਿਸੂਸ ਕਰਨ ਲੱਗੇ। ਦੇਸ਼ ਵਿਦੇਸ਼ ਦੇ ਪੰਜਾਬੀ ਗਾਇਕਾਂ ਤੋਂ ਇਲਾਵਾ ਉਹਨਾਂ ਦੇ ਗੀਤਾਂ ਨੂੰ ਬਾਲੀਵੁੱਡ ਦੇ ਗਾਇਕਾਂ ਨੇ ਵੀ ਆਪਣੀ ਸੁਰੀਲੀ ਆਵਾਜ ਚ ਗਾਇਆ ਹੈ। ਉਹਨਾਂ ਦੇ ਲਿਖੇ ਕੁਝ ਗੀਤ ਜੋ ਬਹੁਤ ਮਕਬੂਲ ਹੋਏ ਹਨ:-




* ਫੁਲਕਾਰੀ- ਸੁੱਖੀ ਬਰਾੜ
* ਤੇਰੀ ਰਹਿਜੇ ਸੇਜ ਸ਼ਿੰਗਾਰੀ- ਕੁਲਦੀਪ ਮਾਣਕ
* ਜੱਟ ਦਾ ਜਮੀਨ ਬਿਨਾਂ ਅਮਲੀ ਦਾ ਫੀਮ ਬਿਨਾਂ-ਕੁਲਦੀਪ ਪਾਰਸ
* ਬੜੇ ਘਰ ਪੱਟੇ ਜੀਭ ਦੇ ਸੁਆਦ ਨੇ- ਮੇਜਰ ਰਾਜਸਥਾਨੀ
* ਸਿੱਧੇ ਰਸਤੇ ਜਾਈਏ ਭਾਵੇਂ ਦੂਰ ਹੀ ਹੋਵੇ
ਕੰਜਰੀ ਨੂੰ ਨਾ ਵਿਆਹੀਏ ਭਾਵੇਂ ਹੂਰ ਹੀ ਹੋਵੇ- ਦਿਲਸ਼ਾਦ ਅਖਤਰ
* ਸੱਜਣ ਬਣਕੇ ਦਗਾ ਕਮਾਉਣਾ
ਸੋਂਹਦਾ ਨਹੀਂ ਦਿਲਦਾਰਾ ਨੂੰ-ਸੁੱਖਵਿੰਦਰ ਪੰਛੀ
* ਛੱਡਦੇ ਨਾ ਅੜੀ ਪੁੱਤ ਜੱਟਾਂ ਦੇ ਦਲੇਰ
ਬਾਣੀਏ ਨਾ ਕਦੇ ਵੀ ਵਿਆਜ ਛੱਡਦੇ
-ਜਗਮੋਹਨ ਕੌਰ
* ਰੱਬ ਦੀ ਸਹੁੰ ਰਹਿੰਦਾ ਆਦਮੀ ਚ ਕੱਖ ਨਾ
- ਜਸਵਿੰਦਰ ਬਰਾੜ
* ਆਦਮੀ ਨੂੰ ਆਉਂਦੀ ਆਉਂਦੀ ਠੰਡ ਮਾਰਦੀ-ਸੁਚੇਤ ਬਾਲਾ
* ਤੇਰੇ ਰੂਪ ਦਾ ਕਸੂਰ ਕੋਈ ਕੱਢਦਾ ਈ ਨਹੀਂ-ਸਰਦੂਲ ਸਿਕੰਦਰ, ਅਮਰਨੂਰੀ
* ਮੇਰੇ ਕਾਕੇ ਦੀਏ ਮਾਸੀਏ- ਰੰਗੀਲਾ ਜੱਟ
* ਵੇਖੀਂ ਬੁੜੇ ਦੇ ਗੁਣ ਨੀ- ਕਰਤਾਰ ਰਮਲਾ
* ਤੇਰੀ ਝਾਂਜਰ ਦਾ ਛਣਕਾਰਾ ਨੀ-ਬਲਕਾਰ ਸਿੱਧੂ
* ਜਿੰਨੇ ਸੀ ਮਾਸੂਮ ਓਨੀ ਡੂੰਘੀ ਸੱਟ ਮਾਰਗੀ- ਧਰਮਪ੍ਰੀਤ

ਇਹਨਾਂ ਤੋਂ ਇਲਾਵਾ ਤੋਂ ਹੋਰ ਵੀ ਗਾਇਕਾਂ ਨੇ ਉਹਨਾਂ ਦੇ ਗੀਤ ਗਾਏ ਹਨ।ਉਹਨਾਂ ਦੇ ਗੀਤਾਂ ਚੋਂ ਪੰਜਾਬੀਅਤ, ਸੱਭਿਆਚਾਰ, ਸਮਾਜਿਕ ਕਦਰਾਂ ਕੀਮਤਾਂ, ਪਰਿਵਾਰਕ ਰਿਸ਼ਤਿਆਂ ਦਾ ਮੋਹ, ਸਿਆਣਿਆਂ ਦਾ ਕਿਹਾ ਕੌੜਾ ਸੱਚ, ਪਿਆਰ, ਵਿਛੋੜਾ ਆਦਿ ਦੀ ਝਲਕ ਪੈਂਦੀ ਹੈ।

ਦੱਸਣਯੋਗ ਹੈ ਕਿ ਉਸਤਾਦ ਹਾਕਮ ਬਖਤੜੀ ਤੂੰਬੀ ਦੇ ਮਾਹਰ ਹਨ।ਪੁਰਾਣੇ ਰਿਕਾਰਡ ਐਲ ਪੀ ਗੀਤਾਂ ਚ ਤੂੰਬੀ ਉਹਨਾਂ ਨੇ ਵਜਾਈ ਹੈ।

ਉਹਨਾਂ ਨੇ ਦਲਜੀਤ ਕੌਰ ਨਾਲ ਜੀਵਨ ਸਾਥ ਦੀਆਂ ਚਾਰ ਲਾਵਾਂ ਲੈਕੇ ਅਤੇ ਜਸਵੰਤ ਭੰਵਰਾ ਜੀ ਤੋਂ ਸੰਗੀਤ ਦੀ ਸਿੱਖਿਆ ਗ੍ਰਹਿਣ ਕਰਕੇ ਗਾਇਕੀ ਦੇ ਖੇਤਰ ਚ ਕਦਮ ਰੱਖਿਆ ਤਾਂ ਪਹਿਲੇ ਹੀ ਐਲ ਪੀ ਰਿਕਾਰਡ "ਗੱਡੀ ਓਪਰੀ ਚਲਾਉਣੀ ਛੱਡਤੀ ਨੀ ਜਦੋਂ ਦਾ ਟਰੱਕ ਲੈ ਲਿਆ" ਨੇ ਉਸਨੂੰ ਗਾਇਕੀ ਦੇ ਖੇਤਰ ਦੀਆਂ ਮੂਹਰਲੀਆਂ ਸਫਾਂ ਚ ਲਿਆ ਕੇ ਖੜ੍ਹਾ ਕਰ ਦਿੱਤਾ। ਬੱਸ ਫਿਰ ਉਹਨਾਂ ਪਿੱਛੇ ਮੁੜ ਕੇ ਨਹੀਂ ਦੇਖਿਆ। ਦੋ ਬੇਟੀਆਂ ਅਤੇ ਇੱਕ ਬੇਟੇ ਦੀ ਛਾਇਆ ਇਸ ਦੋਗਾਣਾ ਗਾਇਕ ਜੋੜੀ ਹਾਕਮ ਬਖਤੜੀ ਅਤੇ ਦਲਜੀਤ ਕੌਰ ਨੇ ਸੈਂਕੜੇ ਗੀਤ ਰਿਕਾਰਡ ਕਰਕੇ ਪੰਜਾਬੀ ਅਮੀਰ ਪੰਜਾਬੀ ਵਿਰਾਸਤ ਦਾ ਹਿੱਸਾ ਬਣਾਏ ਹਨ।

"ਅੱਖ ਭੁੱਲ ਕ ਲੜਾਈ ਵੇ ਵੇ ਡਰਾਇਵਰਾ"
"ਆਟੇ ਵਾਲੀ ਚੱਕੀ"
"ਠੇਕੇ ਤੋਂ ਲਿਆਉਣਾ ਪੈਂਦਾ ਚੱਕ ਕੇ"
"ਸਣੇ ਕਾਗਜ ਗੱਡੀ ਦੇ ਫੋਟੋ ਤੇਰੀ"

ਆਦਿ ਉਹਨਾਂ ਰਿਕਾਰਡ ਦੋਗਾਣੇ ਵਰਣਨਯੋਗ ਹਨ। ਪੰਜਾਬੀ ਰਵਾਇਤੀ ਪਹਿਰਾਵੇ ਤੁਰਲੇ ਵਾਲੀ ਪੱਗ ਬੰਨ ,ਕੁੜਤਾ ਚਾਦਰਾ ਨਾਲ ਇਹ ਗਾਇਕ ਜੋੜੀ ਜਦੋਂ ਅਖਾੜੇ ਦੀ ਸਟੇਜ ਤੇ ਆਉਂਦੀ ਹੈ ਤਾਂ ਪੰਜਾਬ ਦੇ ਪੁਰਾਣੇ ਦਿਨ ਯਾਦ ਕਰਾ ਦਿੰਦੀ ਹੈ। ਇਸ ਜੋੜੀ ਦੀਆਂ ਬੇਟੀਆਂ ਬਾਲੀਵੁੱਡ ਚ ਅਦਾਕਾਰ ਹਨ।ਉਹਨਾਂ ਦੀ ਖਾਸੀਅਤ ਇਹ ਹੈ ਕਿ ਉਹਨਾਂ ਕਦੇ ਆਪਣੇ ਗੀਤ ਦੇ ਪੈਸੇ ਨਹੀਂ ਅਤੇ ਨਾਂ ਹੀ ਕਿਸੇ ਗੀਤਕਾਰ ਤੋਂ ਗੀਤ ਗਾਉਣ ਦੇ ਪੈਸੇ ਲਏ ਹਨ।

ਉਹਨਾਂ ਪੰਜਾਬ ਤੋਂ ਬਾਹਰ ਪੂਰੇ ਭਾਰਤ ਅਤੇ ਕੇਨੇਡਾ ਚ ਚਾਰ ਫੇਰੀਆਂ ਦੌਰਾਨ ਆਪਣੀ ਗਾਇਕ ਕਲਾ ਦੇ ਜੌਹਰ ਦਿਖਾਏ ਹਨ।

ਅੱਜਕਲ੍ਹ ਉਹ ਆਪਣੇ ਨਵੇਂ ਦੋਗਾਣਾ ਗੀਤ "ਸੰਗ ਲੱਗਦੀ ...." ਨਾਲ ਚਰਚਾ ਹਨ।ਇਸ ਗੀਤ ਨੂੰ ਬਿੰਦਰ ਮੀਰਪੁਰੀਆ ਨੇ ਲਿਖਿਆ ਹੈ ਅਤੇ ਇਸ ਨੂੰ ਸੰਗੀਤ ਦਵਿੰਦਰ ਕੈਂਥ ਨੇ ਦਿੱਤਾ ਹੈ। ਪਤੀ ਪਤਨੀ ਦੀ ਨੋਕਝੋਕ ਨੂੰ ਦਰਸਾਉਂਦੇ ਇਸ ਪਰਿਵਾਰਕ ਅਤੇ ਸੱਭਿਆਚਾਰਕ ਗੀਤ ਨੂੰ ਪ੍ਰੋਡਿਊਸਰ ਰਾਜੇਸ਼ ਗਰਗ ਅਤੇ ਵਾਈਟ ਗੋਲਡ ਮਿਊਜਿਕ ਨੇ ਮਾਣ ਨਾਲ ਰਿਲੀਜ਼ ਕੀਤਾ ਹੈ। ਇਸ ਗੀਤ ਨੂੰ ਅਖਾੜੇ ਚ ਫਿਲਮਾਇਆ ਗਿਆ ਹੈ। ਗਾਇਕੀ ਦੀ ਬਾਬਾ ਬੋਹੜ ਇਸ ਜੋੜੀ ਨੂੰ ਇਸ ਗੀਤ ਲਈ ਦੇਸ਼ ਵਿਦੇਸ਼ ਤੋਂ ਬਹੁਤ ਪਿਆਰ ਮਿਲ ਰਿਹਾ ਹੈ।

# A TRIBUTE TO THE INDIGENOUS PEOPLE OF INDIA ON 'INTERNATIONAL INDIGENOUS PEOPLES DAY'

## RECOGNISED AS SUCH BY THE UNITED NATIONS

**A Simplified brief history of thousands of years of anti-humanism in India... reveals who are the indigenous people of India.**

**-By Shekhar Bodhakar**

**THE REAL UTOPIA:**

Over three (some say four, some five) thousand years ago, the land then known as Jambu-Dvipa, also pronounced Jambudeep, now the Indian subcontinent incorporated the Harrapan and Indus Valley civilisations (IVC). This was a naturally mineral rich, fertile and peaceful land. It was progressive because there was equality, liberty and fraternity amongst the Jambu-Dvipa nivasis, the indigenous people of Jambu-Dvipa.

We conclude this from the archaeological find from these civilisations where surprisingly no weapons whatsoever were found. (Ref. Sept 2016 issue of 'The New Scientist'- The Real Utopia).

All dwellings were of similar size. People were free to chase their dreams. No wonder it was the most scientifically, socially and morally advanced and creative civilisation in millennia. This was when the rest of mankind lived in comparatively uncivilised, war mongering societies who watched animals tear people apart for entertainment.

The peaceful Jambudvipians, the natives of Jambu Dvipa, now called the MULNIVASIS of India, never planned for effective security against an alien invasion. They probably didn't even know they existed and therefore didn't feel the need to do so.

(NOTE: The word 'Mulnivasi' is not a proper noun. I.e., is not a name given to a person of any group of people but is a common noun which means 'native' or an 'indigenous person')

The current state of affairs in the same land of Jambu Dvipa, modern day India with parts in Pakistan, is obviously not as peaceful and progressive as it was in the golden period of IVC. WHAT HAPPENED?

It can only mean that:

EITHER Those original inhabitants, the indigenous people of modern India did not want to, or did not like to live in peace & security and instead preferred mayhem

OR Their peace and way of life was disrupted as a result of invasions.

Overwhelming evidence by the 'Hindu' and Non Hindu scholars indicate the later. The invasions occurred over a period of time. It wasn't a one-off invasion.



AFTER THE INVASION:

The invaders, irrespective of where they came from (origin debateable), did in Jambu-Dvipa what was considered the norm in that era. They looted, oppressed, committed atrocities of unimaginable magnitude and controlled ALL aspects of the natives' lives. They became the rulers, the lawmakers, the powerful new masters.

To ensure their dominance and hegemony, they sealed the fate of the invaded for millennia by devising a hierarchical system of slave labour, from which they believed, would be impossible to escape for they would ingrain it in the psyche of the Mulnivasis. This was the evil caste system. This system of control that Dr BR Ambedkar called 'the system of graded degradation, is to this day the most dominant deciding factor in shaping peoples' lives.

A certain proportion of the Mulnivasis could not be made to and did NOT fall prey to the vile caste system, not because they resisted but simply because they were out of sight and were either nomads or lived in dense forests and mountains. Other Mulnivasis who did not want to become the 'oppressed and down-trodden' fled and joined them out of desperation.

A special term, Adivasi/s, was coined by Thakkar Bapra in 1930 for the purpose of classification to describe these escapees and forest dwellers who weren't given a caste.

Many of those who were nomads left the area and travelled to Eastern Europe. Romanian gypsies trace their roots to these Nomads.

The natives left behind were either labelled 'Acchut' or 'Ati-Acchut' along with other Mulnivasis. They were the outcasts considered to be untouchables. They weren't even worth assigning a caste to. Nor was it worth keeping them as slaves for, then there would be that risk of physical touch.

The Jambu-Dvipa invaders were the initiators of anti-humanism on a gigantic scale never witnessed in history before, giving rise to the LONGEST SURVIVING SINISTER SYSTEM OF SOCIAL CONTROL IN HISTORY. Even today most of the global population, including scholars are unaware of this stealth system of anti humanism and have failed to recognise it as such.

The invasion of Jambu-Dvipa resulted in TWO FACTIONS of people living in the same land:

1. The original Jambu-Dvipa nivasis, now known as THE MULNIVASIS (which includes the newly coined term, Adivasi)

AND

2. The invaders. THE MANUVADIS (Manuvadi: Supporters of societal laws as laid out in the Manusmriti, an ancient Indian scroll containing a stringent law-code attributed to its author, the Brahmin Manu)


**-Shekhar Bodhakar**

**(Jai Bhim, Jai Bharat, Jai Mulnivasi)**

# ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਰੈਡੀਨੈਸ ਪੁਸਤਕ ਦਾ ਮਹੱਤਵ

ਅਸੀਂ ਭਲੀ ਭਾਂਤ ਜਾਣਦੇ ਹਾਂ ਕਿ ਵਰਤਮਾਨ ਮੁਕਾਬਲੇ ਦੇ ਯੁੱਗ ਵਿੱਚ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਨੂੰ ਸਫ਼ਲਤਾ ਦਾ ਸੁਆਦ ਚਖਣ ਦੇ ਲਈ ਤਿਆਰ ਬਰ ਤਿਆਰ ਰਹਿਣਾ ਪੈਂਦਾ ਹੈ। ਸਧਾਰਨ ਤਿਆਰੀ ਦੇ ਨਾਲ ਅਜਿਹੀਆਂ ਪ੍ਰੀਖਿਆਵਾਂ ਵਿੱਚ ਪਾਸ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ। ਜਿੰਦਗੀ ਵਿੱਚ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੇ ਲਈ ਵਿਦਿਆਰਥੀਆਂ ਨੂੰ ਕੜੀ ਮਿਹਨਤ ਕਰਨ ਦੀ ਜਰੂਰਤ ਹੁੰਦੀ ਹੈ।ਉਂਝ ਇਮਤਿਹਾਨ ਸ਼ਬਦ ਬੱਚਿਆਂ ਦੇ ਲਈ ਕੋਈ ਨਵਾਂ ਨਹੀਂ ਹੈ।ਵਿਦਿਆ ਪ੍ਰਾਪਤ ਕਰਦੇ ਹੋਏ ਉਹ ਕਈ ਤਰ੍ਹਾਂ ਦੇ ਪੇਪਰ ਜਿਵੇਂ ਸਲਾਨਾ, ਹਫਤਾਵਰੀ, ਐਫ ਏ ਵਨ, ਐਫ ਏ ਟੂ, ਐਸ ਏ ਵਨ, ਐਸ ਏ ਟੂ, ਤਿਮਾਹੀ, ਛਿਮਾਹੀ, ਰੋਜ਼ਾਨਾ ਕਲਾਸ ਟੈਸਟ ਵਿੱਚੋਂ ਗੁਜ਼ਰਦੇ ਹਨ।ਪਰ ਜਦੋਂ ਅਸੀਂ ਪ੍ਰਤਿਯੋਗੀ ਪ੍ਰੀਖਿਆਵਾਂ ਦੀ ਗੱਲ ਕਰਦੇ ਹਾਂ ਤਾਂ ਮੁਕਾਬਲਾ ਵੱਡੇ ਪੱਧਰ ਤੇ ਹੁੰਦਾ ਹੈ। ਇਹਨਾਂ ਵਿੱਚ ਸਫ਼ਲਤਾ ਪ੍ਰਾਪਤ ਕਰਨ ਦੇ ਲਈ ਇੱਕ ਵਿਸ਼ੇਸ ਕਿਸਮ ਦੀ ਤਿਆਰੀ ਕਰਨੀ ਪੈਂਦੀ ਹੈ ਜਿਸ ਵਿੱਚ ਗਿਆਨ ਭਰਪੂਰ ਕਿਤਾਬਾਂ ਪੜ੍ਹਨਾ, ਸਮਾਂ ਸਾਰਣੀ, ਅਧਿਆਪਕ ਦਾ ਸਹਿਯੋਗ, ਸੁਖਾਵੇ ਮਾਹੌਲ ਦਾ ਹੋਣਾ, ਦੁਹਰਾਈ ਦਾ ਕੰਮ ਆਦਿ ਅਤਿਅੰਤ ਲੋੜੀਦਾ ਹੈ।

ਅੰਕੜੇ ਦੱਸਦੇ ਹਨ ਕਿ ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹਨ ਵਾਲੇ ਬੱਚੇ ਅਕਸਰ ਹੀ ਪ੍ਰਤਿਯੋਗੀ ਪ੍ਰੀਖਿਆਵਾਂ ਵਿੱਚ ਫ਼ਾਡੀ ਰਹਿ ਜਾਂਦੇ ਹਨ। ਪਰ ਹੁਣ ਇਸ ਮਸਲੇ ਨੂੰ ਸਰਕਾਰ ਨੇ ਬੜੀ ਹੀ ਗੰਭੀਰਤਾ ਦੇ ਨਾਲ ਲਿਆ ਹੈ।ਸਟੇਟ ਕਾਊ ਆਫ ਐਜੂਕੇਸ਼ਨਲ ਰਿਸਰਚ ਐਡ ਟਰੇਨਿੰਗ ਮੁਹਾਲੀ ਨੇ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਤਹਿਤ ਬੱਚਿਆਂ ਦੇ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸਫਲਤਾ ਦੀ ਦਰ ਵਧਾਉਿੰਣ ਦੇ ਮੰਤਵ ਨੂੰ ਲੈ ਕੇ ਸਮਾਜਿਕ




ਵਿਗਿਆਨ ਵਿਸ਼ੇ ਦੇ ਲਈ ਰੈਡੀਨੈਸ ਪੁਸਤਿਕਾ ਜਾਰੀ ਕਰਦੇ ਹੋਏ ਇੱਕ ਵਧੀਆ ਉਦਮ ਕੀਤਾ ਹੈ।ਇਸ ਪੁਸਤਕ ਦੀ ਵੰਡ ਹਰ ਅਪਰ ਪ੍ਰਾਇਮਰੀ ਸਕੂਲਾਂ ਵਿੱਚ ਬਿਲਕੁਲ ਮੁਫ਼ਤ ਹੋ ਚੁੱਕੀ ਹੈ ਜੋ ਕਿ ਬੱਚਿਆਂ ਦੇ ਲਈ ਬੜੀ ਹੀ ਲਾਭਕਾਰੀ ਸਿੱਧ ਹੋ ਰਹੀ ਹੈ। ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਲਈ ਪ੍ਰਤਿਯੋਗੀ ਪੁਸਤਕ ਦਾ ਆਰੰਭ ਅੱਠਵੀਂ ਸ੍ਰੇਣੀ ਤੋਂ ਹੀ ਹੋ ਜਾਂਦਾ ਹੈ ਜਿਵੇਂ ਕਿ ਰਾਸ਼ਟਰੀ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ, ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਆਦਿ ਪ੍ਰਮੁੱਖ ਹਨ। ਵਿਭਾਗ ਦੇ ਆਦੇਸਾਂ ਅਨੁਸਾਰ ਸਮੁੱਚਾ ਅਧਿਆਪਕ ਵਰਗ ਇਹਨਾਂ ਪ੍ਰੀਖਿਆਵਾਂ ਦੀ ਤਿਆਰੀ ਰੈਡੀਨੈਸ ਪੁਸਤਕ ਦੇ ਰਾਹੀਂ ਛੇਵੀਂ, ਸੱਤਵੀਂ ਦੇ ਵਿਦਿਆਰਥੀਆਂ ਨੂੰ ਵੀ ਕਰਵਾ ਰਹੇ ਹਨ ਜਦਕਿ ਪੇਪਰ ਵਿੱਚ ਉਹਨਾਂ ਨੇ ਅੱਠਵੀਂ ਕਲਾਸ ਜਾਂ ਉਸ ਤੋਂ ਬਾਅਦ ਹੀ ਬੈਠਣਾ ਹੁੰਦਾ ਹੈ। ਇਸ ਕਦਮ ਨਾਲ ਸਫਲਤਾ ਦਰ ਦੇ ਵਾਧੇ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿਉਂ ਜੋ ਬੱਚਿਆਂ ਨੂੰ ਐਡਵਾਸ ਵਿੱਚ ਹੀ ਇਹਨਾਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਈ ਜਾ ਰਹੀ ਹੈ। ਸ੍ਰੀਮਤੀ ਹਰਪ੍ਰੀਤ ਕੌਰ, ਸਟੇਟ ਪ੍ਰੋਜੈਕਟ ਕੋਆਰਡੀਨੇਟਰ (ਅੰਗਰੇਜੀ / ਸਮਾਜਿਕ ਵਿਗਿਆਨ) ਐਸ ਸੀ ਆਈ ਅਤੇ ਉਹਨਾਂ ਦੀ ਸਮੁੱਚੀ ਟੀਮ ਇਸ ਉਪਰਾਲੇ ਦੇ ਲਈ ਵਧਾਈ ਦੀ ਹੱਕਦਾਰ ਹੈ।

ਰੈਡੀਨੈੱਸ ਪੁਸਤਕ ਦੇ ਆਉਂਣ ਨਾਲ ਜਿੱਥੇ ਵਿਦਿਆਰਥੀਆਂ ਦੇ ਸਮਾਜਿਕ ਵਿਗਿਆਨ ਵਿਸ਼ੇ ਵਿੱਚ ਰੁਚੀ ਦਾ ਵਾਧਾ ਹੋ ਰਿਹਾ ਹੈ ਉੱਥੇ ਹੀ ਉਹਨਾਂ ਦੇ ਅੰਦਰ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਬੈਠਣ ਦੇ ਡਰ ਦਾ ਖਾਤਮਾ, ਬੌਧਿਕ ਵਿਕਾਸ, ਮਾਨਸਿਕ ਵਿਕਾਸ, ਪੇਪਰ ਨੂੰ ਸਹੀ ਸਮੇਂ ਤੇ ਖਤਮ ਕਰਨ ਦਾ ਅਭਿਆਸ, "ਐਮ ਆਰ ਸ਼ੀਟ ਨੂੰ ਭਰਨਾ, ਅਧਿਆਪਕ ਅਤੇ ਵਿਦਿਆਰਥੀ ਰਿਸ਼ਤਿਆਂ ਦਾ ਸੁਖਾਵਾ ਬਣਨਾ, ਆਰਥਿਕ ਵਿਕਾਸ, ਹਦਾਇਤਾਂ ਬਾਰੇ ਜਾਣਕਾਰੀ ਆਦਿ ਬਾਰੇ ਗਿਆਨ ਹੋਇਆ ਹੈ। ਪੁਸਤਕ ਵਿੱਚ ਰਾਸ਼ਟਰੀ ਮੀਨਜ਼- ਕਮ-ਮੈਰਿਟ ਸਕਾਲਰਸ਼ਿਪ , ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਦੇ ਪਿਛਲੇ ਸਾਲ ਦੌਰਾਨ ਆਏ ਪ੍ਰਸ਼ਨ ਪੱਤਰ, ਨਮੂਨੇ ਦੇ ਪ੍ਰਸ਼ਨ ਪੱਤਰ, ਪ੍ਰਸ਼ਨ ਬੈਕ ਆਦਿ ਦਰਜ਼ ਹਨ। ਇਸ ਦੁਆਰਾ ਕੀਤੀ ਗਈ ਤਿਆਰੀ ਬੱਚਿਆਂ ਨੂੰ ਭਵਿੱਖ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਕਾਮਯਾਬ ਹੋਣ ਲਈ ਮਦਦ ਕਰੇਗੀ।



ਚਮਨਦੀਪ ਸ਼ਰਮਾ
+91-95010-33005

ਨਿਰਸੰਦੇਹ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਪ੍ਰਤਿਯੋਗੀ ਪ੍ਰੀਖਿਆਵਾਂ ਵਿੱਚ ਸਫਲਤਾ ਹਾਸਿਲ ਕਰਨ ਦੇ ਲਈ ਰੈਡੀਨੈਸ ਪੁਸਤਕ ਅਤਿ ਲਾਭਕਾਰੀ ਹੈ। ਇਹ ਸਮਾਜ ਦੇ ਅੰਦਰ ਸਰਕਾਰੀ ਸਕੂਲਾਂ ਦੇ ਪ੍ਰਤਿ ਇੱਕ ਵਧੀਆ ਸੁਨੇਹਾ ਲੈ ਕੇ ਜਾ ਰਹੀ ਹੈ। ਜੇਕਰ ਇਸ ਤਰ੍ਹਾਂ ਦੇ ਹੋਰ ਕ੍ਰਾਂਤੀਕਾਰੀ ਫੈਸਲੇ ਲਏ ਜਾਂਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਲੱਗਦਾ ਜਦ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਸਾਡੇ ਬੱਚੇ ਮੁੜ ਸਰਕਾਰੀ ਸਕੂਲਾਂ ਵਿੱਚ ਵਾਪਸ ਪਰਤ ਆਉਣਗੇ।

# ਦਿੱਲੀ ਨਹੀ ਉੱਜੜਦੀ

ਆਪ ਨਹੀਂ ਉੱਜੜਦੀ
ਦਿੱਲੀ ਉਜਾੜਦੀ ਹੈ
ਨਿੱਕੇ ਵੱਡੇ ਪਿੰਡ
ਘਰ ਦਰ ਬੂਹੇ ਚੰਨੇ।
ਕਿੱਲਿਉਂ ਖੋਲ੍ਹ ਦਿੰਦੀ ਹੈ
ਡੰਗਰ ਵੱਛੇ
ਆਵਾਰਾ ਸਿਆਸਤਦਾਨਾਂ ਦੇ
ਚਰਨ ਲਈ
ਚਰਾਂਦ ਬਣਦੀ ਹੈ।
ਦਿੱਲੀ ਕਿੱਥੇ ਉੱਜੜਦੀ ਹੈ?

ਦਿੱਲੀ ਸਿਰਫ਼ ਖ਼ਸਮ ਬਦਲਦੀ ਹੈ
ਸਵਾਦ ਬਦਲਦੀ ਹੈ ਜਿਸਮਾਂ ਦੇ
ਭਟਕਦੀ ਫਿਰਦੀ ਦਰ ਦਰ ਆਵਾਰਾ।
ਤਖ਼ਤ ਤੇ ਬਹਿਣ ਦਾ ਚੋਗਾ ਪਾਕੇ
ਉੱਡਣੇ ਪੁੱਡਣੇ ਸ਼ਿਕਾਰੀ
ਪਿੰਜਰੇ ਪਾ ਲੈਂਦੀ ਹੈ।
ਸੁਪਨਿਆਂ ਦਾ ਹੋਕਾ ਦੇਂਦੀ ਹੈ
ਵੇਚਦੀ ਵੱਟਦੀ ਕੱਖ ਵੀ ਨਹੀਂ
ਬੜੀ ਚੰਟ ਹੈ ਦਿੱਲੀ ਖੇਖਣਹਾਰੀ।

ਇਸ ਦੀਆਂ ਇੱਟਾਂ ਨਾ ਵੇਖੋ
ਨੀਅਤ ਪਰਖੋ
ਨਜ਼ਰ ਕਿੱਥੇ ਹੈ
ਤੇ ਨਿਸ਼ਾਨਾ ਕਿਤੇ ਹੋਰ।
ਮਹਾਂ ਭਾਰਤ ਤੋਂ ਤੁਰਦੀ ਤੁਰਦੀ
ਭਾਰਤ ਤੇ ਅੱਪੜੀ
ਹੁਣ ਫੇਰ ਕੂਚੀਆਂ ਚੁੱਕੀ ਫਿਰਦੀ ਹੈ
ਹਰ ਕੂਚੇ ਦੇ ਮੱਥੇ
ਹਿੰਦੋਸਤਾਨ ਲਿਖਣ ਲਈ।

ਪੁਰਾਣੇ ਕਿਲ੍ਹੇ ਕੋਲ ਗਵਾਚਿਆ ਫਿਰਦੈ
ਸਾਡਾ ਪਿੰਡ ਇੰਦਰਪ੍ਰਸਥ।
ਮਾਲਕ ਪਾਂਡਵ ਪਾਂਡੀ ਬਣ ਗਏ ਨੇ
ਰੇਲਵੇ ਸਟੇਸ਼ਨ ਤੇ।
ਮਰ ਚੱਲੇ ਨੇ ਪੰਡਾਂ ਢੋਂਦੇ ਢੋਂਦੇ।

ਹਮਾਯੂੰ ਕਿਲ੍ਹੇਦਾਰ ਨਹੀਂ ਹੁਣ
ਮਕਬਰੇ ਚ ਕੈਦ ਹੈ
ਬਣਿਆ ਫਿਰਦਾ ਸੀ
ਵੱਡਾ ਸ਼ਹਿਨਸ਼ਾਹ।

ਦਿੱਲੀ ਜੇ ਆਪ
ਸੱਤ ਵਾਰ ਉੱਜੜੀ
ਇਸ ਨੇ ਸਾਨੂੰ ਵੀ
ਸੈਂਕੜੇ ਵਾਰ ਉਜਾੜਿਐ।
ਇਹ ਤਾਂ ਫੇਰ ਵੱਸ ਜਾਂਦੀ ਹੈ
ਸੁਪਨ ਖਾਣੀ ਛਨਾਰ।
ਲਗੜਾ ਤੈਮੂਰ ਹੋਵੇ ਜਾਂ ਨਾਦਰ
ਫਰੰਗੀਆਂ ਤੀਕ ਲੰਮੀ ਕਤਾਰ
ਅੱਥਰੇ ਘੋੜਿਆਂ ਦੀ
ਮਿੱਧਦੇ ਫਿਰੇ ਜੋ ਰੀਝਾਂ ਪਰੁੱਚਾ
ਫੁਲਕਾਰੀ ਜਿਹਾ ਦੇਸ।

ਹੁਣ ਵੀ ਭਟਕਦੀਆਂ ਰੂਹਾਂ
ਨਹੀਂ ਟਿਕਦੀਆਂ।

ਔਰੰਗਜ਼ੇਬ ਕਬਰ ਚੋਂ ਉੱਠ ਕੇ
ਅੱਧੀ ਰਾਤੀਂ ਵੀ ਹੂਟਰ ਵਜਾ ਕੇ ਲੰਘਦੈ
ਸਾਡੀ ਨੀਂਦ ਦਾ ਵੈਰੀ
ਪਤਾ ਨਹੀਂ ਕਾਹਦੇ ਲਈ
ਗਲੀਆਂ ਕੱਛਦਾ ਫਿਰਦਾ ਹੈ?
ਉੱਜੜੇ ਬਾਗਾਂ ਦਾ ਪਟਵਾਰੀ।

ਲਾਲ ਕਿਲ੍ਹੇ ਦੀ ਫਸੀਲ
ਕੁਫ਼ਰ ਸੁਣ ਸੁਣ ਅੱਕ ਥੱਕ ਗਈ ਹੈ
ਪੁਰਾਣੀਆਂ ਕਿਤਾਬਾਂ ਓਹੀ ਸਬਕ
ਸਿਰਫ਼ ਜੀਭ ਬਦਲਦੀ ਹੈ।

ਝੁੱਗੀਆਂ ਵਿਕਦੀਆਂ ਹਨ
ਦੋ ਮੁੱਠ ਆਟੇ ਬਦਲੇ
ਜ਼ਮੀਰਾਂ ਦੀ ਮੰਡੀ ਚ
ਨੀਲਾਮ ਕੁਰਸੀਆਂ
ਆਪਣਾ ਜਿਸਮ ਨਹੀਂ ਵੇਚਦੀਆਂ ਹੁਣ
ਨਵੇਂ ਖੁੱਲੇ ਸੱਤਾ ਦੇ ਜੀ ਬੀ ਰੋਡ ਤੇ
ਇਖ਼ਲਾਕ ਵੇਚਦੀਆਂ ਹਨ।

ਕੁਰਬਾਨੀਆਂ ਵਾਲੇ ਪੁੱਛਦੇ ਹਨ
ਕੌਣ ਹਨ ਇਹ ਟੋਡੀ ਬੱਚੇ?
ਰਾਏ ਬਹਾਦੁਰ, ਸਰਦਾਰ ਬਹਾਦੁਰ
ਕਿਰਪਾਨ ਬਹਾਦਰ ਕਿੱਧਰ ਗਏ?
ਜਵਾਬ ਮਿਲਦੈ
ਸਾਡੇ ਦਰਬਾਨ ਹਨ ਬੂਹਿਆਂ ਤੇ ।

ਦਿਲ ਤੇ ਦਿੱਲੀ ਫੇਰ ਉੱਜੜਦੀ ਹੈ
ਜਦ ਸੁਣਦੀ ਹੈ ਸੜਿਆ ਜਵਾਬ
ਜਿੰਨ੍ਹਾਂ ਦੇ ਗਲਮੇ ਚ
ਬਲਦੇ ਹਾਰ ਨੇ ਟਾਇਰਾਂ ਦੇ।
ਰਾਜ ਬਦਲੇ ਨਹੀਂ ਹਾਲੇ ਡਾਇਰਾਂ ਦੇ
ਦਿੱਲੀ ਕਦੋਂ ਉੱਜੜਦੀ ਹੈ?
ਇਹ ਤਾਂ ਉਜਾੜਦੀ ਹੈ ਬਾਗਾਂ ਦੇ ਬਾਗ
ਉੱਲੂ ਹਵਾਂਕਦੇ ਨੇ
ਚਿਹਰੇ ਬਦਲ ਬਦਲ

ਬਿਰਖ਼ ਡੋਲਦਾ ਹੈ
ਧਰਤ ਕੰਬਦੀ ਹੈ
ਪਰ ਉੱਜੜਦੇ ਅਸੀਂ ਹੀ ਕਿਉਂ ਹਾਂ?
ਦਿੱਲੀ ਤਾਂ ਫੇਰ ਨਵਾਂ ਖ਼ਸਮ ਕਰ ਲੈਂਦੀ ਹੈ।
ਵਿਧਵਾ ਬਸਤੀ ਇਨਸਾਫ਼ ਲਈ
ਤਰੀਕਾਂ ਭੁਗਤਦੀ ਨਿਭ ਚੱਲੀ ਹੈ।
ਅੱਥਰੂਆਂ ਤੇ ਹੌਕਿਆਂ ਦੇ ਵਣਜਾਰੇ
ਚੋਣਾਂ ਵੇਲੇ ਵੇਚ ਲੈਂਦੇ ਹਨ ਸਿਵੇ
ਫੇਰ ਤਖ਼ਤ ਤੇ ਬਹਿੰਦਿਆਂ ਭੁੱਲ ਜਾਂਦੇ ਨੇ
ਬੁੱਢੀ ਮਾਂ ਦੀ ਅੱਖ ਲਈ ਦਾਰੂ
ਬੀਮਾਰ ਵਿਧਵਾ ਧੀ ਲਈ ਦਵਾਈ ਬੂਟੀ
ਉੱਜੜੇ ਮਨਾਂ ਲਈ ਦਿੱਲੀ
ਤਖ਼ਤ ਨਹੀਂ ਤਖ਼ਤਾ ਹੈ
ਜਿੱਥੇ ਫਾਹੇ ਲੱਗਦੇ ਨੇ
ਹੁਣ ਵੀ ਸੁਨਹਿਰੇ ਖ਼ਾਬ।
ਦਿੱਲੀ ਨਹੀਂ ਉੱਜੜਦੀ
ਸਿਰਫ਼ ਉਜਾੜਦੀ ਹੈ।

**ਗੁਰਭਜਨ ਗਿੱਲ**
**91- 98726 31199**

# ਫਸਾਦ

**ਸੋਹਣ ਸਿੰਘ ਮੀਸ਼ਾ ਦੀ ਕਵਿਤਾ**

ਸ਼ਹਿਰ ਕੋਈ ਵੀ ਹੋਵੇ
ਭਵੰਡੀ, ਮੇਰਠ ਜਾਂ ਨਾਗਪੁਰ
ਪੱਜ ਕੋਈ ਵੀ ਹੋਵੇ
ਮਸਜਿਦ ਦੇ ਗੁੰਬਦ ਤੋਂ ਉੱਚਾ ਵਾਜੇ ਦਾ ਸ਼ੋਰ
ਪਿੱਪਲ ਦੇ ਟਾਹਣੇ ਤੋਂ ਉੱਚਾ ਤਾਜੀਆਂ ਦਾ ਜਲੂਸ
ਗਊ ਮਾਤਾ ਦੀ ਰੱਖਿਆ
ਬੱਚਿਆਂ ਦਾ ਪਤੰਗ ਲੁੱਟਣ ਤੇ ਝਗੜਾ
ਜਾਂ ਕੋਈ ਹੋਰ
ਪਹਿਲਾਂ ਹੀ ਤਿਆਰ ਹੁੰਦੇ ਨੇ ਛੁਰੇ ਬਰਛੇ ਪਸਤੌਲ ਤੇ ਦਸਤੀ ਬੰਬ।

ਸ਼ਹਿਰ ਕੋਈ ਵੀ ਹੋਵੇ
ਪੱਜ ਕੋਈ ਵੀ ਹੋਵੇ
ਧਰਮ ਨਿਰਪਖਤਾ ਦਾ ਤਕਾਜ਼ਾ ਹੈ
ਫਿਰਕਿਆਂ ਦਾ ਨਾ ਲੈਣਾ ਠੀਕ ਨਹੀਂ
ਇੱਕੋ ਤਰ੍ਹਾਂ ਛਪਦੀ ਹੇ ਵਾਰਦਾਤ ਦੀ ਖ਼ਬਰ
ਜਿਸਨੂੰ ਪੜ੍ਹਕੇ ਦੁਖ ਹੋਣਾ
ਅੱਖਾਂ ਚੋਂ ਅੱਥਰੂ ਟਪਕਣਾ
ਜਾਂ ਖ਼ੂਨ ਖੌਲਣਾ ਤਾਂ ਕਿਤੇ ਰਿਹਾ
ਹੁਣ ਤਾਂ ਇਹਨਾਂ ਵਿਚੋਂ ਕੁਝ ਵੀ ਨਾ ਹੋਣ ਤੇ
ਸ਼ਰਮ ਵੀ ਨਹੀਂ ਆਉਂਦੀ

ਮੈਂ ਜਾਣਦਾ ਹਾਂ
ਸਰਕਾਰੀ ਅੰਕੜਿਆਂ
ਅਖ਼ਬਾਰੀ ਅੰਦਾਜ਼ਿਆਂ
ਤੇ ਮਰਨ ਵਾਲਿਆਂ ਦੀ ਅਸਲ ਗਿਣਤੀ ਵਿਚ ਕਿਨਾ ਫਰਕ ਹੁੰਦਾ ਹੈ.
ਕੁਝ ਦਿਨ ਬੇਹਿੱਸ ਜਹੀ ਬਹਿਸ ਹੋਏਗੀ
ਕਰੜੇ ਅਨੁਸਾਸ਼ਨ ਬਾਰੇ
ਨਿਰਪੱਖ ਪ੍ਰਸਾਸ਼ਨ ਬਾਰੇ
ਇੱਕ ਦੂਜੇ ਦੀ ਗੱਲ ਸਮਝਣ ਤੇ ਸਹਿਣ ਬਾਰੇ
ਮਿਲ ਜੁਲ ਕੇ ਰਹਿਣ ਬਾਰੇ।

ਅਦਾਲਤੀ ਪੜਤਾਲ ਸ਼ੁਰੂ ਹੋਣ ਤੇ
ਹੜਤਾਲ ਖੁਲ੍ਹ ਜਾਏਗੀ
ਪੜਤਾਲ ਦੀ ਰਿਪੋਟ ਲਿਖੀ ਜਾਣ ਤੀਕ
ਬਹੁਤ ਸਾਰੇ ਲੋਕਾਂ ਨੂੰ
ਕਿੰਝ ਕਦ ਹੋਈ
ਵਾਰਦਾਤ ਭੁਲ ਜਾਏਗੀ
ਉਦੋਂ ਤਕ ਹੋਰ ਬਹੁਤ ਕੁਝ ਹੋਇਆ ਹੋਏਗਾ
ਕਿਸੇ ਹੋਰ ਸ਼ਹਿਰ ਵਿਚ
ਕਿਸੇ ਹੋਰ ਪੱਜ ਹੇਠ।

**(ਪ੍ਰੋ ਪਰਬਿੰਦਰ ਸਿੰਘ ਵੱਲੋਂ ਭੇਜੀ ਗਈ ਕਵਿਤਾ)**

# ਹੰਕਾਰਿਆ ਸੋ ਮਾਰਿਆ!

ਭੁੱਲ ਦੀਨ ਈਮਾਨ ਕਾਨੂੰਨ ਕਾਇਦੇ
ਕਰੀਆਂ ਮਰਜੀਆਂ ਜੜ੍ਹਾਂ ਵਿਚ ਬਹਿੰਦੀਆਂ ਨੇ।

ਕਿੱਲਾ ਆਕੜ ਦਾ ਧੌਣ ਵਿਚ ਹਾਕਮਾਂ ਦੇ
ਸੂਹ ਦਿੰਦਾ ਕਿ ਨੇੜੇ ਹੀ 'ਢਹਿੰਦੀਆਂ' ਨੇ।

'ਪੋਤੇ ਦੀਆਂ' ਵੀ ਆ ਹੀ ਜਾਂਦੀਆਂ ਨੇ
ਲੰਮਾ ਚਿਰ ਨਾ 'ਦਾਦੇ ਦੀਆਂ' ਰਹਿੰਦੀਆਂ ਨੇ।

'ਹੱਥਾਂ ਨਾਲ' ਜੋ ਦਿੱਤੀਆਂ ਹੋਣ ਯਾਰੋ
'ਨਾਲ ਦੰਦਾਂ' ਦੇ ਖੋਲ੍ਹਣੀਆਂ ਪੈਂਦੀਆਂ ਨੇ।

ਕੱਢੇ ਹੁੰਦੇ ਨੇ ਤੱਥ ਸਿਆਣਿਆਂ ਦੇ
ਜੋ ਕਹਾਵਤਾਂ ਸਦੀਆਂ ਤੋਂ ਕਹਿੰਦੀਆਂ ਨੇ।

ਹੋਣ ਉਡਦੀਆਂ ਅੱਧ ਅਸਮਾਨ ਭਾਵੇਂ
ਚੜ੍ਹੀਆਂ ਗੁੱਡੀਆਂ ਆਖਰ ਨੂੰ ਲਹਿੰਦੀਆਂ ਨੇ।



ਤਰਲੋਚਨ ਸਿੰਘ ਦੁਪਾਲਪੁਰ
001-408-915-1268

# ਪੁਰਖੇ ਸੀ ਕੰਮ ਦੇ ਆਸਿਕ

ਧੁੱਪਾਂ ਵਿੱਚ ਸੜਦੇ ਸੀ
ਖੱਬਲਾਂ ਦੀ ਜੜ ਤੱਕ ਜਾਂਦੇ
ਵੱਟਾਂ ਨੂੰ ਘੜਦੇ ਸੀ
ਨਰਮੇ ਦੀ ਖੇਤੀ ਉੱਤੇ
ਰੱਖਕੇ ਸੀ ਆਸਾਂ ਬਹਿੰਦੇ
ਕੱਟਣੇ ਲਈ ਸਿਖਰ-ਦੁਪਹਿਰੇ
ਟਾਹਲੀ ਦੀ ਛਾਵੇਂ ਪੈਂਦੇ
ਕੋਰੇ ਜੇ ਤੌੜੇ ਵਿੱਚੋਂ
ਪਾਣੀ ਦੀਆਂ ਘੁੱਟਾਂ ਭਰਕੇ
ਸਾਧਾਂ ਦੇ ਬਾਣੇ ਜਿਹੀਆਂ
ਪੀਂਦੇ ਸੀ ਚਾਹਾਂ ਕਰਕੇ
ਕਸੀਏ ਦੇ ਦਾਤਾਂ ਦੇ ਨਾਲ
ਗੁੱਡਦੇ ਸੀ ਖੇਤਾਂ ਨੂੰ



ਕਾਮਿਆਂ ਤੋਂ ਕੌਣ ਲੁਕੋਵੇ
ਧਰਤੀ ਦੇ ਭੇਤਾਂ ਨੂੰ
ਖੱਦਰ ਦੇ ਕੁੜਤੇ ਵਿੱਚੋਂ
ਮੁੜਕੇ ਦੇ ਪਾਣੀ ਡੁੱਲੇ
ਮਿਹਨਤ ਵੀ ਮਿੱਟੀ ਹੋਗੀ
ਕਰਜੇ ਦੇ ਬੱਦਲ ਝੁੱਲੇ
ਬਾਪੂ ਦੇ ਸਾਂਭੇ ਦੁੱਖ ਨੇ
ਬਰਕੈਨਾਂ ਤੇ ਡੇਕਾਂ ਨੇ
ਫਸਲਾਂ ਨੂੰ ਕੀੜੇ ਖਾਗੇ
ਖਾਲੇ ਜੱਟ ਸੇਠਾਂ ਨੇ"

**- ਬਿੰਦਰ ਮਾਨ**
**91-94645-37646**

# ਆਜ਼ਾਦੀ ਦੇ ਪ੍ਰਵਾਨੇ

ਪੰਜਾਬ ਦੇ ਪਿੰਡਾਂ 'ਚੋਂ, ਪਿੰਡ ਖਟਕੜ ਕਲਾਂ ਮਸ਼ਹੂਰ ਏ,
ਪੰਜਾਬ ਦੇ ਪੰਜ ਸ਼ਹੀਦਾਂ ਦਾ, ਵੱਖਰਾ ਹੀ ਪੂਰ ਏ।

ਹਿੰਦੁਸਤਾਨ ਦੀ ਆਜ਼ਾਦੀ ਖਾਤਰ ਜਾਨਾਂ ਕੁਰਬਾਨ ਕੀਤੀਆਂ,
ਭਗਤ ਸਿੰਘ, ਸੁਖਦੇਵ, ਰਾਜਗੁਰੂ, ਕਾਰਤ, ਊਧਮ ਦੇ ਬੁੱਤਾਂ ਤੇ ਨੂਰ ਏ।



ਚੜ੍ਹਦੀ ਜਵਾਨੀ 'ਚ ਇਨ੍ਹਾਂ, ਆਜ਼ਾਦੀ ਲਈ ਸਹੁੰਆਂ ਖਾਧੀਆਂ,
ਫਿਰ ਸਹੁੰਾਂ ਪੁਗਾਈਆਂ ਤਾਂ ਪਿਆ ਆਜ਼ਾਦੀ ਨੂੰ ਬੂਰ ਏ।

ਸਭ ਤੋਂ ਘੱਟ ਉਮਰਦਾ ਸਰਾਬਾ ਸੀ ਜੋ ਫਾਂਸੀ ਲੱਗਿਆ,
ਸਭ ਤੋਂ ਵੱਧ ਉਮਰ ਦਾ ਊਧਮ, ਲੰਡਨ 'ਚ ਬਦਲਾ ਮਸ਼ਹੂਰ ਏ।

ਸਾਰੀ ਦੁਨੀਆਂ 'ਤੇ ਹਿੰਦੁਸਤਾਨ. ਚਮਕਦੇ ਨੇ ਸਿਤਾਰੇ ਪਰ,
ਪੰਜਾਬੀਆਂ ਦਾ ਜੱਗ 'ਤੇ, ਚੜ੍ਹਦੀ ਕਲਾ ਵਾਲਾ ਦਸਤੂਰ ਏ।

1952 'ਚ ਨਹਿਰੂ, 1974 'ਚ ਇੰਦਰਾ- ਜੈਲ ਸਿੰਘ ਗਏ ਖਟਕੜੀਂ,
ਤਿੰਨਾਂ ਨੇ ਹੀ ਕਿਹਾ ਸੀ ਕਿ ਭਗਤ ਸਿੰਘ ਪੰਜਾਬੀ ਸ਼ੇਰ ਏ।

ਮੈਨੂੰ ਤਾਂ ਉਂਝ ਵੀ ਬੜਾ ਫਕਰ ਹੈ, ਖਟਕੜ ਕਲਾਂ ਉਤੇ,
ਇਹ ਪਿੰਡ ਮੇਰੇ ਸ਼ਹਿਰ ਬੰਗਾ ਤੋਂ, ਦੋ ਕਿਲੋਮੀਟਰ ਦੂਰ ਏ।

ਅਮਰੀਕਾ 'ਚ ਵੱਸਦੇ ਹਾਂ, ਉਨ੍ਹਾਂ ਦੀਆਂ ਕੁਰਬਾਨੀਆਂ ਸਦਕੇ,
'ਕਮਲ' ਗਦਰੀ ਬਾਬਿਆਂ ਨੇ ਵੀ, ਦਿੱਤਾ ਆਜ਼ਾਦੀ ਦਾ ਸਰੂਰ ਏ।

**ਕਮਾਲ ਬੰਗਾ, ਸੈਕਰਾਮੈਂਟੋ**
**916-897-8570**

# ਡਾਨਸੀਵਾਲ ਦੀ ਪੁਸਤਕ 'ਟੁੱਟੇ ਵਿਸ਼ਵਾਸ ਦੀ ਪੀੜ' ਸਤੰਬਰ ਦੇ ਪਹਿਲੇ ਹਫ਼ਤੇ ਹੋਵੇਗੀ ਰਿਲੀਜ਼

**ਅਲਾਵਲਪੁਰ (ਮਦਨ ਬੰਗੜ)-** ਪ੍ਰਸਿੱਧ ਲੇਖਕ ਅਤੇ ਸਪਤਾਹਿਕ ਸੈਲਾਬ ਦੇ ਮੁੱਖ ਸੰਪਾਦਕ ਨਰਿੰਦਰ ਡਾਨਸੀਵਾਲ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 7 ਸਾਲ ਬਾਅਦ ਉਨ੍ਹਾਂ ਦੀ ਪੁਸਤਕ ਠਟੁੱਟੇ ਵਿਸ਼ਵਾਸ ਦੀ ਪੀੜਠ ਸਤੰਬਰ ਦੇ ਪਹਿਲੇ ਹਫ਼ਤੇ ਰਿਲੀਜ਼ ਕੀਤੀ ਜਾ ਰਹੀ ਹੈ ਇਸ ਪੁਸਤਕ ਵਿੱਚ ਉਨ੍ਹਾਂ ਵੱਲੋਂ ਰੋਜ਼ਾਨਾ ਅਜੀਤ ਅਤੇ ਸਪਤਾਹਿਕ ਸੈਲਾਬ ਵਿੱਚ ਛਪੇ ਸਕੈਂਡਲ ਜੋ ਕਿ



ਨਰਿੰਦਰ ਡਾਨਸੀਵਾਲ ਵਲੋਂ ਲਿਖੇ ਗਏ ਸਨ ,ਦੇ ਕਰਕੇ ਪੁਲਸ ਅਫਸਰਾਂ ਜਗੀਰਦਾਰਾਂ ਅਤੇ ਐਸਡੀਐਮ ਵਰਗੇ ਉੱਚ ਅਹੁਦਿਆਂ ਤੇ ਬੈਠੇ ਲੋਕਾਂ ਵੱਲੋਂ ਵੱਖ ਵੱਖ ਅਦਾਲਤਾਂ ਵਿੱਚ ਮਾਣਹਾਨੀ ਦੇ ਕਰੀਬ 19 ਕੇਸ ਕੀਤੇ ਗਏ ਸਨ ਨੂੰ ਵੇਰਵਿਆਂ ਸਹਿਤ ਇਸ ਪੁਸਤਕ ਵਿੱਚ ਦਰਜ ਕੀਤਾ ਗਿਆ ਹੈ ਇਸ ਪੁਸਤਕ ਵਿੱਚ ਲੇਖਕ ਨਾਲ ਉਸ ਦੇ ਆਪਣਿਆਂ ਵੱਲੋਂ ਕੀਤੇ ਵਿਸ਼ਵਾਸਘਾਤ ਦੀਆਂ ਕਹਾਣੀਆਂ ਨੂੰ ਵੀ ਵਿਸਥਾਰ ਨਾਲ ਦਰਜ ਕੀਤਾ ਗਿਆ ਹੈ ਨਰਿੰਦਰ ਡਾਨਸੀਵਾਲ ਦੀ ਇਹ ਪੁਸਤਕ ਅਨੇਕਾਂ ਸਚਾਈਆਂ ਬਿਆਨ ਕਰਦੀ ਹੋਈ ਪਾਠਕਾਂ ਦੇ ਦਿਲਾ ਵਿੱਚ ਆਪਣੀ ਵੱਖਰੀ ਹੀ ਛਾਪ ਛੱਡੇਗੀ ਇਸ ਪੁਸਤਕ ਵਿੱਚ ਸਾਰੇ ਹੀ ਪਾਤਰਾਂ ਦੇ ਨਾਂ ਅਤੇ ਥਾਂ ਅਸਲੀ ਹੀ ਦਰਜ ਕੀਤੇ ਗਏ ਹਨ ਇੱਥੇ ਜ਼ਿਕਰਯੋਗ ਹੈ ਕਿ ਲੇਖਕ ਵੱਲੋਂ ਪਹਿਲਾਂ ਵੀ ਨੌਂ ਪੁਸਤਕਾਂ ਪਾਠਕਾਂ ਦੀ ਝੋਲੀ ਵਿੱਚ ਪਾਈਆਂ ਗਈਆ ਸਨ ਜਿਨ੍ਹਾਂ ਨੇ ਪੁਸਤਕ ਖੇਤਰ ਵਿੱਚ ਆਪਣਾ ਵੱਖਰਾ ਹੀ ਮੁਕਾਮ ਹਾਸਿਲ ਕੀਤਾ

# ਪ੍ਰਵਾਸੀ ਭਾਰਤੀ ਪੱਤਰਕਾਰ ਤੇ ਸਾਹਿਤਕਾਰ ਹਰਜੀਤ ਬਾਜਵਾ ਦਾ ਲੋਕ ਸਾਹਿਤ ਸੰਗਮ ਵਲੋਂ ਸਨਮਾਨ

**ਰਾਜਪੁਰਾ (ਡਾ ਗੁਰਵਿੰਦਰ ਅਮਨ)-** ਅਜੋਕੇ ਸਮੇਂ ਸਾਹਿਤ ਹੀ ਸਮਾਜ ਨੂੰ ਸਹੀ ਸੇਧ ਦੇ ਸਕਦਾ ਹੈ ਕਿਉਂਕਿ ਸਾਹਿਤਕਾਰ ਆਮ ਲੋਕਾਂ ਦੀ ਪੀੜਾਂ ਨੂੰ ਸਹੀ ਢੰਗ ਨਾਲ ਉਜਾਗਰ ਕਰਦਾ ਹੈ ਅਤੇ ਸਾਹਿਤ ਦਾ ਗਿਆਨ ਰੱਖਣ ਵਾਲਾ ਚੰਗਾ ਪੱਤਰਕਾਰ ਸਾਬਿਤ ਹੋ ਸਕਦਾ ਹੈ। ਇਹ ਗੱਲ ਕਨੇਡਾ ਦੇ ਟਰਾਂਟੋ ਵਾਸੀ ਪੱਤਰਕਾਰ ਹਰਜੀਤ ਬਾਜਵਾ ਨੇ ਲੋਕ ਸਾਹਿਤ ਸੰਗਮ ਰਾਜਪੁਰਾ ਦੀ ਇਕ ਸਾਹਿਤ ਸਭਾ ਵਿਚ ਰੋਟਰੀ ਕਲੱਬ ਦੇ ਹਾਲ ਵਿਚ ਵਿਸ਼ੇਸ਼ ਬੈਠਕ ਵਿਚ ਆਖੇ। ਸਾਹਿਤ ਸੰਗਮ ਪਿਛਲੇ 31 ਸਾਲ ਤੋਂ ਸਾਹਿਤ ਸਿਰਜਣਹਾਰਿਆਂ ਦੀ ਨੁਮਾਇੰਦਗੀ ਕਰਦਾ ਆ ਰਿਹਾ ਹੈ। ਇਸ ਮੌਕੇ ਸਾਹਿਤਕ ਮਾਹੌਲ ਨੂੰ ਸਿਰਜਦੀਆਂ ਪ੍ਰੋ ਸ਼ਤਰੁਘਨ ਗੁਪਤਾ ਦੀ ਨਜ਼ਮ 'ਮੈ ਅੰਮ੍ਰਿਤ ਕਹਾਂ ਸੇ ਲਾਉ 'ਸੁਣਾਈ। ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ 'ਗੁਰੂ ਰਾਮਦਾਸ ਤੇਰੇ ਨਾਂਅ ਤੇ ਅਸੀਂ ਕਿੰਨੇ ਪੁੰਨ ਕਮਾਉਂਦੇ ਹਾਂ 'ਸੁਣਾਕੇ ਰੰਗ ਬੰਨਿਆ। ਕਰਮ ਸਿੰਘ ਹਕੀਰ ਨੇ 'ਤੁਰੀ ਚੱਲ ਸੱਜਣਾ ' ਅਤੇ ਕੁਲਵੰਤ ਸਿੰਘ ਜੱਸਲ ਦੀ ਕਵਿਤਾ 'ਹੁਣ ਤਾਂ ਮਿਤਰੋ ਸੱਭਿਆਚਾਰ ਦੀਆਂ ਗੱਲਾਂ ਰਹਿ ਗਈਆਂ। ਪ੍ਰੋ ਭੁਪਿੰਦਰ ਸ਼ਾਹੀ ਨੇ 'ਉੱਠ ਕਬਰਾਂ ਵਿੱਚੋ ਆ ਨੀ ਅੰਮੀਏ 'ਸੁਣਾਕੇ ਸ਼ਰੋਤਿਆਂ ਨੂੰ ਗੰਭੀਰ ਕਰ ਦਿੱਤਾ। ਬਚਨ ਸਿੰਘ ਬਚਨ ਸੋਢੀ ਨੇ 'ਸਿੱਖੀ ਦਾ ਬਗੀਚਾ 'ਬੁਲੰਦ ਆਵਾਜ਼ ਵਿਚ ਸੁਣਾਇਆ। ਅਵਤਾਰ ਪੁਆਰ ਦੀ ਗ਼ਜ਼ਲ 'ਸਾਰੇ ਦਿਨ 'ਤੇ ਮੌਸਮ ਦੀ ਪੈ ਮਾਰ ਗਈ 'ਬਹੁਤ ਖੂਬਸੂਰਤ ਸੀ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਕਵਿਤਾ 'ਮੈ ਇਸ ਮਿੱਟੀ ਦਾ ਜਾਇਆ ਹਾਂ' ਸੁਣਾਕੇ ਚੰਗਾ ਰੰਗ ਬੰਨਿਆ। ਡਾ ਹਰਜੀਤ ਸਿੰਘ ਸੱਧਰ ਨੇ ਮਧੂਰ ਆਵਾਜ਼ ਵਿਚ ਗੀਤ 'ਹੰਝੂਆਂ ਭਿੱਜਿਆ ਮੌਸਮ ਸੁਣਾਕੇ ਮਾਹੌਲ ਸਿਰਜ ਦਿੱਤਾ। ਹਰਬੰਸ ਸਿੰਘ ਅਹੂਜਾ ਨੇ ਸੁਰੀਲੀ ਅਵਾਜ ਵਿਚ ਗੀਤ ਸੁਣਾਇਆ। ਮਾਸਟਰ ਸੁਨੀਲ ਕੁਮਾਰ ਜੋਸ਼ੀ, ਸ਼ਰਤ ਚੰਦਰ ਅਤਰੇ "ਭਾਵੁਕ 'ਅੰਗਰੇਜ ਕਲੇਰ, ਹਰਜੀਤ ਬਾਜਵਾ, ਜਾਨੀ ਜ਼ਿਰਕਪੁਰੀਆ, ਗੁਰਦੇਵ ਸਿੰਘ ਸੈਣੀ, ਬਲਦੇਵ ਸਿੰਘ ਖੁਰਾਣਾ ਵਿਜੈ ਸੈਣੀ, ਹਰਪਰਮੀਤ ਸਿੰਘ, ਸਨਪ੍ਰੀਤ ਸਿੰਘ, ਹਰਬੰਸ ਸਿੰਘ ਬੂਹਾ, ਥਾਣੇਦਾਰ ਰਵਿੰਦਰ ਕ੍ਰਿਸ਼ਨ, ਅਮਰਜੀਤ ਸਿੰਘ ਲੂਬਾਣਾ, ਗੁਰਵਿੰਦਰ ਆਜ਼ਾਦ ਦੀਆਂ ਰਚਨਾਵਾਂ ਕਾਬਲੇ ਤਾਰੀਫ ਸਨ। ਇਸ ਵਾਰ ਆਜ਼ਾਦੀ ਦਿਵਸ ਮੌਕੇ ਤਹਿਸੀਲ ਪੱਧਰ ਤੇ ਸਨਮਾਨਿਤ ਅੰਗਰੇਜ ਕਲੇਰ ਨੂੰ ਅਤੇ ਪ੍ਰਵਾਸੀ ਭਾਰਤੀ ਪੱਤਰਕਾਰ ਤੇ ਲੇਖਕ ਹਰਜੀਤ ਬਾਜਵਾ ਨੂੰ ਸੰਗਮ ਵਲੋਂ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਬਲਦੇਵ ਸਿੰਘ ਖੁਰਾਣਾ ਨੇ ਆਪਣੇ ਵਿਅੰਗਮਈ ਤੇ ਸ਼ਾਇਰਾਨਾ ਢੰਗ ਨਾਲ ਸਟੇਜ ਦੀ ਕਾਰਵਾਈ ਬਖ਼ੂਬੀ ਨਿਭਾਈ।






# Thinking of Buying or Selling Houses or Businesses within Sacramento to Bay Area?

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




2 bdrm, 2.0 full bath
1,116 sq ft
Lot size: 436
Current Rent: $1450.00
Listing Price: $149,000




3 bdrm, 1.0 full bath
1,000 sq ft
Lot size: 5,998
Listing Price: $259,000




4 bdrm, 2.0 full bath
1,596 sq ft
Lot size: 6,098
Listing Price: $289,900




3-4 bdrm, 2.0 full bath
1,492 sq ft
Lot size: 6,469
Listing Price: $299,000




5 bdrm, 2.5 full bath
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




4 Bedroom, 2 Bathroom
1,659 sq ft
2 Car Garage,
Listing Price: $389,900




3 Bedroom, 2 Bathroom
1,629 sq ft
2 Car Garage
Listing Price: $345,000




4 Bedroom, 2 Bathroom
2,070 sq ft
2 Car Garage
Listing Price: $409,000




4 Bedroom, 2 Bathroom
2,191 sq ft
3 Car Garage
Listing Price: $462,900




BERKSHIRE HATHAWAY
Home Services

# Buying or Selling Hotels and Gas Stations? Call Now- 916-271-5404

# OFFICE: 7412 ELSIE AVE., SACRAMENTO, CA 95828


UNITED SPORTS CLUB CALIFORNIA, AMERICA
14TH WORLD KABADDI CUP
16 SEPTEMBER 2018, SUNDAY
(09:00am - 06pm)
(James Logan High School
1800 H Street, Union City, California 94587)
Chief Guest
Sant Sewa Singh Ji Khadoor Sahib Wale
Amolak Singh Gakhal
Chief Patron, United Sports Club
Makhan Singh Bains Chairman
Iqbal Singh Gakhal Vice Chairman
Balvir Singh Bhatia President
Palwinder Singh Gakhal Director
Jugraj Singh Sahota Vice President
S. Ashok Bhaura Gen. Sec & Media Incharge
Pinki Atwal Director
Sadhu Singh Khlaur Advisor
Narinder Singh Sahota Treasurer
Makhan Singh Dhaliwal Director
ਤੀਰਥ ਗਾਖਲ
ਰੰਗ ਕਬੱਡੀ ਦੇ
Dalwinder Padda Director
Natha Singh Gakhal Advisor
Debi Sohal Sidhwan Dona Director
Inderjit Thind
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwiner Singh Gakhal Director
Harjinder Ladhar Director
Arundeep Singh
Honor With Gold Medals
Major Gakhal
Kindu Ramidi
Lakha Gazipuria
Opening
Surjit Singh Tutt
Mike Boparai
Jaspreet Singh Attorney
Major Singh Bains
Harduman Singh (Billa Sanghera)
Sponsor of 1st Prize
DIAMOND TRANSPORTATION
Gulwinder Gakhal, Pinki Atwal & Neki Atwal of Diamond Trucking
Sponsor of 2nd Prize
Jugraj Singh Sahota & Narinder Singh Sahota of Sahota Family
(Dedicated to Sweet Memory of Late. Kashmir Singh Sahota)
Sponsor of Under-25 First Prize
Sponsored byTakhar faimly in memory of late santokh s Takhar Apna punjab& Northern California club
Guest Of Honor
Jagir Singh Sabzi Mandi
Mani Grewal
Tarlochan S Lasher (Team Owner)
Shaba Thiara (Team Owner)
Baljit S sandhu (Team Owner)
Vicky Sammipuria (Team Owner)
Tari (Team Owner)
Pamna Deol (Team Owner)
Sewa Singh Randhawa (Team Owner)
Kulwant Singh Nijjar
Kulwant Singh Khaira
Randhir Singh Nijjar
Balwinder S Virk
Rana Dhillon
Sewa S Sidhu
Amarjit Samra
Sarabjit Deol
Dr. Baljinder Singh Grewal
Balwinder walia
Jaswant singh Hothi
Gurdip Singh Gakhal
Nirmal Singh Sahota
StarKabaddi Players who will participate in World Kabaddi Cup
Mangi Bagga Pind
Pala Jalalpur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Rubi Harkhowal
Jairo
Arsh Chohla
Arshi Preetam
Yadha Surkhpur
Channa Bhetan
Lakha Cheema
Pali Chhanna
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Taja Kala Sanghian
Gurpreet Burj Hari
Johny Gill
Daljit Saunspur
Sethi Harkhowal
Jagga Randhawa
Navi Johal
Kabaddi Clubs will participate
1. Sher-E-Punjab Sports Club, Loss Bennis (Lachhar Bro)
2. Royal Kings U.S.A (Shabba Thiara)
3. Mid West Kabaddi team (Viky Samipuria & Tari)
4. Bay Area Sports Club (Baljit Sandhu)
5. Canada Kabaddi Team (Pamma Deol & Sewa Singh Randhawa)
Under-25 Teams
1. United Sports Club
2. Yuba Brothers
3 Khalsa Sports Club, Yuba City
4. Shaheed Baba Deep Singh Sports Club, SA
With Support of United Sports Club, Raja Sweets, Gurdwara Fremont, San Jose, Stockton and Singh Sabha Milpitas will served tea Pakoura and Guru Ke Langar
Media In charge World Kabaddi Cup
S. Ashok Bhaura
Phone: 510 415 3315, Email: ashokbhaura@gmail.com
COMENTATORS
* Asha Sharma *Iqbal Galib
* Makhan Ali *Surjit Kakrari
All Kabaddi Lovers openly Inivited
Spectators have to reach at James Logan High School, International Law of Kabaddi will apply., United Sports Club has reserve the right for last decisions